Punjabi Parwaz

# ਪੰਜਾਬੀ ਪਰਵਾਜ਼

ਅੰਕ 64ਵਾਂ (ਸ਼ਿਕਾਗੋ): 25 ਅਕਤੂਬਰ ਤੋਂ 07 ਨਵੰਬਰ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


## ਬੰਦੀਛੋੜ ਦਿਵਸ ‘ਤੇ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਉੱਠੀ

*ਭਾਜਪਾ ਅਤੇ ‘ਆਪ’ ਆਗੂਆਂ ਵੱਲੋਂ ਵੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ

**ਜਸਵੀਰ ਸਿੰਘ ਸ਼ੀਰੀ**

ਬੰਦੀਛੋੜ ਦਿਵਸ ਮੌਕੇ ਦੁਨੀਆਂ ਭਰ ਦੀਆਂ ਨਾਨਕ ਲੇਵਾ ਸੰਗਤਾਂ ਨੂੰ ਸੰਦੇਸ਼ ਦਿੰਦਿਆਂ ਬਾਦਲ ਦਲ ਵੱਲੋਂ ਨਿਯੁਕਤ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਉਮਰ ਕੈਦਾਂ ਤੋਂ ਕਿਤੇ ਜ਼ਿਆਦਾ ਸਜ਼ਾ ਭੁਗਤ ਚੁੱਕੇ ਜੇਲ੍ਹਾਂ ਵਿੱਚ ਬੰਦ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਮੌਕੇ ਉਨ੍ਹਾਂ ਬਿਖ਼ਰੀ ਹੋਈ ਸਿੱਖ ਸਿਆਸੀ ਸ਼ਕਤੀ ਨੂੰ ਵੀ ਏਕਾ ਕਰਨ ਦੀ ਅਪੀਲ ਕੀਤੀ ਹੈ। ਜਥੇਦਾਰ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਕੀਤੀ ਹੈ। ਦੇਸ਼ ਦੀਆਂ ਵੱਖੋ-ਵੱਖ ਜੇਲ੍ਹਾਂ ਵਿੱਚ ਰਹਿ ਕੇ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮੁੱਦਾ ਵਿਸ਼ੇਸ਼ ਤੌਰ ‘ਤੇ ਚੁੱਕਿਆ ਜਾ ਰਿਹਾ ਹੈ।

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਨੂੰ ਭਾਜਪਾ ਦੇ ਇੱਕ ਸੀਨੀਅਰ ਆਗੂ ਆਰ.ਪੀ. ਸਿੰਘ ਅਤੇ ‘ਆਪ’ ਆਗੂ ਕੁਲਦੀਪ ਸਿੰਘ ਧਾਲੀਵਾਲ ਨੇ ਵੀ ਚੁੱਕਿਆ ਹੈ। ਵੱਖ-ਵੱਖ ਪੰਥਕ ਸੰਗਠਨਾਂ ਨੇ ਵੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੋਰਟ ਦੇ



*ਭੁੱਲਰ ਦੀ ਰਿਹਾਈ ਲਈ ਮਾਹੌਲ ਬਣਿਆ

ਫੈਸਲੇ ਤੋਂ ਬਾਅਦ ਪ੍ਰੋ. ਭੁੱਲਰ ਦੀ ਰਿਹਾਈ ਲਈ ਭਾਵੇਂ ਇਹ ਦੇਰ ਨਾਲ ਉੱਠੀ ਆਵਾਜ਼ ਹੈ, ਪਰ ਅਸੀਂ ਮੰਗ ਕਰਦੇ ਹਾਂ ਕਿ ਪ੍ਰੋ. ਭੁੱਲਰ ਦੀ ਪੱਕੀ ਰਿਹਾਈ ਹੋਵੇ। ਇੱਥੇ ਜ਼ਿਕਰਯੋਗ ਹੈ ਕਿ ਘੱਟਗਿਣਤੀ ਕਮਿਸ਼ਨ ਦੇ ਸਾਬਕਾ

⇒ ਬਾਕੀ ਸਫਾ 13 ਉਤੇ ਪੜ੍ਹੋ

## ਪੰਜਾਬ ਤੇ ਹਰਿਆਣਾ ਦੇ ਪੁਲਿਸ ਅਫਸਰਾਂ ’ਤੇ ਸਾੜ੍ਹਸਤੀ

**ਪੰਜਾਬੀ ਪਰਵਾਜ਼ ਬਿਊਰੋ**

■ ਹਰਿਆਣਾ ਦੇ ਦੋ ਪੁਲਿਸ ਅਫਸਰਾਂ ਵੱਲੋਂ ਖੁਦਕੁਸ਼ੀ

■ ਮੁਹੰਮਦ ਮੁਸਤਫਾ ਦੇ ਬੇਟੇ ਦੀ ਭੇਦਭਰੀ ਹਾਲਤ ‘ਚ ਮੌਤ

ਲੰਘੇ ਕੁਝ ਦਿਨਾਂ ਤੋਂ ਪੰਜਾਬ ਤੇ ਹਰਿਆਣਾ ਦੇ ਪੁਲਿਸ ਅਫਸਰਾਂ ਖਿਲਾਫ ਸਾੜ੍ਹਸਤੀ ਚੱਲ ਰਹੀ ਹੈ। ਇਸ ਸਾਰੇ ਕੁਝ ਦਾ ਕਾਰਨ ਤੇ ਕੋਈ ਇੱਕ ਨਹੀਂ, ਪਰ ਇਹ ਗੱਲ ਕਿਸੇ ਨਾ ਕਿਸੇ ਤਰ੍ਹਾਂ ਸਾਫ ਹੋ ਰਹੀ ਹੈ ਕਿ ਸਾਡੇ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵਿੱਚ ਫੈਲਿਆ ਅੰਤਾਂ ਦਾ ਭ੍ਰਿਸ਼ਟਾਚਾਰ ਹੁਣ ਆਪਣੇ ਆਪ ਨੂੰ ਸੁਰੱਖਿਅਤ ਸਮਝਣ ਵਾਲੀ ਐਲੀਟ ਕਿਸਮ ਦੀ ਅਫਸਰਸ਼ਾਹੀ ਨੂੰ ਵੀ ਪ੍ਰਭਾਵਤ ਕਰਨ ਲੱਗਾ ਹੈ। ਇਸ ਦੇ ਨਾਲ ਹੀ ਸਾਡੇ ਸਮਾਜ ’ਚ ਫੈਲੀ ਜਾਤੀ ਕਿਸਮ ਦੀ ਪਾਟੋਧਾੜ ਵੀ ਭ੍ਰਿਸ਼ਟ ਸੱਭਿਆਚਾਰ ਨਾਲ ਲਿਪਟ-ਵਿਲਟ ਕੇ ਆਪਣਾ ਨਾਂਹਮੁਖੀ ਪ੍ਰਭਾਵ ਛੱਡ ਰਹੀ ਹੈ।

ਇਸੇ ਮਹੀਨੇ ਦੇ ਪਹਿਲੇ ਅੱਧ ਵਿੱਚ ਹਰਿਆਣਾ ਪੁਲਿਸ ਦੇ ਇੱਕ ਸੀਨੀਅਰ ਪੁਲਿਸ ਅਫਸਰ ਵਾਈ ਪੂਰਨ ਕੁਮਾਰ ਨੇ ਖੁਦਕੁਸ਼ੀ ਕਰ ਲਈ ਸੀ। ਉਨ੍ਹਾਂ ਆਪਣੇ ਖੁਦਕੁਸ਼ੀ ਨੋਟ ਵਿੱਚ 10 ਸੀਨੀਅਰ ਅਫਸਰਾਂ ਵੱਲੋਂ ਉਸ ਨੂੰ ਜਾਤੀ ਆਧਾਰ ‘ਤੇ ਤੰਗ ਪ੍ਰੇਸ਼ਾਨ ਕਰਨ ਬਾਰੇ ਨੋਟ ਲਿਖ ਕੇ ਆਤਮ ਹੱਤਿਆ ਕੀਤੀ। ਉਸ ਦੀ ਲਾਸ਼ ਹਾਲੇ ਮੋਰਚਰੀ ਵਿੱਚ ਹੀ ਪਈ ਸੀ ਕਿ ਰੋਹਤਕ ਸਾਈਬਰ ਸੈਲ ਦੇ ਇੱਕ ਏ.ਐਸ.ਆਈ. ਸੰਦੀਪ ਕੁਮਾਰ ਨੇ ਪੂਰਨ ਕੁਮਾਰ ‘ਤੇ ਗੰਭੀਰ ਰੂਪ ਵਿੱਚ ਭ੍ਰਿਸ਼ਟ ਹੋਣ ਦੇ ਦੋਸ਼ ਲਾਉਂਦਿਆਂ ਖੁਦਕੁਸ਼ੀ ਕਰ ਲਈ। ਉਨ੍ਹਾਂ ਆਪਣੇ ਖੁਦਕੁਸ਼ੀ ਨੋਟ ਵਿੱਚ ਖੁਦ ਨੂੰ ਇਸ ਕੇਸ ਵਿੱਚ ਲਪੇਟੇ ਜਾਣ ਦਾ ਖਦਸ਼ਾ ਜ਼ਾਹਰ ਕੀਤਾ। ਖੁਦਕੁਸ਼ੀ ਕਰਨ ਤੋਂ ਪਹਿਲਾਂ ਸੰਦੀਪ ਕੁਮਾਰ ਨੇ ਪੂਰਨ ਕੁਮਾਰ ਦੀ ਪਤਨੀ ਅਵਨੀਤ ਕੁਮਾਰ ‘ਤੇ ਵੀ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਹਨ।

ਇਸੇ ਤਰ੍ਹਾਂ ਪੰਜਾਬ ਦੇ ਸੀਨੀਅਰ ਸਾਬਕਾ ਪੁਲਿਸ ਅਫਸਰ ਮੁਹੰਮਦ ਮੁਸਤਫਾ ਦੇ ਬੇਟੇ ਐਡਵੋਕੇਟ ਅਕੀਲ ਅਖ਼ਤਰ ਦੀ ਨਸ਼ੇ ਵਾਲੀ ਦਵਾਈ ਦੀ ਜ਼ਿਆਦਾ ਮਾਤਰਾ ਲਏ ਜਾਣ ਕਾਰਨ ਮੌਤ ਹੋ ਗਈ, ਇਸ ਨੂੰ ਵੀ ਇੱਕ ਤਰ੍ਹਾਂ ਨਾਲ ਖੁਦਕੁਸ਼ੀ ਹੀ ਸਮਝਿਆ ਜਾ ਰਿਹਾ ਹੈ। ਅਕੀਲ ਨੇ ਮਰਨ ਤੋਂ ਕੁਝ ਦਿਨ ਪਹਿਲਾਂ ਆਪਣੀ ਇੱਕ ਵੀਡੀਓ ਯੂ.ਟਿਊਬ ‘ਤੇ ਪਾਈ ਸੀ, ਜਿਸ ਵਿੱਚ ਉਸ ਨੇ ਆਪਣੇ ਪਿਤਾ ਮੁਹੰਮਦ ਮੁਸਤਫਾ ‘ਤੇ ਦੋਸ਼ ਲਾਏ ਕਿ ਉਸ ਦੇ ਆਪਣੀ ਨੂੰਹ (ਅਕੀਲ ਦੀ ਪਤਨੀ) ਨਾਲ ਜਿਸਮਾਨੀ ਰਿਸ਼ਤੇ ਹਨ। ਮੁਹੰਮਦ ਮੁਸਤਫਾ ਦਾ ਇਹ ਵਕੀਲ ਮੁੰਡਾ ਇਸ ਵੀਡੀਓ ਵਿੱਚ ਜ਼ਿੰਦਗੀ ਤੋਂ ਇੱਕ ਤਰ੍ਹਾਂ ਨਾਲ ਹਾਰਿਆ ਹੋਇਆ ਅਤੇ ਬੇਹੱਦ ਉਦਾਸ ਨਜ਼ਰ ਆਇਆ।

ਪਹਿਲਾਂ ਜੇ ਹਰਿਆਣਾ ਪੁਲਿਸ ਦੇ ਖੇਮੇ ਵਿੱਚ ਵਾਪਰੀਆਂ ਘਟਨਾਵਾਂ ‘ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਪੂਰਨ ਕੁਮਾਰ ਦੀ ਖੁਦਕੁਸ਼ੀ ਦਾ ਕੇਸ ਏਨਾ ਸਿੱਧਾ ਨਹੀਂ, ਜਿੰਨਾ ਇਹ ਸਰਸਰੀ ਨਜ਼ਰੇ ਵਿਖਾਈ ਦਿੰਦਾ ਹੈ। ਇਸ ਮਸਲੇ ਵਿੱਚ ਅਗਲੀ ਗੁੰਝਲ ਉਦੋਂ ਸਾਹਮਣੇ ਆਈ ਜਦੋਂ ਰੋਹਤਕ ਸਾਈਬਰ ਸੈਲ ਦੇ ਸਹਾਇਕ ਸਬ-ਇੰਸਪੈਕਟਰ ਨੇ ਵਾਈ ਪੂਰਨ ਕੁਮਾਰ ਅਤੇ ਉਸ ਦੀ ਪਤਨੀ ਅਵਨੀਤ ਪੀ. ਕੁਮਾਰ ‘ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਅਤੇ ਬਾਅਦ ਵਿੱਚ ਆਪਣੇ ਸਰਵਿਸ ਰਿਵਾਲਵਰ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਉਸ ਦੀ ਲਾਸ਼ ਰੋਹਤਕ ਲਾਗੇ ਖੇਤਾਂ ਵਿੱਚੋਂ ਮਿਲੀ। ਇਸ ਤੋਂ ਅਗਲੇ ਦਿਨ ਜ਼ਿਲ੍ਹਾ

⇒ ਬਾਕੀ ਸਫਾ 9 ਉਤੇ ਪੜ੍ਹੋ

## ਕਈ ਪਾਰਟੀਆਂ ਦੇ ਭਵਿੱਖ ਦਾ ਫੈਸਲਾ ਕਰੇਗੀ ਤਰਨਤਾਰਨ ਦੀ ਜ਼ਿਮਨੀ ਚੋਣ

*ਫੈਡਰਲ ਹਿੰਦੋਸਤਾਨ ਦਾ ਮੁੱਦਾ ਉਭਾਰ ਸਕਦੀ ਕਾਂਗਰਸ?

*ਪੰਥਕ ਉਮੀਦਵਾਰ ਦੇ ਹੱਕ ’ਚ ਭਾਵਨਾਤਮਕ ਲਹਿਰ ਬਦਲ ਸਕਦੀ ਸਮੀਕਰਣ

**ਪੰਜਾਬੀ ਪਰਵਾਜ਼ ਬਿਊਰੋ**

ਤਰਨਤਾਰਨ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਆਖਰੀ ਦਿਨ ਯਾਨੀ 21 ਅਕਤੂਬਰ ਨੂੰ 11 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। 24 ਅਕਤੂਬਰ ਨੂੰ ਕਾਗਜ਼ ਵਾਪਸ ਲੈਣ ਤੋਂ ਬਾਅਦ ਪਤਾ ਲੱਗੇਗਾ ਕਿ ਕਿੰਨੇ ਉਮੀਦਵਾਰ ਚੋਣ ਮੈਦਾਨ ਵਿੱਚ ਰਹਿੰਦੇ ਹਨ। ਪੰਜਾਬ ਦੇ ਮੁੱਖ ਚੋਣ ਅਫਸਰ ਦੇ ਸਰੋਤਾਂ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਅਨੁਸਾਰ ਕਾਂਗਰਸ ਉਮੀਦਵਾਰ ਕਰਨਬੀਰ ਸਿੰਘ ਵੱਲੋਂ ਇੱਕ ਹੋਰ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ। ਇਸੇ ਤਰ੍ਹਾਂ ਮਨਦੀਪ ਸਿੰਘ ਪੁੱਤਰ ਮਹਿੰਦਰਪਾਲ ਸਿੰਘ ਵੱਲੋਂ ਦੋ ਨਾਮਜ਼ਦਗੀ ਪੱਤਰ ਆਜ਼ਾਦ ਉਮੀਦਵਾਰ ਵਜੋਂ ਭਰੇ ਗਏ ਹਨ। ਜਿਹੜੇ ਹੋਰ ਆਜ਼ਾਦ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ, ਉਨ੍ਹਾਂ ਵਿੱਚ ਲੱਖਾ ਸਿੰਘ, ਗੁਰਮੀਤ ਕੌਰ, ਜਸਵੰਤ ਸਿੰਘ, ਹਰਪ੍ਰੀਤ ਸਿੰਘ, ਸਾਰਿਕਾ ਜੌੜਾ, ਹਰਪਾਲ ਸਿੰਘ, ਮਨਦੀਪ ਸਿੰਘ ਸਪੁੱਤਰ ਨਰਿੰਦਰ ਸਿੰਘ ਅਤੇ ਸੰਜੀਵ ਸਿੰਘ ਸ਼ਾਮਲ ਹਨ।

ਇੱਥੇ ਜ਼ਿਕਰਯੋਗ ਹੈ ਕਿ ਤਰਨਾਰਨ ਅਸੈਂਬਲੀ ਚੋਣਾਂ ਵਿੱਚ ਇੱਕ ਸ਼ਿਵ ਸੈਨਾ ਆਗੂ ਨੂੰ ਮਾਰਨ ਅਤੇ ਬਦਨਾਮ ਪੁਲਿਸ ਅਫਸਰ ਸੂਬਾ ਸਿੰਘ ’ਤੇ ਜਾਨ ਲੇਵਾ ਹਮਲਾ ਕਰਨ

⇒ ਬਾਕੀ ਸਫਾ 13 ਉਤੇ ਪੜ੍ਹੋ







# ਰਾਸ਼ਟਰਪਤੀ ਟਰੰਪ ਨੂੰ ਮਾਰਨ ਦੀ ਸਾਜ਼ਿਸ਼?

ਪੰਜਾਬੀ ਪਰਵਾਜ਼ ਬਿਊਰੋ

## ਪਾਮ ਬੀਚ 'ਤੇ ਐੱਫ.ਬੀ.ਆਈ. ਨੂੰ ਮਿਲਿਆ ਸਨਾਈਪਰ ਸਟੈਂਡ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੁਰੱਖਿਆ ਐਤਵਾਰ ਨੂੰ ਅਚਾਨਕ ਵਧਾ ਦਿੱਤੀ ਗਈ। ਇਸ ਤੋਂ ਬਾਅਦ ਟਰੰਪ ਨੂੰ ਏਅਰ ਫੋਰਸ ਵਨ ਹਵਾਈ ਜਹਾਜ਼ ਵਿੱਚ ਚੜ੍ਹਨ ਲਈ ਛੋਟੀਆਂ ਪੌੜੀਆਂ ਵਰਤਣੀਆਂ ਪਈਆਂ। ਫੌਕਸ ਨਿਊਜ਼ ਅਨੁਸਾਰ ਇੱਕ ਅਧਿਕਾਰੀ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਅਮਰੀਕੀ ਸੀਕ੍ਰੇਟ ਸਰਵਿਸ ਨੇ ਫਲੋਰੀਡਾ ਦੇ ਪਾਮ ਬੀਚ ਹਵਾਈ ਅੱਡੇ ਦੇ ਨੇੜੇ ਇੱਕ ਸ਼ੱਕੀ ਸਟੈਂਡ ਦਾ ਪਤਾ ਲਗਾਇਆ ਸੀ। ਇਸ ਸਟੈਂਡ ਤੋਂ ਉਸ ਜਗ੍ਹਾ 'ਤੇ ਨਿਸ਼ਾਨਾ ਲਗਾਇਆ ਜਾ ਸਕਦਾ ਸੀ, ਜਿੱਥੇ ਏਅਰ ਫੋਰਸ ਵਨ ਹਵਾਈ ਜਹਾਜ਼ ਆਮ ਤੌਰ 'ਤੇ ਉਤਰਦਾ ਅਤੇ ਉਡਾਣ ਭਰਦਾ ਹੈ। ਇਸ ਤੋਂ ਬਾਅਦ ਸੀਕ੍ਰੇਟ ਸਰਵਿਸ ਦੇ ਅਧਿਕਾਰੀ ਚੌਕਸ ਹੋ ਗਏ ਅਤੇ ਸੁਰੱਖਿਆ ਵਿਵਸਥਾ ਵਧਾਉਣ ਦਾ ਹੁਕਮ ਦਿੱਤਾ ਗਿਆ। ਇਹ ਘਟਨਾ ਟਰੰਪ ਦੀ ਜਾਨ ਖ਼ਤਰੇ ਵਿੱਚ ਹੋਣ ਵੱਲ ਇਸ਼ਾਰਾ ਕਰ ਰਹੀ ਹੈ। ਐੱਫ.ਬੀ.ਆਈ. ਨੇ ਇਸ ਜਾਂਚ ਨੂੰ ਉੱਚ ਪੱਧਰੀ ਬਣਾ ਦਿੱਤਾ ਹੈ ਅਤੇ ਪਾਮ ਬੀਚ ਖੇਤਰ ਵਿੱਚ 200 ਵਾਧੂ ਸੁਰੱਖਿਆ ਏਜੰਟਾਂ ਨੂੰ ਤਾਇਨਾਤ ਕੀਤਾ ਗਿਆ ਹੈ, ਜੋ ਕਿ ਟਰੰਪ ਦੇ ਮਾਰ-ਏ-ਲੈਗੋ ਰਿਜ਼ੋਰਟ ਨੂੰ ਵੀ ਘੇਰੇ ਵਿੱਚ ਲੈ ਰਹੇ ਹਨ।

ਅਮਰੀਕਾ ਦੀ ਫੈਡਰਲ ਜਾਂਚ ਏਜੰਸੀ ਐੱਫ.ਬੀ.ਆਈ. ਦੇ ਨਿਰਦੇਸ਼ਕ ਕਾਸ਼ ਪਟੇਲ ਨੇ ਕਿਹਾ, "ਰਾਸ਼ਟਰਪਤੀ ਦੇ ਵੈਸਟ ਪਾਮ ਬੀਚ ਵਾਪਸ ਆਉਣ ਤੋਂ ਪਹਿਲਾਂ ਅਮਰੀਕੀ ਸੀਕ੍ਰੇਟ ਸਰਵਿਸ ਨੇ ਏਅਰ ਫੋਰਸ ਵਨ ਲੈਂਡਿੰਗ ਜ਼ੋਨ ਦੀ ਸਾਈਟ ਲਾਈਨ ਵਿੱਚ ਇੱਕ ਹੰਟਿੰਗ ਸਟੈਂਡ ਵੇਖਿਆ।" ਉਨ੍ਹਾਂ ਨੇ ਹੋਰ ਦੱਸਿਆ ਕਿ ਘਟਨਾ ਵਾਲੀ ਜਗ੍ਹਾ 'ਤੇ ਕੋਈ ਵਿਅਕਤੀ ਨਹੀਂ ਮਿਲਿਆ। ਐੱਫ.ਬੀ.ਆਈ. ਨੇ ਜਾਂਚ ਦੀ ਕਮਾਨ ਸੰਭਾਲ ਲਈ ਹੈ ਅਤੇ ਘਟਨਾ ਵਾਲੀ ਜਗ੍ਹਾ ਤੋਂ ਸਾਰੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਫੌਕਸ ਨਿਊਜ਼ ਅਨੁਸਾਰ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

ਤਾਜ਼ਾ ਘਟਨਾ ਟਰੰਪ ਦੀ ਸੁਰੱਖਿਆ ਨੂੰ ਹੋਰ ਵਧਾਉਣ ਲਈ ਇੱਕ ਵੱਡਾ ਕਾਰਨ ਬਣ ਗਈ ਹੈ। ਸੀਕ੍ਰੇਟ ਸਰਵਿਸ ਨੇ ਹੁਣ ਪਾਮ ਬੀਚ ਹਵਾਈ ਅੱਡੇ ਦੇ ਆਲੇ-ਦੁਆਲੇ 5 ਮੀਲ ਦੇ ਘੇਰੇ ਵਿੱਚ ਡਰੋਨ ਪੈਟਰੋਲਿੰਗ ਸ਼ੁਰੂ ਕਰ ਦਿੱਤੀ ਹੈ, ਜੋ ਕਿ ਪਿਛਲੇ ਹਮਲਿਆਂ ਤੋਂ ਸਿੱਖੇ ਗਏ ਸਬਕਾਂ 'ਤੇ ਆਧਾਰਤ ਹੈ।

ਜ਼ਿਕਰਯੋਗ ਹੈ ਕਿ ਜੁਲਾਈ 2024 ਵਿੱਚ ਪੈਨਸਿਲਵੇਨੀਆ ਦੇ ਬਟਲਰ ਵਿੱਚ ਰੈਲੀ ਦੌਰਾਨ ਥੋਮਸ ਮੈਥਿਊ ਕਰੋਕ ਨੇ ਟਰੰਪ ਉੱਤੇ ਗੋਲੀ ਚਲਾਈ ਸੀ, ਜਿਸ ਵਿੱਚ ਉਹ ਵਾਲ ਵਾਲ ਬਚ ਗਏ ਸਨ। ਫਿਰ ਸਤੰਬਰ 2024




ਵਿੱਚ ਫਲੋਰੀਡਾ ਦੇ ਗੋਲਫ਼ ਕੋਰਸ ਵਿੱਚ ਰਾਇਨ ਰੌਥ ਨੇ ਟਰੰਪ ਨੂੰ ਨਿਸ਼ਾਨਾ ਬਣਾਇਆ, ਜਿਸ ਨੂੰ ਤੁਰੰਤ ਫੜ ਲਿਆ ਗਿਆ। ਨਵੇਂ ਖੁਲਾਸੇ ਅਨੁਸਾਰ ਰੌਥ ਨੂੰ ਅਕਤੂਬਰ 2025 ਵਿੱਚ ਅਦਾਲਤ ਨੇ ਹੱਤਿਆ ਦੀ ਕੋਸ਼ਿਸ਼ ਵਿੱਚ ਦੋਸ਼ੀ ਠਹਿਰਾਇਆ ਹੈ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਰਹੀ ਹੈ।

ਇਨ੍ਹਾਂ ਘਟਨਾਵਾਂ ਨੇ ਅਮਰੀਕੀ ਸੁਰੱਖਿਆ ਵਿਵਸਥਾ 'ਤੇ ਸਵਾਲ ਉਠਾਏ ਹਨ। ਕਾਂਗਰਸ ਵਿੱਚ ਇੱਕ ਵਿਸ਼ੇਸ਼ ਕਮੇਟੀ ਨੇ ਸੀਕ੍ਰੇਟ ਸਰਵਿਸ ਦੀ ਤਿਆਰੀ ਨੂੰ ਲੈ ਕੇ ਜਾਂਚ ਸ਼ੁਰੂ ਕੀਤੀ ਹੈ। ਐੱਫ.ਬੀ.ਆਈ. ਨੇ ਇਸ ਨਵੀਂ ਘਟਨਾ ਵਿੱਚ ਸਾਈਬਰ ਟ੍ਰੈਕਿੰਗ ਵੀ ਸ਼ਾਮਲ ਕੀਤੀ ਹੈ, ਕਿਉਂਕਿ ਸ਼ੱਕੀ ਸਟੈਂਡ ਦੇ ਨੇੜੇ ਇੱਕ ਡਰੋਨ ਦੇ ਨਿਸ਼ਾਨ ਵੀ ਮਿਲੇ ਹਨ।

ਟਰੰਪ ਨੇ ਆਪਣੇ ਐਕਸ ਅਕਾਊਂਟ ਉੱਤੇ ਇਸ ਘਟਨਾ ਬਾਰੇ ਪੋਸਟ ਕੀਤਾ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ, "ਇਹ ਡੈਮੋਕਰੈਟਿਕ ਪਾਰਟੀ ਅਤੇ ਡੀਪ ਸਟੇਟ ਦੀ ਸਾਜ਼ਿਸ਼ ਹੈ, ਪਰ ਮੈਂ ਡਰ ਨਹੀਂ ਮੰਨਦਾ। ਅਮਰੀਕਾ ਮਜ਼ਬੂਤ ਬਣੇਗਾ!" ਇਹ ਪੋਸਟ 10 ਲੱਖ ਵਾਰ ਵੇਖੀ ਗਈ ਅਤੇ ਟਰੰਪ ਸਮਰਥਕਾਂ ਨੇ #ProtectTrump ਹੈਸ਼ਟੈਗ ਨਾਲ ਵਿਰੋਧ ਪ੍ਰਗਟ ਕੀਤਾ। ਰਿਪਬਲਿਕਨ ਨੇਤਾ ਕੇਵਿਨ ਮੈਕਾਰਥੀ ਨੇ ਕਿਹਾ ਕਿ ਇਹ ਹਮਲੇ ਟਰੰਪ ਦੀ ਲੋਕਪ੍ਰਿਯਤਾ ਨੂੰ ਵਧਾ ਰਹੇ ਹਨ ਅਤੇ 2026 ਦੀਆਂ ਚੋਣਾਂ ਵਿੱਚ ਰਿਪਬਲਿਕਨ ਨੂੰ ਫਾਇਦਾ ਹੋਵੇਗਾ। ਉੱਧਰ, ਡੈਮੋਕ੍ਰੇਟਿਕ ਨੇਤਾ ਨੈਨਸੀ ਪੈਲੋਸੀ ਨੇ ਸੀਕ੍ਰੇਟ ਸਰਵਿਸ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਟਰੰਪ ਦੀਆਂ ਭੜਕਾਊ ਬਿਆਨਬਾਜ਼ੀਆਂ ਹੀ ਇਨ੍ਹਾਂ ਹਮਲਿਆਂ ਦਾ ਕਾਰਨ ਹਨ। ਨਵੇਂ ਸਰਵੇ ਅਨੁਸਾਰ 65 ਫ਼ੀਸਦੀ ਅਮਰੀਕੀ ਟਰੰਪ ਦੀ ਸੁਰੱਖਿਆ ਵਧਾਉਣ ਨੂੰ ਸਮਰਥਨ ਦਿੰਦੇ ਹਨ, ਪਰ 45 ਫ਼ੀਸਦੀ ਉਨ੍ਹਾਂ ਨੂੰ ਰਾਜਨੀਤਕ ਤਲਖ਼ੀ ਵਧਾਉਣ ਵਾਲਾ ਮੰਨਦੇ ਹਨ।

ਇਸ ਘਟਨਾ ਨੇ ਅਮਰੀਕੀ ਰਾਜਨੀਤੀ ਵਿੱਚ ਤਣਾਅ ਵਧਾ ਦਿੱਤਾ ਹੈ। ਪਿਛਲੇ ਇੱਕ ਸਾਲ ਵਿੱਚ ਟਰੰਪ ਉੱਤੇ ਤਿੰਨ ਵੱਡੇ ਹਮਲੇ ਹੋਏ ਹਨ, ਜਿਨ੍ਹਾਂ ਨੇ ਸੁਰੱਖਿਆ ਬਜਟ ਨੂੰ 20 ਫ਼ੀਸਦੀ ਵਧਾ ਦਿੱਤਾ ਹੈ। ਸੀਕ੍ਰੇਟ ਸਰਵਿਸ ਨੇ ਹੁਣ ਆਈ.ਐੱਲ.ਐੱਸ. (ਇੰਟੈਲੀਜੈਂਟ ਲੇਜ਼ਰ ਸਕੈਨਿੰਗ) ਤਕਨੀਕ ਨੂੰ ਵਰਤਣਾ ਸ਼ੁਰੂ ਕੀਤਾ ਹੈ, ਜੋ ਸ਼ੱਕੀ ਸਰਗਰਮੀਆਂ ਨੂੰ ਤੁਰੰਤ ਪਛਾਣਦੀ ਹੈ। ਪਾਮ ਬੀਚ ਕਾਊਂਟੀ ਸ਼ੈਰਿਫ਼ ਅਨੁਸਾਰ ਇਲਾਕੇ ਵਿੱਚ 24 ਘੰਟੇ ਸੀ.ਸੀ.ਟੀ.ਵੀ. ਵਧਾਏ ਗਏ ਹਨ ਅਤੇ ਸਥਾਨਕ ਪੁਲਿਸ ਨੂੰ ਵੀ ਵਧੇਰੇ ਸਹਾਇਤਾ ਦਿੱਤੀ ਜਾ ਰਹੀ ਹੈ। ਇਹ ਘਟਨਾ ਨਾ ਸਿਰਫ਼ ਟਰੰਪ ਦੀ ਜਾਨ ਨੂੰ ਖ਼ਤਰਾ ਦਰਸਾ ਰਹੀ ਹੈ, ਬਲਕਿ ਅਮਰੀਕੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਜੇਕਰ ਜਾਂਚ ਵਿੱਚ ਕੋਈ ਵੱਡਾ ਖੁਲਾਸਾ ਹੋਇਆ ਤਾਂ ਇਹ ਅੰਤਰਰਾਸ਼ਟਰੀ ਪੱਧਰ 'ਤੇ ਵੀ ਚਰਚਾ ਦਾ ਵਿਸ਼ਾ ਬਣ ਸਕਦਾ ਹੈ। ਐੱਫ.ਬੀ.ਆਈ. ਨੇ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੂੰ ਇਲਾਕੇ ਵਿੱਚ ਸ਼ੱਕੀ ਗਤੀਵਿਧੀ ਨਜ਼ਰ ਆਵੇ ਤਾਂ ਤੁਰੰਤ ਰਿਪੋਰਟ ਕਰੇ।

### *ਪਾਮ ਬੀਚ 'ਤੇ ਟਰੰਪ ਦਾ 'ਮਹਿਲ'*

ਪਾਮ ਬੀਚ ਵਿੱਚ ਮਾਰ-ਏ-ਲੈਗੋ ਰਿਜ਼ੋਰਟ ਨੂੰ ਟਰੰਪ ਅਕਸਰ ਆਪਣਾ 'ਵ੍ਹਾਈਟ ਹਾਊਸ' ਕਹਿੰਦੇ ਹਨ। ਇਹ 17 ਏਕੜ ਵਿੱਚ ਫੈਲਿਆ ਹੋਇਆ ਇੱਕ ਲਗਜ਼ਰੀ ਵਿਲਾ ਹੈ, ਜਿਸ ਵਿੱਚ 126 ਸ਼ਾਹੀ ਕਮਰੇ ਹਨ ਅਤੇ ਇਹ ਅਟਲਾਂਟਿਕ ਮਹਾਸਾਗਰ ਦੇ ਕੰਢੇ ਬਣਿਆ ਹੈ। ਟਰੰਪ ਨੇ ਇਸ ਨੂੰ 1985 ਵਿੱਚ 10 ਮਿਲੀਅਨ ਡਾਲਰ ਵਿੱਚ ਖਰੀਦਿਆ ਸੀ ਅਤੇ ਹੁਣ ਇਸ ਦੀ ਕੀਮਤ 300 ਮਿਲੀਅਨ ਡਾਲਰ ਤੱਕ ਪਹੁੰਚ ਗਈ ਹੈ; ਪਰ ਇਹ ਜਗ੍ਹਾ ਸਿਰਫ਼ ਆਰਾਮ ਦੀ ਨਹੀਂ, ਬਲਕਿ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਵੀ ਹੈ। ਨਵੇਂ ਤੱਥਾਂ ਅਨੁਸਾਰ 2025 ਵਿੱਚ ਮਾਰ-ਏ-ਲੈਗੋ ਵਿੱਚ 50 ਤੋਂ ਵੱਧ ਰਾਜਨੀਤਕ ਮੀਟਿੰਗਾਂ ਹੋਈਆਂ ਹਨ, ਜਿਨ੍ਹਾਂ ਵਿੱਚ ਵਿਦੇਸ਼ੀ ਨੇਤਾ ਵੀ ਸ਼ਾਮਲ ਸਨ।

ਕੁਝ ਹਫ਼ਤੇ ਪਹਿਲਾਂ ਹੀ ਇੱਕ ਗੋਲਫ਼ ਕੋਰਸ ਵਿੱਚ ਬਾਜ਼ਾਰ ਦੇ ਕੰਢੇ ਬਣਾਏ ਗਏ ਸਨਾਈਪਰ ਨੈੱਸਟ ਦੀ ਖੋਜ ਕੀਤੀ ਗਈ ਸੀ। ਇਸ ਨਵੀਂ ਘਟਨਾ ਨੇ ਰਾਸ਼ਟਰਪਤੀ ਟਰੰਪ ਦੀ ਸੁਰੱਖਿਆ ਚਿੰਤਾਵਾਂ ਨੂੰ ਫਿਰ ਤੋਂ ਵਧਾ ਦਿੱਤਾ ਹੈ। ਯਾਦ ਰਹੇ ਕਿ ਉਹ ਆਪਣੇ ਮਹਿਲ ਵਰਗੇ ਘਰ ਵਿੱਚ ਜਾਣ ਲਈ ਲਗਾਤਾਰ ਪਾਮ ਬੀਚ ਆਉਂਦੇ ਰਹਿੰਦੇ ਹਨ। ਨਵੇਂ ਡਾਟੇ ਅਨੁਸਾਰ 2025 ਵਿੱਚ ਟਰੰਪ ਨੇ ਮਾਰ-ਏ-ਲੈਗੋ ਵਿੱਚ 120 ਤੋਂ ਵੱਧ ਦਿਨ ਬਿਤਾਏ ਹਨ, ਜੋ ਉਨ੍ਹਾਂ ਦੀ ਸੁਰੱਖਿਆ ਨੂੰ ਵਧੇਰੇ ਖ਼ਤਰਨਾਕ ਬਣਾ ਰਿਹਾ ਹੈ।

# ਸੱਤਾ ਨੂੰ ਵੰਗਾਰ: ਅਮਰੀਕਾ 'ਚ ਲੱਖਾਂ ਲੋਕ ਸੜਕਾਂ 'ਤੇ ਉਤਰੇ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਰੋਧ ਵਿੱਚ ਅਮਰੀਕਾ ਵਿੱਚ ਵੱਡਾ ਵਿਰੋਧ ਪ੍ਰਦਰਸ਼ਨ ਹੋਇਆ ਹੈ। ਸ਼ਨੀਵਾਰ ਨੂੰ ਲੱਖਾਂ ਅਮਰੀਕੀ ਸੜਕਾਂ 'ਤੇ ਉਤਰ ਆਏ ਅਤੇ 'ਨੋ ਕਿੰਗਜ਼' ਨਾਅਰਿਆਂ ਨਾਲ ਮਾਰਚ ਕੀਤਾ। ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਇਹ ਤੀਜਾ ਵੱਡਾ ਪ੍ਰਦਰਸ਼ਨ ਹੈ। ਵੱਖ-ਵੱਖ ਸਰੋਤਾਂ ਤੋਂ ਮਿਲੀ ਜਾਣਕਾਰੀ ਮੁਤਾਬਕ 18 ਅਕਤੂਬਰ ਨੂੰ ਹੋਏ ਇਸ 'ਨੋ ਕਿੰਗਜ਼ ਡੇਅ' ਵਿੱਚ 70 ਲੱਖ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ, ਜੋ ਅਮਰੀਕਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਵਿਰੋਧ ਪ੍ਰਦਰਸ਼ਨ ਹੈ। ਇਹ ਪ੍ਰਦਰਸ਼ਨ ਸਿਰਫ਼ ਅਮਰੀਕਾ ਤੱਕ ਹੀ ਸੀਮਤ ਨਹੀਂ ਰਿਹਾ, ਬਲਕਿ ਕੈਨੇਡਾ, ਯੂਰਪ ਅਤੇ ਦੁਨੀਆ ਭਰ ਦੇ ਸ਼ਹਿਰਾਂ ਵਿੱਚ ਵੀ ਇਸ ਦੀ ਗੂੰਜ ਸੁਣਾਈ ਦਿੱਤੀ। ਪ੍ਰਦਰਸ਼ਕਾਰੀਆਂ ਨੇ ਟਰੰਪ ਦੀ ਅਗਵਾਈ ਵਿੱਚ ਅਮਰੀਕਾ ਦੇ ਤੇਜ਼ੀ ਨਾਲ ਤਾਨਾਸ਼ਾਹੀ ਵੱਲ ਵਧਣ ਦੀ ਨਿੰਦਾ ਕੀਤੀ। ਨਵੇਂ ਤੱਥਾਂ ਅਨੁਸਾਰ ਅਮਰੀਕਾ ਦੇ ਸਾਰੇ 50 ਰਾਜਾਂ ਵਿੱਚ 2700 ਤੋਂ ਵੱਧ ਸਥਾਨਾਂ 'ਤੇ ਇਹ ਵਿਰੋਧ ਪ੍ਰਦਰਸ਼ਨ ਹੋਏ, ਜਿਨ੍ਹਾਂ ਵਿੱਚ ਵਾਸ਼ਿੰਗਟਨ ਡੀ.ਸੀ., ਨਿਊ ਯਾਰਕ, ਸ਼ਿਕਾਗੋ ਅਤੇ ਲਾਸ ਏਂਜਲਸ ਵਰਗੇ ਵੱਡੇ ਸ਼ਹਿਰਾਂ ਤੋਂ ਲੈ ਕੇ ਛੋਟੇ ਸ਼ਹਿਰਾਂ ਤੱਕ ਸ਼ਾਮਲ ਹਨ।

ਵੱਖ-ਵੱਖ ਸ਼ਹਿਰਾਂ ਵਿੱਚ ਪ੍ਰਦਰਸ਼ਕਾਰੀਆਂ ਨੇ 'ਨੋ ਕਿੰਗਜ਼' (ਹੁਣ ਕੋਈ ਰਾਜਾ ਨਹੀਂ) ਨਾਅਰੇ ਲਗਾਏ ਅਤੇ ਮਾਰਚ ਕੀਤੇ।

ਨਿਊ ਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ, ਜਿਨ੍ਹਾਂ ਨੇ ਹੱਥਾਂ ਵਿੱਚ ਨਾਅਰਿਆਂ ਨਾਲ ਲਿਖੇ ਬੈਨਰ ਫੜੇ ਹੋਏ ਸਨ। ਉੱਧਰ ਬੋਸਟਨ, ਅਟਲਾਂਟਾ ਅਤੇ ਸ਼ਿਕਾਗੋ ਵਿੱਚ ਹਜ਼ਾਰਾਂ ਲੋਕਾਂ ਨੇ ਰੈਲੀਆਂ ਕੀਤੀਆਂ। ਪ੍ਰਦਰਸ਼ਕਾਰੀਆਂ ਨੇ ਵਾਸ਼ਿੰਗਟਨ ਤੇ ਲਾਸ ਏਂਜਲਸ ਵਿੱਚ ਮਾਰਚ ਕੀਤਾ ਅਤੇ ਕਈ ਰਿਪਬਲਿਕਨ ਨੇਤਾ ਵਾਲੇ ਰਾਜਾਂ ਵਿੱਚ ਰਾਜਧਾਨੀਆਂ ਦੇ ਬਾਹਰ ਜਨਤਕ ਸਥਾਨਾਂ 'ਤੇ ਧਰਨੇ ਦਿੱਤੇ। ਇਹ ਪ੍ਰਦਰਸ਼ਨ ਜੂਨ 2025 ਵਿੱਚ ਹੋਏ ਪਹਿਲੇ 'ਨੋ ਕਿੰਗਜ਼' ਦੀ ਯਾਦ ਤਾਜ਼ਾ ਕਰਵਾ ਗਿਆ, ਜਿਸ ਵਿੱਚ ਵੀ ਲੱਖਾਂ ਲੋਕਾਂ ਨੇ ਹਿੱਸਾ ਲਿਆ ਸੀ।

### 'ਅਮਰੀਕਾ ਨੂੰ ਨਫ਼ਰਤ ਕਰਨ ਵਾਲੀਆਂ ਰੈਲੀਆਂ'

ਟਰੰਪ ਦੀ ਰਿਪਬਲਿਕਨ ਪਾਰਟੀ ਨੇ ਇਨ੍ਹਾਂ ਪ੍ਰਦਰਸ਼ਨਾਂ ਨੂੰ ਅਮਰੀਕਾ ਨੂੰ ਨਫ਼ਰਤ ਕਰਨ ਵਾਲੀਆਂ ਰੈਲੀਆਂ ਕਿਹਾ ਹੈ। ਟਰੰਪ ਦੇ ਇਸ ਸਾਲ ਰਾਸ਼ਟਰਪਤੀ ਬਣਨ ਤੋਂ ਬਾਅਦ




ਤੋਂ ਇਹ ਤੀਜਾ ਵੱਡਾ ਸਾਂਝਾ ਪ੍ਰਦਰਸ਼ਨ ਸੀ। ਇਹ ਅਜਿਹੇ ਸਮੇਂ ਵਿੱਚ ਹੋਇਆ ਹੈ, ਜਦੋਂ ਅਮਰੀਕਾ ਸਰਕਾਰੀ ਸ਼ੱਟਡਾਊਨ ਦਾ ਸਾਹਮਣਾ ਕਰ ਰਿਹਾ ਹੈ। ਇਸੇ ਲਈ ਨਿਰਾਸ਼ ਲੋਕ ਟਰੰਪ ਪ੍ਰਸ਼ਾਸਨ ਦੀਆਂ ਕਈ ਖਾਸ ਨੀਤੀਆਂ ਅਤੇ ਕੰਮਾਂ ਦਾ ਵੀ ਵਿਰੋਧ ਕਰ ਰਹੇ ਹਨ, ਜਿਨ੍ਹਾਂ ਵਿੱਚ ਅਮਰੀਕੀ ਸ਼ਹਿਰਾਂ ਵਿੱਚ ਫੈਡਰਲ ਫੌਜਾਂ/ਨੈਸ਼ਨਲ ਗਾਰਡ ਸਿਪਾਹੀਆਂ ਨੂੰ ਤਾਇਨਾਤ ਕਰਨਾ ਵੀ ਸ਼ਾਮਲ ਹੈ। ਅੰਦੋਲਨਕਾਰੀ ਇਸ ਨੂੰ ਫੈਡਰਲ ਅਧਿਕਾਰਾਂ ਦੀ ਉਲੰਘਣਾ ਅਤੇ ਫੌਜੀਕਰਨ ਕਹਿ ਰਹੇ ਹਨ। ਖ਼ਬਰਾਂ ਮੁਤਾਬਕ ਕੁਝ ਪ੍ਰਦਰਸ਼ਨ ਅਮਰੀਕਾ ਤੋਂ ਬਾਹਰ ਵੀ ਹੋਏ ਹਨ, ਜਿਵੇਂ ਕਿ ਲੰਡਨ ਅਤੇ ਟੋਰਾਂਟੋ ਵਿੱਚ ਸੈਂਕੜੇ ਲੋਕਾਂ ਨੇ ਇਸੇ ਤਰ੍ਹਾਂ ਦੀ ਨਾਅਰੇਬਾਜ਼ੀ ਕੀਤੀ। ਇਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਟਰੰਪ ਦੀਆਂ ਨੀਤੀਆਂ 'ਤੇ ਚਰਚਾ ਵਧ ਗਈ ਹੈ।

### ਟਰੰਪ ਨੇ ਕਿਹਾ- ਮੈਂ ਰਾਜਾ ਨਹੀਂ

ਇਸੇ ਦੌਰਾਨ ਰਾਸ਼ਟਰਪਤੀ ਟਰੰਪ ਨੇ ਇਸ ਇਲਜ਼ਾਮ ਨੂੰ ਖਾਰਜ ਕਰ ਦਿੱਤਾ ਹੈ ਕਿ ਉਹ ਕਿਸੇ ਰਾਜੇ ਵਾਂਗ ਕੰਮ ਕਰ ਰਹੇ ਹਨ। ਇੱਕ ਇੰਟਰਵਿਊ ਵਿੱਚ ਪ੍ਰਦਰਸ਼ਨ ਉੱਤੇ ਪ੍ਰਤੀਕਿਰਿਆ ਦਿੰਦਿਆਂ ਉਨ੍ਹਾਂ ਕਿਹਾ, "ਮੈਂ ਰਾਜੇ ਵਾਂਗ ਮਹਿਸੂਸ ਨਹੀਂ ਕਰਦਾ। ਮੈਨੂੰ ਕਿਸੇ ਵੀ ਚੀਜ਼ ਨੂੰ ਮਨਜ਼ੂਰੀ ਦਿਵਾਉਣ ਲਈ ਨਰਕ ਵਰਗੀਆਂ ਹਾਲਤਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ।" ਉਨ੍ਹਾਂ ਨੇ ਰਾਸ਼ਟਰਪਤੀ ਦੇ ਅਹੁਦੇ ਨੂੰ ਡੀਪ ਸਟੇਟ, ਡੈਮੋਕਰੈਟਸ ਨਾਲ ਭਰਪੂਰ ਨੌਕਰਸ਼ਾਹੀ ਅਤੇ ਇੱਕ ਕੱਟੜ ਖੱਬੇ ਪੱਖੀ ਵਿਰੋਧ ਨਾਲ ਜੁੜਿਆ ਮੁਸ਼ਕਲ ਕੰਮ ਦੱਸਿਆ, ਜਿਸ ਨੇ ਜ਼ਿਆਦਾਤਰ ਗੋਰੇ ਅਮਰੀਕੀਆਂ ਦੀ ਅਸਾਧਾਰਨਤਾ ਨੂੰ ਘਟਾ ਦਿੱਤਾ ਹੈ। ਟਰੰਪ ਨੇ ਆਪਣੇ ਸਮਰਥਕਾਂ ਨੂੰ ਕਿਹਾ ਕਿ ਇਹ ਪ੍ਰਦਰਸ਼ਨ ਬਿਲੀਅਨਰਾਂ ਵੱਲੋਂ ਫੰਡ ਕੀਤੇ ਜਾਂਦੇ ਹਨ, ਜਿਵੇਂ ਕਿ ਇੱਕ ਵਾਇਰਲ ਚਾਰਟ ਵਿੱਚ ਦੱਸਿਆ ਗਿਆ ਹੈ ਕਿ ਡੈਮੋਕਰੈਟਿਕ ਪਾਰਟੀ ਨੇ ਇਸ ਲਈ 295 ਮਿਲੀਅਨ ਡਾਲਰ ਖਰਚ ਕੀਤੇ। ਪਰ ਆਯੋਜਕਾਂ ਨੇ ਇਸ ਇਲਜ਼ਾਮ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਆਮ ਅਮਰੀਕੀਆਂ ਦਾ ਅੰਦੋਲਨ ਹੈ।

### ਟਰੰਪ ਸਮਰਥਕਾਂ ਦੇ ਨਿਸ਼ਾਨੇ 'ਤੇ ਪ੍ਰਦਰਸ਼ਨ

ਟਰੰਪ ਦੇ ਨੁਮਾਇੰਦਿਆਂ ਨੇ ਇਸ ਨੂੰ ਕੱਟੜ ਖੱਬੇ ਪੱਖੀ ਪ੍ਰਦਰਸ਼ਕਾਰੀਆਂ ਵੱਲੋਂ ਅਮਰੀਕਾ ਨੂੰ ਨਫ਼ਰਤ ਕਰਨ ਵਾਲੀਆਂ ਰੈਲੀਆਂ ਕਿਹਾ ਹੈ, ਜਿਨ੍ਹਾਂ ਨੂੰ ਉਹ ਐਂਟੀਫਾ ਕਹਿੰਦੇ ਹਨ। ਫੌਕਸ ਨਿਊਜ਼ ਨਾਲ ਵ੍ਹਾਈਟ ਹਾਊਸ ਦੀ ਤਰਜਮਾਨ ਕੈਰੋਲਿਨ ਲੈਵਿਟ ਨੇ ਕਿਹਾ ਕਿ ਇਹ ਰੈਲੀਆਂ ਡੈਮੋਕਰੈਟਿਕ ਪਾਰਟੀ ਵੱਲੋਂ ਆਯੋਜਿਤ ਅਤੇ ਸਮਰਥਿਤ ਹਨ। ਲੈਵਿਟ ਨੇ ਇਲਜ਼ਾਮ ਲਗਾਇਆ ਕਿ ਇਸ ਦਾ ਮੁੱਖ ਵੋਟਰ ਵਰਗ ਹਮਾਸ ਅਤਿਵਾਦੀਆਂ, ਨਾਜਾਇਜ਼ ਵਿਦੇਸ਼ੀਆਂ ਅਤੇ ਹਿੰਸਕ ਅਪਰਾਧੀਆਂ ਨਾਲ ਬਣਿਆ ਹੈ। ਹਾਲਾਂਕਿ, ਵੇਖਣ ਵਿੱਚ ਰੈਲੀਆਂ ਕੁਝ ਹੋਰ ਹੀ ਸਨ, ਜਿਨ੍ਹਾਂ ਵਿੱਚ ਜ਼ਿਆਦਾਤਰ ਗੋਰੇ ਅਮਰੀਕੀ ਮੂਲ ਦੇ ਲੋਕ ਸਨ।

ਵਿਰੋਧ ਪ੍ਰਦਰਸ਼ਨਾਂ ਦੌਰਾਨ ਸੱਜੇ ਪੱਖੀ ਭੜਕਾਊ ਤੱਤਾਂ ਦੀ ਘੁਸਪੈਠ ਦੇ ਡਰ ਨਾਲ ਕਈ ਥਾਵਾਂ 'ਤੇ ਰੈਲੀ ਪ੍ਰਬੰਧਕਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤੀ ਬਣਾਈ ਰੱਖਣ ਅਤੇ ਆਪਣੀਆਂ ਚਿੰਤਾਵਾਂ ਨੂੰ ਨਿੱਜੀ ਤਰੀਕੇ ਨਾਲ ਪ੍ਰਗਟ ਕਰਨ ਦੀ ਅਪੀਲ ਕੀਤੀ। ਇਸ ਨਾਲ ਹੀ ਫਲਿਸਤੀਨੀ ਝੰਡੇ, ਯੂਕਰੇਨ ਦੇ ਸਮਰਥਨ ਵਰਗੇ ਬੈਨਰ ਨਾ ਲਿਆਉਣ ਅਤੇ ਕੋਈ ਵੀ ਹਥਿਆਰ ਨਾ ਲੈ ਜਾਣ ਦੀ ਅਪੀਲ ਕੀਤੀ। ਪ੍ਰਦਰਸ਼ਨਾਂ ਵਿੱਚ ਬਲੂਅਪ ਕੌਸਟਿਊਮਾਂ ਅਤੇ ਸਟ੍ਰੀਟ ਪਾਰਟੀ ਵਾਇਬ ਸੀ, ਜੋ ਸ਼ਾਂਤੀਪੂਰਨ ਮਾਹੌਲ ਨੂੰ ਵਧਾਉਂਦਾ ਸੀ। ਐੱਨ.ਪੀ.ਆਰ. ਅਨੁਸਾਰ ਇਨ੍ਹਾਂ ਪ੍ਰਦਰਸ਼ਨਾਂ ਨੇ ਟਰੰਪ ਦੀਆਂ ਨੀਤੀਆਂ ਵਿਰੁੱਧ ਤਿੰਨ ਮੁੱਖ ਬਿੰਦੂ ਉਜਾਗਰ ਕੀਤੇ: ਤਾਨਾਸ਼ਾਹੀ ਵੱਲ ਵਧਦਾ ਮੁਲਕ, ਫੈਡਰਲ ਤਾਕਤਾਂ ਦੀ ਗਲਤ ਵਰਤੋਂ ਅਤੇ ਅਰਥਵਿਵਸਥਾ 'ਤੇ ਮਾੜਾ ਅਸਰ।

ਸੋ; ਇਹ ਪ੍ਰਦਰਸ਼ਨ ਅਮਰੀਕਾ ਦੀ ਡੈਮੋਕਰੇਸੀ ਲਈ ਮਹੱਤਵਪੂਰਨ ਪਲ ਸਾਬਤ ਹੋ ਰਹੇ ਹਨ। ਬਰਨੀ ਸੈਂਡਰਜ਼ ਵਰਗੇ ਨੇਤਾਵਾਂ ਨੇ ਇਸ ਨੂੰ ਅਮੀਰ ਲੋਕਾਂ ਵੱਲੋਂ ਅਰਥਵਿਵਸਥਾ ਅਤੇ ਰਾਜਨੀਤੀ ਨੂੰ ਹਾਈਜੈਕ ਕਰਨ ਵਿਰੁੱਧ ਲੜਾਈ ਕਿਹਾ ਹੈ। ਗੈਵਿਨ ਨਿਊਸਮ ਨੇ ਕਿਹਾ, "70 ਲੱਖ ਅਮਰੀਕੀਆਂ ਨੇ ਸ਼ਾਂਤੀਪੂਰਨ ਤਰੀਕੇ ਨਾਲ ਰਾਜਸ਼ਾਹੀ ਵਿਰੁੱਧ ਪ੍ਰਦਰਸ਼ਨ ਕੀਤੇ, ਇਹ ਅਸਲ ਵਿਰੋਧੀ ਭਾਵਨਾ ਹੈ।" ਪਰ ਟਰੰਪ ਸਮਰਥਕਾਂ ਨੇ ਇਸ ਨੂੰ ਡੈਮੋਕਰੈਟਿਕ ਪਾਰਟੀ ਦੀ ਸਾਜ਼ਿਸ਼ ਕਿਹਾ, ਜਿਸ ਵਿੱਚ ਬਿਲੀਅਨਰਾਂ ਨੇ ਪੈਸੇ ਲਗਾਏ। ਇੱਕ ਐਕਸ ਪੋਸਟ ਵਿੱਚ ਕਿਹਾ ਗਿਆ ਕਿ ਇਹ ਪ੍ਰਦਰਸ਼ਨ ਵੀਅਤਨਾਮ ਜੰਗ ਵਾਲੇ ਸਮੇਂ ਵਾਂਗ ਨਹੀਂ, ਬਲਕਿ ਗੁਮਰਾਹ ਲੋਕਾਂ ਦਾ ਇਕੱਠ ਹੈ। ਹਾਲਾਂਕਿ, ਆਯੋਜਕ nokings.org ਨੇ ਦੱਸਿਆ ਕਿ ਇਹ ਪ੍ਰਦਰਸ਼ਨ ਅਮਰੀਕਾ ਵਿੱਚ ਕੋਈ ਰਾਜਾ ਨਹੀਂ ਹੈ ਅਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਦਾ ਸੰਕਲਪ ਹੈ। ਇਹ ਅੰਦੋਲਨ ਅੱਗੇ ਵੀ ਜਾਰੀ ਰਹਿਣ ਦੀ ਉਮੀਦ ਹੈ, ਜੋ ਅਮਰੀਕੀ ਰਾਜਨੀਤੀ ਨੂੰ ਨਵਾਂ ਮੋੜ ਦੇ ਸਕਦਾ ਹੈ।

# ਡੀ.ਆਈ.ਜੀ. ਭੁੱਲਰ ਦੀ ਗ੍ਰਿਫਤਾਰੀ ਨਾਲ ਭ੍ਰਿਸ਼ਟਾਚਾਰ ਦੇ ਖਾਤਮੇ ਦੀ ਫੂਕ ਨਿਕਲੀ

## *ਹੋਰ ਤੰਦਾਂ ਉਧੜਨ ਨਾਲ ਬਣ ਸਕਦਾ ਵੱਡਾ ਸਿਆਸੀ ਮਾਮਲਾ

**ਜਸਵੀਰ ਸਿੰਘ ਮਾਂਗਟ**



ਪੰਜਾਬ ਵਿੱਚ ਇੱਕ ਪਾਸੇ ਤਰਨਤਾਰਨ ਜ਼ਿਮਨੀ ਚੋਣ ਦਾ ਅਖਾੜਾ ਮਘਣ ਲੱਗਿਆ ਹੈ, ਦੂਜੇ ਪਾਸੇ ਪੰਜਾਬ ਪੁਲਿਸ ਦੇ ਇੱਕ ਸੀਨੀਅਰ ਅਫਸਰ ਦੀ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਗ੍ਰਿਫਤਾਰੀ ਨੇ ਪੰਜਾਬ ਦੀ ਅਫਸਰਸ਼ਾਹੀ ਅਤੇ ਸਿਆਸੀ ਹਲਕਿਆਂ ਵਿੱਚ ਵੱਡੀ ਹਲਚਲ ਮਚਾ ਦਿੱਤੀ ਹੈ। ਪੰਜਾਬ ਦੀ ਰੋਪੜ ਰੇਂਜ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਗੋਬਿੰਦਗੜ੍ਹ ਮੰਡੀ ਦੇ ਇੱਕ ਕਾਰੋਬਾਰੀ ਤੋਂ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਸੀ.ਬੀ.ਆਈ. ਨੇ ਗ੍ਰਿਫਤਾਰ ਕੀਤਾ ਹੈ।

ਸੀ.ਬੀ.ਆਈ. ਵੱਲੋਂ ਉਨ੍ਹਾਂ ਨੂੰ ਮੁਹਾਲੀ ਦੇ ਜ਼ਿਲ੍ਹਾ ਪੁਲਿਸ ਕੰਪਲੈਕਸ ਵਿੱਚੋਂ ਗ੍ਰਿਫਤਾਰ ਕੀਤਾ ਗਿਆ। ਬਾਅਦ ਵਿੱਚ ਉਨ੍ਹਾਂ ਦੇ ਘਰੋਂ 7 ਕਰੋੜ ਦੀ ਰਾਸ਼ੀ ਅਤੇ ਢਾਈ ਕਿੱਲੋ ਸੋਨਾ ਬਰਾਮਦ ਹੋਇਆ। ਉਨ੍ਹਾਂ ਦੇ ਘਰੋਂ ਅਤੇ ਫਾਰਮ ਤੋਂ ਮਹਿੰਗੀ ਵਿਦੇਸ਼ੀ ਸ਼ਰਾਬ ਦੀਆਂ 168 ਬੋਤਲਾਂ ਮਿਲੀਆਂ ਹਨ। ਇਸੇ ਤਰ੍ਹਾਂ ਮਹਿੰਗੇ ਭਾਅ ਦੀਆਂ ਗੱਡੀਆਂ ਬਰਾਮਦ ਕੀਤੀਆਂ ਗਈ ਹਨ। ਮਾਮਲੇ ਦੀ ਪੜਤਾਲ ਹਾਲੇ ਜਾਰੀ ਹੈ। ਮੁਅੱਤਲ ਡੀ.ਆਈ.ਜੀ. ਦੇ ਨਾਲ ਕ੍ਰਿਸ਼ਾਨੂੰ ਨਾਂ ਦਾ ਇੱਕ ਦਲਾਲ ਵੀ ਗ੍ਰਿਫਤਾਰ ਕੀਤਾ ਗਿਆ ਹੈ, ਜਿਹੜਾ ਡੀ.ਆਈ.ਜੀ. ਭੁੱਲਰ ਵੱਲੋਂ 5 ਲੱਖ ਰੁਪਏ ਰਿਸ਼ਵਤ ਹਾਸਲ ਕਰਨ ਆਇਆ ਫੜਿਆ ਗਿਆ। ਉਸ ਦੇ ਘਰੋਂ ਵੀ 20 ਲੱਖ ਰੁਪਏ ਕੈਸ਼ ਮਿਲੇ ਹਨ। ਇਧਰ ਪੰਜਾਬ ਸਰਕਾਰ ਨੇ ਕੁਝ ਦਿਨ ਤੱਕ ਖਾਮੋਸ਼ੀ ਧਾਰੀ ਰੱਖਣ ਪਿੱਛੋਂ ਸਬੰਧੰਤ ਅਫਸਰ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਕੇਸ ਸੰਬੰਧੀ ਗੋਬਿੰਦਗੜ੍ਹ ਸਕਰੈਪ ਦੇ ਕਾਰੋਬਾਰੀ ਅਕਾਸ਼ ਬੱਤਾ ਨੇ 11 ਅਕਤੂਬਰ ਨੂੰ ਸੀ.ਬੀ.ਆਈ ਕੋਲ ਕੇਸ ਦਰਜ ਕਰਵਾਇਆ ਸੀ। ਸੀ.ਬੀ.ਆਈ. ਨੇ ਗ੍ਰਿਫਤਾਰੀ ਤੋਂ ਪਹਿਲਾਂ ਇਸ ਮਸਲੇ ਦੀ ਬਿੜਕ ਤੱਕ ਨਹੀਂ ਲੱਗਣ ਦਿੱਤੀ। ਇਹ ਮਸਲਾ ਤਰਨਤਾਰਨ ਦੀ ਜ਼ਿਮਨੀ ਚੋਣ ਵਿੱਚ ਸੱਤਾਧਾਰੀ ਪਾਰਟੀ ਦੇ ਖਿਲਾਫ ਵਿਰੋਧੀ ਪਾਰਟੀਆਂ ਵੱਲੋਂ ਚੁੱਕਿਆ ਜਾਣ ਲੱਗਾ ਹੈ।

ਪੰਜਾਬ ਵਿੱਚ ਸਰਕਾਰੀ ਧਿਰ ਦੇ ਮਨਿਸਟਰ ਅਤੇ ਐਮ.ਐਲ.ਏ. ਤੇ ਵੱਡੀ ਅਫਸਰਸ਼ਾਹੀ ਇਸ ਬਾਰੇ ਖਾਮੋਸ਼ ਹੈ। ਵਿਰੋਧੀ ਧਿਰ ਵੱਲੋਂ ਕਾਂਗਰਸੀ ਐਮ.ਐਲ.ਏ. ਸੁਖਪਾਲ ਸਿੰਘ ਖਹਿਰਾ ਇਸ ਖਿਲਾਫ ਕੁਝ ਖੁੱਲ੍ਹ ਕੇ ਬੋਲੇ ਹਨ। ਗ੍ਰਿਫਤਾਰੀ ਤੋਂ ਮਗਰੋਂ ਡੀ.ਆਈ.ਜੀ. ਭੁੱਲਰ ਨੂੰ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿੱਚ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ। ਡੀ.ਆਈ.ਜੀ. ਭੁੱਲਰ ਖਿਲਾਫ ਮੰਡੀ ਗੋਬਿੰਦਗੜ੍ਹ ਦੇ ਸਕਰੈਪ ਕਾਰੋਬਾਰੀ ਅਕਾਸ਼ ਬੱਤਾ ਨੇ ਸ਼ਿਕਾਇਤ ਕੀਤੀ ਸੀ। ਉਨ੍ਹਾਂ ਅਨੁਸਾਰ ਸੀ.ਬੀ.ਆਈ. ਨੇ ਪਹਿਲਾਂ ਪੂਰੀ ਪੜਤਾਲ ਕਰਨ ਤੋਂ ਬਾਅਦ ਇਹ ਮਾਮਲਾ ਦਰਜ ਕੀਤਾ ਹੈ। ਬੱਤਾ ਦਾ ਆਖਣਾ ਹੈ ਕਿ ਉਨ੍ਹਾਂ ਖਿਲਾਫ ਸਰਹਿੰਦ ਥਾਣੇ ਵਿੱਚ ਕੀਤਾ ਗਿਆ ਕੇਸ ਝੂਠਾ ਹੈ। ਇਸੇ ਨੂੰ ਖਤਮ ਕਰਨ ਲਈ ਉਨ੍ਹਾਂ ਨੇ ਦਲਾਲ ਰਾਹੀਂ ਡੀ.ਆਈ.ਜੀ. ਤੱਕ ਪਹੁੰਚ ਕੀਤੀ ਸੀ। ਕੁਝ ਨਿਰਪੱਖ ਸੂਤਰਾਂ ਦਾ ਆਖਣਾ ਹੈ ਕਿ ਇਹ ਟੈਕਸ ਦੀ ਚੋਰੀ ਚਕਾਰੀ ਦਾ ਚੱਕਰ ਹੈ।

ਯਾਦ ਰਹੇ, ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਪੰਜਾਬ ਦੇ ਸਾਬਕਾ ਡੀ.ਜੀ.ਪੀ. ਮਹਿਲ ਸਿੰਘ ਭੁੱਲਰ ਦੇ ਬੇਟੇ ਹਨ। ਇੱਕ ਸੋਸ਼ਲ ਮੀਡੀਆ ਅਨੁਸਾਰ ਮੁਅੱਤਲ ਡੀ.ਆਈ.ਜੀ. ਭੁੱਲਰ ਦੀ ਭਰਤੀ ਵੀ ਉਨ੍ਹਾਂ ਦੇ ਪਿਤਾ ਸਾਬਕਾ ਡੀ.ਜੀ.ਪੀ. ਮਹਿਲ ਸਿੰਘ ਭੁੱਲਰ ਵੱਲੋਂ ਨਿਯਮਾਂ ਤੋਂ ਬਾਹਰ ਜਾ ਕੇ ਤਰਸ ਦੇ ਆਧਾਰ 'ਤੇ ਕਰਵਾਈ ਗਈ ਸੀ! ਉਹ ਡੀ.ਐਸ.ਪੀ. ਵਜੋਂ ਭਰਤੀ ਹੋਏ ਸਨ। ਇੱਕ ਹੋਰ ਸੋਸ਼ਲ ਪੋਸਟ ਵਿੱਚ ਇੱਕ ਸਾਬਕਾ ਪੁਲਿਸ ਅਫਸਰ ਨੇ ਦੱਸਿਆ ਕਿ ਭੁੱਲਰ ਦੀ ਨੌਕਰੀ ਦੇ ਸ਼ੁਰੂਆਤੀ ਦਿਨਾਂ 'ਚ ਡੀ.ਐਸ.ਪੀ. ਵਜੋਂ ਉਹ ਜਦੋਂ ਛੇਹਰਟਾ ਥਾਣੇ ਦੀ ਇੰਸਪੈਕਸ਼ਨ ਕਰਨ ਗਏ ਸਨ ਤਾਂ ਸੰਤਰੀ ਗੇਟ ਤੋਂ ਥੋੜ੍ਹਾ ਲਾਂਭੇ ਸੀ। ਦੋ ਤਿੰਨ ਮਿੰਟ ਬਾਅਦ ਜਦੋਂ ਉਹ ਆਇਆ ਤਾਂ ਹਰਚਰਨ ਸਿੰਘ ਭੁੱਲਰ ਨੇ ਉਸ ਨੂੰ ਗੰਦੀ ਗਾਲ੍ਹ ਕੱਢ ਦਿੱਤੀ। ਅੱਗੋਂ ਸੰਤਰੀ ਨੇ ਗੁੱਸੇ ਵਿੱਚ ਰਾਈਫਲ ਕਾਕ ਕਰ ਲਈ ਅਤੇ ਸਾਹਿਬ ਦੇ ਹੱਥ ਉੱਪਰ (ਹੈਂਡਸ ਅੱਪ) ਕਰਵਾ ਲਏ। ਐਸ.ਐਚ.ਓ. ਦੇ ਆਉਣ ਤੱਕ ਉਸੇ ਤਰ੍ਹਾਂ ਖੜ੍ਹੇ ਰਹਿਣ ਲਈ ਕਿਹਾ।

ਯਾਦ ਰਹੇ, ਮੰਡੀ ਗੋਬਿੰਦਗੜ੍ਹ ਵਿੱਚ ਲੋਹੇ ਦਾ ਕਾਰੋਬਾਰ ਵੱਡੀ ਪੱਧਰ 'ਤੇ ਹੁੰਦਾ ਹੈ। ਇਸੇ ਤਰ੍ਹਾਂ ਇੱਥੇ ਸਕਰੈਪ ਇਕੱਠਾ ਕਰਨ ਦਾ ਵੀ ਵੱਡਾ ਵਪਾਰ ਚਲਦਾ ਹੈ। ਸਕਰੈਪ ਦੇ ਕਾਰੋਬਾਰੀ ਅਕਾਸ਼ ਬੱਤਾ ਦਾ ਆਖਣਾ ਹੈ ਕਿ ਉਨ੍ਹਾਂ ਖਿਲਾਫ ਚਲਦੇ ਕੇਸ ਦਾ ਨਿਬੇੜਾ ਕਰਨ ਲਈ ਡੀ.ਆਈ.ਜੀ. ਭੁੱਲਰ ਵੱਲੋਂ 8 ਲੱਖ ਰੁਪਏ ਮਹੀਨਾ ਰਿਸ਼ਵਤ ਵਜੋਂ ਮੰਗੇ ਗਏ ਸਨ। ਇੱਕ ਦਲਾਲ ਕ੍ਰਿਸ਼ਾਨੂੰ ਡੀ.ਆਈ.ਜੀ. ਭੁੱਲਰ ਵਾਸਤੇ ਉਪਰੋਕਤ ਵਿੱਚੋਂ 5 ਲੱਖ ਰਪਏ ਲੈ ਰਿਹਾ ਸੀ ਤਾਂ ਸੀ.ਬੀ.ਆਈ. ਨੇ ਮੌਕੇ 'ਤੇ ਪਹੁੰਚ ਕੇ ਸੰਬੰਧਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ। ਲੋਹੇ ਦੇ ਕਾਰੋਬਾਰੀ ਅਕਾਸ਼ ਬੱਤਾ ਖਿਲਾਫ ਥਾਣਾ ਸਰਹਿੰਦ ਵਿੱਚ ਮੁਕੱਦਮਾ ਨੰਬਰ 155, ਸਾਲ 2023 ਵਿੱਚ ਦਰਜ ਕੀਤਾ ਗਿਆ ਸੀ। ਹੇਠਲੇ ਪੱਧਰ 'ਤੇ ਮੁਕੱਦਮਾ ਖਤਮ ਕਰਵਾਉਣ ਦੇ ਕਾਰੋਬਾਰੀ ਦੇ ਯਤਨ ਜਦੋਂ ਨਾਕਾਮ ਰਹੇ ਤਾਂ ਇੱਕ ਕ੍ਰਿਸ਼ਾਨੂੰ ਨਾਮ ਦੇ ਵਿਅਕਤੀ ਰਾਹੀਂ ਡੀ.ਆਈ.ਜੀ. ਭੁੱਲਰ ਨਾਲ ਸੰਪਰਕ ਸਾਧਿਆ ਗਿਆ। ਉਸ ਨੇ ਸੇਵਾ ਪਾਣੀ ਦੇ ਨਾਂ 'ਤੇ ਪੈਸੇ ਮੰਗੇ। ਨਾਲ ਹੀ ਮਹੀਨਾ ਬੰਨ੍ਹਣ ਲਈ ਜ਼ੋਰ ਪਾਇਆ।

ਮੁੱਖ ਦਲਾਲ ਕ੍ਰਿਸ਼ਾਨੂੰ ਬਾਰੇ ਸੋਸ਼ਲ ਮੀਡੀਆ 'ਤੇ ਹੋਰ ਵੀ ਬਹੁਤ ਕੁਝ ਚੱਲ ਰਿਹਾ ਹੈ। ਉਸ ਦੇ ਨਵਜੋਤ ਸਿੰਘ ਸਿੱਧੂ ਸਮੇਤ ਕਈ ਹੋਰ ਸਿਆਸਤਦਾਨਾਂ ਅਤੇ ਅਧਿਕਾਰੀਆਂ ਨਾਲ ਵੀ ਨਜ਼ਦੀਕੀਆਂ ਦੱਸੀਆਂ ਜਾ ਰਹੀਆਂ ਹਨ। ਇਹ ਵਿਅਕਤੀ ਇੱਕ ਪ੍ਰੋਫੈਸ਼ਨਲ ਦਲਾਲ ਜਾਪਦਾ ਹੈ, ਜਿਸ ਦੇ ਪੰਜਾਬ ਦੀ ਅਫਸਰਸ਼ਾਹੀ ਤੇ ਸਿਆਸਤਦਾਨਾਂ 'ਚ ਵਿਆਪਕ ਸੰਬੰਧ ਹਨ। ਉਂਝ ਪੰਜਾਬ ਦੇ ਸਿਆਸੀ ਆਗੂ ਅਤੇ ਅਫਸਰਸ਼ਾਹੀ ਜਿੰਨੀ ਤੇਜ਼ੀ ਨਾਲ ਅਮੀਰ ਹੁੰਦੇ ਹਨ, ਉਸ ਦੇ ਸੰਦਰਭ ਵਿੱਚ ਲੋਕਾਂ ਲਈ ਇਹ ਕੋਈ ਹੈਰਾਨੀਜਨਕ ਵਰਤਾਰਾ ਨਹੀਂ ਹੈ। ਸਗੋਂ ਇਹ ਕੇਸ ਇਸ ਭ੍ਰਿਸ਼ਟ ਵਰਤਾਰੇ ਦਾ ਕਿਣਕਾ ਮਾਤਰ ਹੈ।

ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਜੱਜ ਦੀ ਪੰਚਕੂਲਾ ਵਿੱਚ ਸਥਿਤ ਕੋਠੀ ਵਿੱਚੋਂ ਜਲੇ ਹੋਏ ਨੋਟ ਮਿਲੇ ਸਨ; ਪਰ ਇਸ ਕੇਸ ਨੂੰ ਬੜੀ ਸਫਾਈ ਨਾਲ ਮੈਨੇਜ ਕਰ ਲਿਆ ਗਿਆ ਸੀ। ਇਸੇ ਤਰ੍ਹਾਂ ਪੱਤਰਕਾਰ ਤੋਂ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਬਣੇ ਰਵੀ ਸਿੱਧੂ ਦੇ ਘਰੋਂ ਨੋਟਾਂ ਦੀਆਂ ਸੈਲਫਾਂ ਭਰੀਆਂ ਮਿਲੀਆਂ ਸਨ। ਉਸ ਵਕਤ ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿੱਚ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ; ਪਰ ਮੀਡੀਆ ਵਿੱਚ ਹੱਦੋਂ ਪਰ੍ਹੇ ਲਾਈਮ ਲਾਈਟ ਵਿੱਚ ਆਏ ਇਸ ਹਾਈ ਪ੍ਰੋਫਾਈਲ ਕੇਸ ਵਿੱਚ ਰਵੀ ਸਿੱਧੂ ਨੂੰ ਕੁਝ ਨਹੀਂ ਸੀ ਹੋਇਆ। ਗਵਾਹਾਂ ਦੇ ਮੁੱਕਰ ਜਾਣ ਕਾਰਨ ਉਹ ਬਰੀ ਹੋ ਗਿਆ ਸੀ। ਇਸ ਲਈ ਲੋਕਾਂ ਦੀ ਜ਼ੁਬਾਨ 'ਤੇ ਇਹ ਸ਼ਬਦ ਚੜ੍ਹ ਗਿਆ ਹੈ ਕਿ 'ਇੱਥੇ ਕੁਝ ਨਹੀਂ ਹੋਣਾ।'

ਰਵੀ ਸਿੱਧੂ ਵਾਲਾ ਕੇਸ ਸ਼ਾਇਦ ਪੰਜਾਬ ਵਿਜੀਲੈਂਸ ਬਿਊਰੋ ਨੇ ਦਰਜ ਕੀਤਾ ਸੀ। ਇਹ ਕੇਸ ਸੀ.ਬੀ.ਆਈ. ਨੇ ਦਰਜ ਕੀਤਾ ਹੈ। ਸਵਾਲ ਉਠਣਾ ਸੁਭਾਵਿਕ ਹੈ ਕਿ ਇੱਕ ਉਚ ਪੁਲਿਸ ਅਫਸਰ ਦੇ ਖਿਲਾਫ ਇਹ ਕੇਸ ਆਪਣੇ ਅੰਤਿਮ ਅੰਜਾਮ ਤੱਕ ਪਹੁੰਚੇਗਾ? ਕੀ ਇਸ ਮਸਲੇ ਦੀਆਂ ਤੰਦਾਂ ਆਸੇ-ਪਾਸੇ ਅਤੇ ਹੋਰ ਉਪਰ ਦੀ ਅਫਸਰਸ਼ਾਹੀ ਤੱਕ ਵੀ ਜਾ ਸਕਦੀਆਂ ਹਨ? ਸੁਆਲ ਹੈ ਕਿ ਇਹ ਧੰਦਾ ਡੀ. ਆਈ. ਜੀ. ਭੁੱਲਰ ਇਕੱਲੇ ਕਰਦੇ ਸਨ ਜਾਂ ਇਸ ਦੇ ਰੇਸ਼ੇ ਸਿਆਸੀ ਜਮਾਤ ਨਾਲ ਵੀ ਜੁੜੇ ਹੋਏ ਹਨ। ਸੀ.ਬੀ.ਆਈ. ਕੇਂਦਰ ਸਰਕਾਰ ਦੇ ਅਧੀਨ ਹੈ, ਪੰਜਾਬ ਵਿੱਚ ਤਰਨਤਾਰਨ ਵਿਧਾਨ ਸਭਾ ਸੀਟ 'ਤੇ ਜ਼ਿਮਨੀ ਚੋਣ ਲਈ ਪ੍ਰਚਾਰ ਚੱਲ ਰਿਹਾ ਹੈ। ਅਗਾਂਹ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੀ ਹੁਣ ਸਾਲ ਕੁ ਦਾ ਸਮਾਂ ਹੀ ਬਚਿਆ ਹੈ।

ਇਸ ਕੇਸ ਦੀ ਵੀ ਸੱਤਾਧਾਰੀ ਧਿਰ ਨੂੰ ਜ਼ਿਮਨੀ ਚੋਣ ਵਿੱਚ ਕਾਫੀ ਸੱਟ ਲੱਗੇਗੀ। ਪਰ ਜੇ ਮਾਮਲੇ ਦੀਆਂ ਸਿਆਸੀ ਤੰਦਾਂ ਨਿਕਲ ਆਉਂਦੀਆਂ ਹਨ ਤਾਂ 2027 ਦੀਆਂ ਚੋਣਾਂ ਦੇ ਸੰਦਰਭ ਵਿੱਚ 'ਆਪ' ਦੀ ਭਰੋਸੇਯੋਗਤਾ ਨੂੰ ਨਾ ਸਹਿਣਯੋਗ ਸੱਟ ਵੱਜ ਸਕਦੀ ਹੈ। ਪਾਰਟੀ ਲਈ ਸਿਆਸੀ ਹੋਂਦ ਦਾ ਖ਼ਤਰਾ ਵੀ ਖੜ੍ਹਾ ਹੋ ਸਕਦਾ ਹੈ; ਕਿਉਂਕਿ ਭ੍ਰਿਸ਼ਟਾਚਾਰ ਖਤਮ ਕਰਨ ਦੇ ਵਾਅਦੇ ਨਾਲ ਹੀ ਇਹ ਪਾਰਟੀ ਸੱਤਾ ਵਿੱਚ ਆਈ ਸੀ। ਬਾਕੀ ਰਾਜਾਂ ਵਿੱਚ ਆਪਣੀ ਇਸ਼ਤਿਹਾਰ ਮੁਹਿੰਮ ਵਿੱਚ ਆਮ ਆਦਮੀ ਪਾਰਟੀ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਨੂੰ ਮੁਕੰਮਲ ਤੌਰ 'ਤੇ ਖਤਮ ਕਰਨ ਦਾ ਦਾਅਵਾ ਵੀ ਕਰਦੀ ਹੈ।

## ਭੁੱਲਰ ਦੀਆਂ ਬੇਨਾਮੀ ਜਾਇਦਾਦਾਂ ਨੂੰ ਜ਼ਬਤ ਕਰਨ ਦੀ ਪ੍ਰਕਿਰਿਆ ਸ਼ੁਰੂ

ਮੁਅੱਤਲ ਡੀ.ਆਈ.ਜੀ. ਭੁੱਲਰ ਦੇ ਭ੍ਰਿਸ਼ਟਾਚਾਰ ਕੇਸ ਸਬੰਧੀ ਹੁਣ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਐਂਟਰੀ ਨੇ ਮਾਮਲੇ ਨੂੰ ਨਵਾਂ ਮੋੜ ਦੇ ਦਿੱਤਾ ਹੈ। ਈ.ਡੀ. ਨੇ ਸੀ.ਬੀ.ਆਈ. ਤੋਂ ਭੁੱਲਰ ਦੀਆਂ ਜਾਇਦਾਦਾਂ ਨਾਲ ਜੁੜੇ ਦਸਤਾਵੇਜ਼ ਮੰਗ ਲਏ ਹਨ ਅਤੇ ਹੁਣ ਛਾਪਿਆਂ ਦੌਰਾਨ ਬਰਾਮਦ ਵਸਤਾਂ ਦੀ ਪੂਰੀ ਜਾਣਕਾਰੀ ਲਈ ਜਾਵੇਗੀ। ਇਸ ਤੋਂ ਬਾਅਦ ਈ.ਡੀ. ਮਨੀ ਲਾਂਡਰਿੰਗ ਐਕਟ ਅਧੀਨ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰੇਗੀ। ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਦੇ ਛਾਪਿਆਂ ਦੌਰਾਨ ਅੰਬਾਲਾ, ਮੋਹਾਲੀ, ਚੰਡੀਗੜ੍ਹ ਅਤੇ ਰੋਪੜ ਸਮੇਤ 7 ਥਾਵਾਂ 'ਤੇ ਕਾਰਵਾਈ ਕੀਤੀ ਗਈ। ਹੁਣ ਇਸ ਕੇਸ ਦੀਆਂ ਨਵੀਆਂ ਪਰਤਾਂ ਖੁੱਲ੍ਹ ਰਹੀਆਂ ਹਨ।

ਇਸ ਕੇਸ ਵਿੱਚ ਰੋਪੜ ਰੇਂਜ ਦੇ ਪੰਜ ਹੋਰ ਆਈ.ਪੀ.ਐੱਸ. ਅਫ਼ਸਰ ਵੀ ਸੀ.ਬੀ.ਆਈ. ਦੇ ਰਡਾਰ 'ਤੇ ਹਨ, ਜਿਹੜੇ ਭੁੱਲਰ ਦੇ ਅਧੀਨ ਹੀ ਕੰਮ ਕਰਦੇ ਰਹੇ ਹਨ। ਉਨ੍ਹਾਂ ਨੂੰ ਰਿਸ਼ਵਤਕਾਂਡ ਅਤੇ ਵਿਚੋਲੇ ਕ੍ਰਿਸ਼ਨੂੰ ਨਾਲ ਜੁੜੇ ਸਵਾਲਾਂ ਦੇ ਜਵਾਬ ਦੇਣ ਪੈਣਗੇ। ਅਧਿਕਾਰਤ ਸੂਤਰਾਂ ਅਨੁਸਾਰ ਭੁੱਲਰ ਇਨ੍ਹਾਂ ਅਧਿਕਾਰੀਆਂ ਨੂੰ ਸਰਵਿਸ ਦੌਰਾਨ ਅਜਿਹੇ ਹੁਕਮ ਦਿੰਦਾ ਸੀ, ਜੋ ਜਾਂਚ ਵਾਲੇ ਵਿਸ਼ੇ ਹਨ। ਇਹ ਪੰਜ ਅਧਿਕਾਰੀ ਕੌਣ ਹਨ, ਇਸ ਦਾ ਰਾਜ ਅਜੇ ਨਹੀਂ ਖੁੱਲ੍ਹਿਆ, ਪਰ ਸੀ.ਬੀ.ਆਈ. ਉਨ੍ਹਾਂ ਤੋਂ ਪੁੱਛਗਿੱਛ ਕਰਨ ਵਾਲੀ ਹੈ।

ਪੰਜਾਬ ਸਰਕਾਰ ਨੇ ਵੀ ਆਪਣੇ ਪੱਧਰ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਤਾ ਲੱਗਾ ਹੈ ਕਿ ਛਾਪਿਆਂ ਦੌਰਾਨ ਸਾਹਮਣੇ ਆਈਆਂ 71 ਜਾਇਦਾਦਾਂ ਵਿੱਚੋਂ ਕੁਝ ਬੇਨਾਮੀ ਹਨ, ਜਿਨ੍ਹਾਂ ਨੂੰ ਅਟੈਚ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਪੰਜਾਬ ਦਾ ਰੈਵਨਿਊ ਵਿਭਾਗ ਸੀ.ਬੀ.ਆਈ. ਤੋਂ ਦਸਤਾਵੇਜ਼ਾਂ ਦੀਆਂ ਕਾਪੀਆਂ ਲੈ ਕੇ ਵੈਰੀਫਿਕੇਸ਼ਨ ਕਰ ਰਿਹਾ ਹੈ ਅਤੇ ਜਲਦੀ ਹੀ ਇਨ੍ਹਾਂ ਨੂੰ ਜ਼ਬਤ ਕਰ ਲਵੇਗਾ। ਇਹ ਜਾਇਦਾਦਾਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹਨ ਅਤੇ ਭੁੱਲਰ ਨੇ ਇਨ੍ਹਾਂ ਨੂੰ ਰਿਸ਼ਵਤ ਦੇ ਪੈਸਿਆਂ ਨਾਲ ਹੀ ਖਰੀਦਿਆ ਸੀ।

ਇੱਕ ਵੀਡੀਓ ਵਿੱਚ ਅਕਾਸ਼ ਬੱਤਾ ਨੇ ਖੁਲਾਸਾ ਕੀਤਾ ਕਿ ਭੁੱਲਰ ਨੇ ਉਸ ਨੂੰ ਅਮਰੀਕਾ ਵਿੱਚ ਰਹਿਣ ਵਾਲੇ ਇੱਕ ਵਿਅਕਤੀ ਤੋਂ ਫ਼ੋਨ ਕਰਵਾਇਆ ਅਤੇ ਦੋ ਭਰਾਵਾਂ ਵਿਚਕਾਰ ਝਗੜਾ ਵਧਾ ਕੇ ਉਨ੍ਹਾਂ ਦੀ ਜ਼ਮੀਨ ਨੂੰ ਬਹੁਤ ਘੱਟ ਕੀਮਤ 'ਤੇ ਖਰੀਦ ਲਿਆ। ਉਸ ਵਿਅਕਤੀ ਦਾ ਭਰਾ ਪੰਜਾਬ ਵਿੱਚ ਰਹਿੰਦਾ ਸੀ ਅਤੇ ਪਰਿਵਾਰ ਅਮਰੀਕਾ ਵਿੱਚ, ਪਰ ਭੁੱਲਰ ਨੇ ਉਨ੍ਹਾਂ ਨੂੰ ਇੱਕ ਦੂਜੇ ਵਿਰੁੱਧ ਭੜਕਾ ਦਿੱਤਾ। ਇਸ ਵੀਡੀਓ ਨੇ ਕੇਸ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ।

ਇਸੇ ਦੌਰਾਨ ਭੁੱਲਰ 'ਤੇ ਹੁਣ ਸਮਰਾਲਾ ਵਿੱਚ ਉਸ ਦੇ ਫਾਰਮਹਾਊਸ 'ਤੇ ਵੱਡੀ ਤਾਦਾਦ ਵਿਚ ਸ਼ਰਾਬ ਦੀਆਂ ਬੋਤਲਾਂ ਰੱਖਣ ਦਾ ਵੀ ਦੋਸ਼ ਲੱਗਾ ਹੈ, ਜੋ ਉਸ ਦੇ ਭ੍ਰਿਸ਼ਟ ਚਰਿੱਤਰ ਨੂੰ ਹੋਰ ਬੇਪਰਦਾ ਕਰ ਰਿਹਾ ਹੈ। ਕਾਂਗਰਸ ਪਾਰਟੀ ਨੇ ਕਿਹਾ ਹੈ ਕਿ ਇਹ ਸਿਰਫ਼ ਇੱਕ ਅਧਿਕਾਰੀ ਦਾ ਮਾਮਲਾ ਨਹੀਂ, ਸਗੋਂ ਪੂਰੇ ਸਿਸਟਮ ਵਿੱਚ ਵਿਆਪਕ ਭ੍ਰਿਸ਼ਟਾਚਾਰ ਦੀ ਨਿਸ਼ਾਨਦੇਹੀ ਹੈ। ਭੁੱਲਰ ਦੇ ਕੇਸ ਨੇ ਆਮ ਲੋਕਾਂ ਵਿੱਚ ਵੀ ਗੁੱਸਾ ਪੈਦਾ ਕੀਤਾ ਹੈ।

ਜੇਕਰ ਜਾਂਚ ਨਿਰਪੱਖ ਰਹੀ ਤਾਂ ਇਹ ਕੇਸ ਪੰਜਾਬ ਵਿੱਚ ਨਿਆਂ ਪ੍ਰਣਾਲੀ ਦੀ ਮਜਬੂਤੀ ਲਈ ਇੱਕ ਮੀਲ ਪੱਥਰ ਸਾਬਤ ਹੋ ਸਕਦਾ ਹੈ। ਭੁੱਲਰ ਵੱਲੋਂ ਆਪਣੀ ਆਮਦਨ ਤੋਂ 10 ਗੁਣਾ ਵੱਧ ਵਸੂਲੀਆਂ ਕੀਤੇ ਜਾਣ ਦੇ ਖਦਸ਼ੇ ਹਨ। ਰੋਪੜ ਰੇਂਜ ਵਿੱਚ ਉਸ ਦੇ ਕਾਰਜਕਾਲ ਦੌਰਾਨ ਕਈ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿੱਥੇ ਉਸ ਨੇ ਪੁਲਿਸ ਨੂੰ ਰਿਸ਼ਵਤ ਲਈ ਵਰਤਿਆ। ਇੱਕ ਸੂਤਰ ਨੇ ਦੱਸਿਆ ਕਿ ਭੁੱਲਰ ਨੇ ਨਾ ਸਿਰਫ਼ ਜ਼ਮੀਨਾਂ ਖਰੀਦੀਆਂ, ਸਗੋਂ ਵਿਦੇਸ਼ੀ ਯਾਤਰਾਵਾਂ ਅਤੇ ਮਹਿੰਗੇ ਵਾਹਨਾਂ 'ਤੇ ਵੀ ਵਾਧੂ ਖਰਚ ਕੀਤੇ।

ਪੰਜਾਬ ਵਿੱਚ ਭ੍ਰਿਸ਼ਟਾਚਾਰ ਦੇ ਕੇਸ ਨਵੇਂ ਨਹੀਂ ਹਨ। ਪਿਛਲੇ ਕੁਝ ਸਾਲਾਂ ਵਿੱਚ ਕਈ ਆਈ.ਪੀ.ਐੱਸ. ਅਧਿਕਾਰੀ ਵੱਖ-ਵੱਖ ਕੇਸਾਂ ਵਿੱਚ ਫਸੇ ਹਨ। ਭੁੱਲਰ ਦਾ ਕੇਸ ਇੱਕ ਚੇਤਾਵਨੀ ਹੈ ਕਿ ਅਧਿਕਾਰੀ ਵਰਗ ਨੂੰ ਆਪਣੇ ਰਵੱਈਏ ਨੂੰ ਬਦਲਣਾ ਪਵੇਗਾ। ਜਿਵੇਂ ਕਿ ਉਰਦੂ ਕਵੀ ਐਹਤਿਸ਼ਾਮ ਅਖ਼ਤਰ ਨੇ ਕਿਹਾ ਹੈ: "ਸ਼ਹਿਰ ਦੇ ਹਨੇਰੇ ਨੂੰ ਇੱਕ ਚਰਾਗ਼ ਕਾਫ਼ੀ ਹੈ, ਸੌ ਚਰਾਗ਼ ਜਲਦੇ ਹਨ ਇੱਕ ਚਰਾਗ਼ ਜਲਣ ਤੋਂ।" ਇਹ ਕੇਸ ਉਸ ਚਰਾਗ਼ ਵਾਂਗ ਹੈ, ਜੋ ਪੰਜਾਬ ਦੇ ਅਧਿਕਾਰੀ ਵਿਭਾਗ ਦੇ ਹਨੇਰੇ ਨੂੰ ਰੌਸ਼ਨੀ ਦੇ ਰਿਹਾ ਹੈ। ਜਾਂਚ ਜਾਰੀ ਹੈ ਅਤੇ ਅੱਗੇ ਹੋਰ ਖੁਲਾਸੇ ਹੋਣੇ ਬਾਕੀ ਹਨ।


Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

# ਗੁਰਦੁਆਰਾ ਪੈਲਾਟਾਈਨ ਵੱਲੋਂ ਸਜਾਏ ਨਗਰ ਕੀਰਤਨ ਦੀ ਸ਼ੋਭਾ





























ਤਸਵੀਰਾਂ: ਏਸ਼ੀਅਨ ਮੀਡੀਆ

# ਕੈਨੇਡਾ ਦੇ ਪ੍ਰਾਂਤ ਅਲਬਰਟਾ ਵਿੱਚ ਅਧਿਆਪਕਾਂ ਦੀ ਹੜਤਾਲ

**ਮੱਖਣ ਕੁਹਾੜ (ਐਡਮਿੰਟਨ)**
**ਫੋਨ:+91-95013-65522**

ਸੰਸਾਰ ਭਰ ਵਿਚ ਡਾਇਨਾਸੋਰ ਰੂਪੀ ਕਾਰਪੋਰੇਟਾਂ ਦੀ ਭੁੱਖ ਲਗਾਤਾਰ ਵਧਦੀ ਜਾ ਰਹੀ ਹੈ। ਸਿੱਟੇ ਵਜੋਂ ਅਮੀਰ ਹੋਰ ਅਮੀਰ ਤੇ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ। ਕਿਸੇ ਦੇਸ਼ ਦੇ ਆਰਥਕ ਸੰਕਟ ਦਾ ਭਾਵ ਹੁੰਦਾ ਹੈ, ਅਮੀਰ ਸ਼੍ਰੇਣੀ ਦੀ ਆਮਦਨ ਦਾ ਘਟਣਾ। ਇੰਝ ਰਾਜ ਕਰਦੀ ਸਰਮਾਏਦਾਰ ਸ਼੍ਰੇਣੀ ਕਾਰਪੋਰੇਟਾਂ ਦੀ ਆਮਦਨ ਵਧਾਉਣ ਲਈ ਗ਼ਰੀਬ ਸ਼੍ਰੇਣੀ ਦੀ ਲੁੱਟ ਹੋਰ ਵਧਾ ਦਿੰਦੀ ਹੈ। ਉਹ ਗ਼ਰੀਬ ਸ਼੍ਰੇਣੀ ਨੂੰ ਮਿਲਦੀਆਂ ਸਹੂਲਤਾਂ ਸਹਿਜੇ-ਸਹਿਜੇ ਬੰਦ ਕਰਦੀ ਜਾਂਦੀ ਹੈ। ਇਹੀ ਸੰਸਾਰ ਦੇ ਸਰਮਾਏਦਾਰ ਦੇਸ਼ਾਂ ਦੀਆਂ ਸਰਕਾਰਾਂ ਦਾ ਵਰਤਾਰਾ ਹੈ। ਕੈਨੇਡਾ ਵੀ ਇਹ ਸਹੂਲਤਾਂ ਸਹਿਜੇ-ਸਹਿਜੇ ਖ਼ਤਮ ਕਰ ਰਿਹਾ ਹੈ। ਸਿਹਤ, ਰੋਜ਼ਗਾਰ, ਮਹਿੰਗਾਈ, ਸਮਾਜਕ ਸੁਰੱਖਿਆ ਤੇ ਹੋਰ ਸਹੂਲਤਾਂ ਦਾ ਬੁਰਾ ਹਾਲ ਤਾਂ ਹੈ ਹੀ, ਹੁਣ ਸਭ ਤੋਂ ਜ਼ਰੂਰੀ ਮੁਫ਼ਤ ਤੇ ਬਰਾਬਰ ਸਿੱਖਿਆ ਦੇਣ ਤੋਂ ਵੀ ਸਰਕਾਰ ਪਿੱਛੇ ਹਟ ਰਹੀ ਹੈ। ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਨੂੰ ਗੰਭੀਰ ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਟੇ ਵਜੋਂ ਕੈਨੇਡਾ ਦੇ ਪ੍ਰਾਂਤ ਅਲਬਰਟਾ ਦੇ ਅਧਿਆਪਕਾਂ ਨੇ ਇਸ ਵਰਤਾਰੇ ਵਿਰੁੱਧ ਅਵਾਜ਼ ਉਠਾਉਣ ਦੀ ਪਹਿਲ ਕੀਤੀ ਹੈ ਅਤੇ ਉਹ 6 ਅਕਤੂਬਰ 2025 ਤੋਂ ਮੁਕੰਮਲ ਹੜਤਾਲ 'ਤੇ ਹਨ। ਉਨ੍ਹਾਂ ਨੂੰ ਅਲਬਰਟਾ ਪ੍ਰਾਂਤ ਦੇ ਸਮੁੱਚੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਪੂਰਨ ਸਮਰਥਨ ਮਿਲ ਰਿਹਾ ਹੈ। ਅਧਿਆਪਕ ਤਾਂ ਰੈਲੀਆਂ ਕਰ ਹੀ ਰਹੇ ਹਨ, ਵਿਦਿਆਰਥੀ ਅਤੇ ਮਾਪੇ ਵੀ ਵੱਡੀ ਪੱਧਰ 'ਤੇ ਇਸ ਹੜਤਾਲ ਦੇ ਹੱਕ ਵਿੱਚ ਥਾਂ-ਥਾਂ ਵਿਸ਼ਾਲ ਰੈਲੀਆਂ ਕਰ ਰਹੇ ਹਨ। ਏਨਾ ਹੀ ਨਹੀਂ, ਸਾਰੇ ਕੈਨੇਡਾ ਦੇ ਲੋਕਾਂ ਵੱਲੋਂ ਇਸ ਹੜਤਾਲ ਨੂੰ ਸਮਰਥਨ ਮਿਲ ਰਿਹਾ ਹੈ।

ਅਧਿਆਪਕਾਂ ਦੀ ਮੁੱਖ ਮੰਗ ਇਹ ਹੈ ਕਿ ਅਧਿਆਪਕ, ਵਿਦਿਆਰਥੀ ਅਨੁਪਾਤ ਜੋ 1:18 ਤੋਂ 1:20 ਹੁੰਦਾ ਸੀ, ਉਹ ਹੁਣ 1:40 ਤੋਂ 1:45 ਤੀਕ ਚਲਾ ਗਿਆ ਹੈ। ਇੱਕ ਕਲਾਸ ਵਿੱਚ 40-45 ਬੱਚੇ ਬੈਠਦੇ ਹਨ। ਇੱਥੋਂ ਤੀਕ ਹਾਲਤ ਮੰਦੀ ਹੈ ਕਿ ਵਿਦਿਆਰਥੀ ਬਹੁਤ ਫਸ-ਫਸ ਕੇ ਮਸਾਂ ਹੀ ਕਲਾਸ ਵਿੱਚ ਬੈਠੇ ਹੁੰਦੇ ਹਨ। ਦੁਨੀਆਂ ਦੇ ਸਾਰੇ ਹੀ ਸਿੱਖਿਆ ਸ਼ਾਸਤਰੀਆਂ ਦਾ ਇਹੀ ਮੱਤ ਹੈ ਕਿ ਇੱਕ ਕਲਾਸ ਵਿੱਚ 20 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ। ਟੀਚਰ ਵਿਦਿਆਰਥੀਆਂ ਨਾਲ ਇਨਸਾਫ਼ ਨਹੀਂ ਕਰ ਸਕਦਾ। ਇਸ ਲਈ ਅਧਿਆਪਕਾਂ, ਅਸਿਸਟੈਂਟਾਂ, ਸਕੂਲਾਂ ਤੇ ਸਕੂਲੀ ਕਮਰਿਆਂ ਦੀ ਗਿਣਤੀ ਵਧਾਈ ਜਾਵੇ।

ਇਸ ਵਕਤ ਅਲਬਰਟਾ ਵਿੱਚ 51 ਹਜ਼ਾਰ ਅਧਿਆਪਕ ਹਨ, ਇਨ੍ਹਾਂ ਵਿੱਚ 37 ਹਜ਼ਾਰ ਅਸਲ ਪੂਰਾ ਟਾਈਮ ਅਧਿਆਪਕ ਹਨ ਅਤੇ 14 ਹਜ਼ਾਰ ਸਹਾਇਕ (ਅਸਿਸਟੈਂਟ) ਹਨ। ਜਦਕਿ ਵਿਦਿਆਰਥੀਆਂ ਦੀ ਗਿਣਤੀ ਸਾਢੇ ਸੱਤ ਲੱਖ ਹੈ। ਇੰਝ ਅਧਿਆਪਕ ਯੂਨੀਅਨ ਦੀ ਇਹ ਮੰਗ ਬਿਲਕੁਲ ਜਾਇਜ਼ ਗਿਣੀ ਜਾ ਰਹੀ ਹੈ ਕਿ ਅਨੁਪਾਤ ਠੀਕ ਕਰਨ ਲਈ ਘੱਟੋ-ਘੱਟ 5000 ਅਧਿਆਪਕ ਹੋਰ ਭਰਤੀ ਕੀਤੇ ਜਾਣ ਅਤੇ 3000 ਅਸਿਸਟੈਂਟਾਂ ਦੀ ਹੋਰ ਭਰਤੀ ਕੀਤੀ ਜਾਵੇ।

ਅਧਿਆਪਕਾਂ ਦੀ ਦੂਜੀ ਮੁੱਖ ਮੰਗ ਸਿੱਖਿਆ ਦੇ ਬਜਟ (ਫੰਡਿੰਗ) ਵਿੱਚ ਵਾਧੇ ਦੀ ਹੈ। ਹਰ ਸਾਲ ਬਜਟ ਦਾ ਸਿੱਖਿਆ 'ਤੇ ਖ਼ਰਚਾ ਘਟਾਇਆ ਜਾ ਰਿਹਾ ਹੈ। 2025-26 ਦੇ ਬਜਟ ਵਿੱਚ ਸਿਰਫ਼ 9.9 ਬਿਲੀਅਨ ਡਾਲਰ ਹੀ ਸਿੱਖਿਆ ਲਈ ਰੱਖੇ ਗਏ ਹਨ। ਅਲਬਰਟਾ ਸਰਕਾਰ ਨੇ ਪ੍ਰਾਈਵੇਟ (ਨਿੱਜੀ) ਸਕੂਲਾਂ ਦੀ 2025-26 ਦੇ ਬਜਟ ਵਿੱਚ ਆਰਥਿਕ ਸਹਾਇਤਾ 10% ਹੋਰ ਵਧਾ ਕੇ 461 ਮਿਲੀਅਨ ਡਾਲਰ ਕਰ ਦਿੱਤੀ ਹੈ, ਪਰ ਪਬਲਿਕ (ਸਰਕਾਰੀ) ਸਕੂਲਾਂ ਨੂੰ ਬਜਟ ਦਾ ਸਿਰਫ਼ 4.5% ਹੀ ਦਿੱਤਾ ਗਿਆ ਹੈ। ਅਧਿਆਪਕਾਂ ਦੀ ਇਹ ਦਲੀਲ ਜਾਇਜ਼ ਹੈ ਕਿ ਪਬਲਿਕ ਸਕੂਲਾਂ ਦੀ ਪ੍ਰਾਈਵੇਟ ਸਕੂਲਾਂ ਨਾਲੋਂ ਵੱਧ ਮਦਦ ਕਰਨੀ ਬਣਦੀ ਹੈ; ਪਰ ਸਰਕਾਰ ਪਬਲਿਕ ਵਿਦਿਅਕ ਅਦਾਰਿਆਂ ਦਾ ਨੁਕਸਾਨ ਕਰਕੇ ਨਿੱਜੀ ਸਕੂਲਾਂ ਨੂੰ ਉਤਸ਼ਾਹਿਤ ਕਰ ਰਹੀ ਹੈ, ਜਦਕਿ ਅਧਿਆਪਕਾਂ ਦੀ ਮੰਗ ਹੈ ਕਿ ਘੱਟੋ-ਘੱਟ 11.3 ਮਿਲੀਅਨ ਡਾਲਰ ਫੰਡਿੰਗ ਹੋਣੀ ਚਾਹੀਦਾ ਹੈ। ਇਸ ਤੋਂ ਘੱਟ ਬਜਟ ਨਾਲ ਸਿੱਖਿਆ ਦੇ ਖ਼ਰਚਿਆਂ ਦੀ ਪ੍ਰਤੀਪੂਰਤੀ ਨਹੀਂ ਹੋ ਸਕਦੀ।




ਅਧਿਆਪਕਾਂ ਦੀ ਇਹ ਮੰਗ ਵੀ ਸਭ ਕੈਨੇਡਾ ਵਾਸੀਆਂ ਨੂੰ ਕਾਇਲ ਕਰਦੀ ਹੈ ਕਿ ਕੈਨੇਡਾ ਦੀ ਫੈਡਰਲ ਸਰਕਾਰ ਪ੍ਰਤੀ ਵਿਦਿਆਰਥੀ 13000 ਡਾਲਰ ਖ਼ਰਚ ਕਰਦੀ ਹੈ, ਜਦਕਿ ਅਲਬਰਟਾ ਸਰਕਾਰ ਵੱਲੋਂ ਸਭ ਕੈਨੇਡੀਅਨ ਸੂਬਿਆਂ ਤੋਂ ਘੱਟ 11664 ਡਾਲਰ ਸਾਲਾਨਾ ਪ੍ਰਤੀ ਵਿਦਿਆਰਥੀ ਹੀ ਖ਼ਰਚਿਆ ਜਾ ਰਿਹਾ ਹੈ। ਇਸਨੂੰ ਬਰਾਬਰ ਕੀਤਾ ਜਾਵੇ।

ਫੰਡਿੰਗ ਨਾਲ ਜੁੜੀ ਅਧਿਆਪਕਾਂ ਦੀ ਇੱਕ ਹੋਰ ਵੱਡੀ ਤੇ ਮਹੱਤਵਪੂਰਨ ਮੰਗ ਤਨਖ਼ਾਹਾਂ ਵਿੱਚ ਵਾਧੇ ਦੀ ਹੈ। ਅਧਿਆਪਕਾਂ ਦੀ ਦਲੀਲ ਹੈ ਕਿ ਫ਼ਰਵਰੀ 2022 ਵਿੱਚ ਜਦ ਅਧਿਆਪਕਾਂ ਨੇ ਪਿਛਲੀ ਹੜਤਾਲ ਕੀਤੀ ਸੀ ਤੇ ਸਰਕਾਰ ਮਹਿੰਗਾਈ ਦੇ ਵਾਧੇ ਦੇ ਹਿਸਾਬ ਨਾਲ ਤਨਖ਼ਾਹਾਂ ਵਧਾਉਂਦੇ ਰਹਿਣ ਬਾਰੇ ਸਹਿਮਤ ਹੋਈ ਸੀ, ਉਹ ਹੁਣ ਪਿੱਛੇ ਹਟ ਗਈ ਹੈ। ਇਸ ਦੌਰਾਨ 23 ਸਾਲਾਂ ਵਿੱਚ ਮਹਿੰਗਾਈ 15% ਵਧੀ ਹੈ, ਜਦਕਿ ਤਨਖ਼ਾਹਾਂ ਵਿੱਚ ਵਾਧਾ ਸਿਰਫ਼ 3.8% ਹੀ ਹੋਇਆ ਹੈ। ਇਸਦੀ ਪ੍ਰਤੀਪੂਰਤੀ ਕੀਤੀ ਜਾਵੇ ਅਤੇ ਅੱਗੇ ਤੋਂ ਮਹਿੰਗਾਈ ਵਾਧੇ ਮੁਤਾਬਕ ਤਨਖ਼ਾਹਾਂ ਨੂੰ ਤਰਕਸੰਗਤ ਬਣਾਇਆ ਜਾਵੇ।

ਕੈਨੇਡਾ ਦੇ ਨਿਯਮਾਂ ਅਨੁਸਾਰ ਯੂਨੀਅਨ ਬਣਾਉਣ ਅਤੇ ਹੜਤਾਲ ਦੀ ਸਹਿਮਤੀ ਲਈ ਸਖ਼ਤ ਨਿਯਮ ਹਨ। ਜਦ ਤੱਕ ਬਹੁਸੰਮਤੀ ਅਧਿਆਪਕ ਹੜਤਾਲ ਨਾਲ ਸਹਿਮਤ ਨਾ ਹੋਣ, ਹੜਤਾਲ ਨਹੀਂ ਕੀਤੀ ਜਾ ਸਕਦੀ। ਇਸ ਵਾਰ ਜੋ 6 ਅਕਤੂਬਰ ਤੋਂ 100% ਅਧਿਆਪਕ ਤੇ ਸਹਾਇਕ (ਅਸਿਸਟੈਂਟ) ਕੁੱਲ 51 ਹਜ਼ਾਰ ਦਾ ਵਿੱਦਿਅਕ ਅਮਲਾ ਹੜਤਾਲ 'ਤੇ ਹੈ, ਇਨ੍ਹਾਂ 'ਚੋਂ ਹੜਤਾਲ ਨਾਲ ਸਹਿਮਤੀ ਲਈ 89.6% (90%) ਨੇ ਹਮਾਇਤ ਕੀਤੀ ਸੀ। ਇੰਝ ਕੀਤੀ ਹੜਤਾਲ ਦੇ ਸਮੇਂ ਦੀ 55% ਤਨਖ਼ਾਹ ਸਰਕਾਰ ਹਰ ਅਧਿਆਪਕ ਨੂੰ ਦਿੰਦੀ ਹੈ, ਪਰ ਅਲਬਰਟਾ ਦੀ ਮੌਜੂਦਾ ਡੇਨੀਅਲ ਸਮਿੱਥ ਦੀ ਸਰਕਾਰ ਇਸ ਤੋਂ ਮੁੱਕਰ ਗਈ ਹੈ। ਉਹ ਚਾਹੁੰਦੀ ਹੈ ਕਿ ਹੜਤਾਲੀ ਅਧਿਆਪਕ ਆਰਥਿਕ ਸੰਕਟ ਦਾ ਸਾਹਮਣਾ ਨਾ ਕਰ ਸਕਣ ਕਰਕੇ ਖ਼ੁਦ ਹੀ ਵਾਪਿਸ ਕੰਮ 'ਤੇ ਪਰਤ ਆਉਣਗੇ; ਪਰ ਅਧਿਆਪਕ ਡੱਟੇ ਹੋਏ ਹਨ ਅਤੇ ਵਿਦਿਆਰਥੀ, ਮਾਪੇ ਤੇ ਆਮ ਲੋਕ ਡੱਟ ਕੇ ਹਮਾਇਤ ਕਰ ਰਹੇ ਹਨ। ਦੂਸਰੇ ਪਾਸੇ ਸਰਕਾਰ ਲੋਕਾਂ ਦੀ ਹਮਾਇਤ ਲੈਣ ਲਈ 11 ਸਾਲ ਤੱਕ ਹਰ ਸਕੂਲੀ ਵਿਦਿਆਰਥੀ ਨੂੰ 30 ਡਾਲਰ (ਪ੍ਰਤੀ ਵਿਦਿਆਰਥੀ) ਘਰ ਬੈਠੇ ਹੀ ਦੇ ਰਹੀ ਹੈ ਤਾਂ ਕਿ ਮਾਪਿਆਂ ਨੂੰ ਅਧਿਆਪਕਾਂ ਦੇ ਵਿਰੁੱਧ ਕੀਤਾ ਜਾ ਸਕਦੇ। ਦੋਵੇਂ ਧਿਰਾਂ, ਅਧਿਆਪਕ ਯੂਨੀਅਨ ਤੇ ਅਲਬਰਟਾ ਦੀ ਡੇਨੀਅਲ ਸਮਿੱਥ ਦੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ (ਯੂ.ਸੀ.ਪੀ.) ਸਰਕਾਰ ਆਪੋ-ਆਪਣੇ ਥਾਂ ਡੱਟੀਆਂ ਹੋਈਆਂ ਹਨ। ਸੱਚ ਤਾਂ ਇਹ ਹੈ ਕਿ ਇੱਕ ਪਾਸੇ ਸਮੂਹ ਲੋਕਾਈ ਹੈ ਤੇ ਦੂਜੇ ਪਾਸੇ ਅਲਬਰਟਾ ਸਰਕਾਰ।

ਸਰਕਾਰ ਕੋਈ ਵਿਚਲਾ ਰਾਹ ਕੱਢਣ ਦਾ ਯਤਨ ਕਰ ਰਹੀ ਹੈ। ਸਰਕਾਰ ਨੇ 3000 ਹੋਰ ਨਵੇਂ ਅਧਿਆਪਕ ਤੇ 1500 ਅਸਿਸਟੈਂਟ ਦੇਣ ਅਤੇ ਅਗਲੇ 4 ਸਾਲਾਂ ਵਿੱਚ ਹਰ ਸਾਲ 3% ਤਨਖ਼ਾਹਾਂ ਵਿੱਚ ਵਾਧਾ ਕਰਕੇ ਕੁੱਲ 12% ਵਾਧਾ ਕਰ ਦੇਣ ਦੀ ਪੇਸ਼ਕਸ਼ ਕੀਤੀ ਹੈ, ਪਰ ਅਧਿਆਪਕ ਇਸ ਨਾਲ ਸਹਿਮਤ ਨਹੀਂ ਹੋਏ।

ਅਧਿਆਪਕ ਏਥੇ ਚੇਤੇ ਕਰਾ ਰਹੇ ਹਨ ਕਿ ਇਸ ਤੋਂ 23 ਸਾਲ ਪਹਿਲਾਂ ਫ਼ਰਵਰੀ 2002 ਵਿੱਚ ਜੋ ਤਿੰਨ ਹਫ਼ਤੇ ਅਧਿਆਪਕਾਂ ਦੀ ਸਫ਼ਲ ਹੜਤਾਲ ਹੋਈ ਸੀ, ਉਸ ਸਮੇਂ ਵੀ ਅਧਿਆਪਕਾਂ ਦੀਆਂ ਇਹੀ ਮੰਗਾਂ ਸਨ ਜਿਨ੍ਹਾਂ ਬਾਰੇ ਸਰਕਾਰ ਸਹਿਮਤ ਹੋ ਗਈ ਸੀ ਤਾਂ ਹੀ ਹੜਤਾਲ ਖ਼ਤਮ ਹੋਈ ਸੀ। ਪਰ ਸਰਕਾਰ ਨੇ ਹੁਣ ਤੀਕ ਵੀ ਉਹ ਪੂਰੀਆਂ ਨਹੀਂ ਕੀਤੀਆਂ।

ਉਸ ਸਮੇਂ ਵੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਸੀ ਅਤੇ ਇਸ ਸਮੇਂ ਵੀ ਉਹੀ ਹੈ। ਉਸ ਹੜਤਾਲ ਸਮੇਂ ਕੈਨੇਡਾ ਦੀ ਫੈਡਰਲ ਸਰਕਾਰ ਦਾ ਪ੍ਰਧਾਨ ਮੰਤਰੀ ਲਿਬਰਲ ਪਾਰਟੀ ਦਾ ਜੌਹਨ ਕ੍ਰੀਟਲ ਸੀ ਤੇ ਇਸ ਸਮੇਂ ਲਿਬਰਲ ਪਾਰਟੀ ਦੀ ਮਾਰਕ ਕਾਰਨੀ ਦੀ ਸਰਕਾਰ ਹੈ; ਪਰ ਮਸਲਾ ਪਾਰਟੀ ਦਾ ਨਹੀਂ, ਸ਼੍ਰੇਣੀ ਦਾ ਹੈ। ਕਾਰਪੋਰੇਟ ਸ਼੍ਰੇਣੀ ਦੀ ਸਰਕਾਰ ਹੋਣ ਕਰਕੇ ਮਿਲਦੀਆਂ ਸਹੂਲਤਾਂ ਖੋਹਣ 'ਚ ਕੋਈ ਅੰਤਰ ਨਹੀਂ ਹੈ। ਸੰਕਟ ਵਿੱਚ ਫਸੀ ਹੋਈ ਸਰਕਾਰ ਹੁਣ ਇੱਕ ਹੋਰ ਆਖ਼ਰੀ ਦਾਅ ਖੇਡਣ ਜਾ ਰਹੀ ਹੈ। ਕੈਨੇਡਾ ਦੀ ਫੈਡਰਲ ਸਰਕਾਰ ਨੇ ਇੱਕ ਕਾਨੂੰਨ ਪਾਸ ਕਰ ਰੱਖਿਆ ਹੈ ਕਿ ਅਗਰ ਪਾਰਲੀਮੈਂਟ ਬਹੁਸੰਮਤੀ ਨਾਲ 'ਬੈਕ ਟੂ ਵਰਕ' (ਕੰਮ 'ਤੇ ਵਾਪਿਸ ਜਾਓ) ਦਾ ਮਤਾ ਪਾਸ ਕਰ ਦਿੰਦੀ ਹੈ ਤਾਂ ਹੜਤਾਲੀਆਂ ਨੂੰ ਹਰ ਹਾਲਤ 'ਚ ਵਾਪਿਸ ਕੰਮ 'ਤੇ ਜਾਣਾ ਪੈਂਦਾ ਹੈ, ਅਤੇ ਇਹ ਮੱਦ ਵੀ ਉਸ ਕਾਨੂੰਨ ਵਿੱਚ ਸ਼ਾਮਲ ਹੈ ਕਿ ਅਗਰ ਕੋਈ ਹੋਰ ਪ੍ਰਾਂਤ ਦੀ ਅਸੈਂਬਲੀ ਵੀ ਚਾਹੇ ਤਾਂ ਇੰਝ ਹੀ ਆਪਣੀ ਵਿਧਾਨ ਸਭਾ ਵਿੱਚ ਐਸਾ ਬਹੁਸੰਮਤ ਮਤਾ ਪਾਸ ਕਰ ਸਕਦੀ ਹੈ।

ਹੁਣ ਅਲਬਰਟਾ ਸਰਕਾਰ ਨੇ ਵੀ 23 ਅਕਤੂਬਰ ਨੂੰ ਵਿਸ਼ੇਸ਼ ਸ਼ੈਸ਼ਨ ਬੁਲਾ ਲਿਆ ਹੈ। ਇੱਕ ਵਿਚੋਲੀਆ ਕਮੇਟੀ ਦੀ ਸਥਾਪਨਾ ਕਰਕੇ ਅਧਿਆਪਕਾਂ ਨੂੰ ਉਸ ਕਮੇਟੀ ਨਾਲ ਲੈ ਦੇ ਕਰਕੇ ਵਿਚਲਾ ਰਾਹ ਕੱਢ ਕੇ ਮੰਗਾਂ ਪ੍ਰਤੀ ਸਹਿਮਤੀ ਲਈ ਮਜ਼ਬੂਰ ਕੀਤਾ ਜਾਵੇਗਾ, ਜੋ ਵਾਜ਼ਿਬ ਨਹੀਂ। ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਲੋਕਾਂ ਵਿੱਚ ਮਿਲ ਰਹੀਆਂ ਸਮਾਜਵਾਦੀ ਸਹੂਲਤਾਂ ਵਿੱਚ ਕੀਤੀ ਜਾ ਰਹੀ ਕਮੀ ਦੇ ਗੁੱਸੇ ਨੂੰ ਕੈਨੇਡਾ ਸਰਕਾਰ ਇੰਝ ਕਦ ਕੁ ਤੱਕ ਠੱਲ੍ਹ ਪਾ ਸਕੇਗੀ!

**HARBIRINDER VIRK**
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

**Hiring Local & Midwest Drivers and Dedicated Lanes & Owner Operators**



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

**Premium Truck & Trailer Tires**
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
**Hampshire Tires**
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਗਾਜ਼ਾ ਜੰਗਬੰਦੀ: ਕੰਬਦੇ ਪਾਣੀਆਂ ’ਤੇ ਵੱਜੀ ਲਕੀਰ?

***ਟਰੰਪ ਦਾ ਧੱਕੜਪੁਣਾ ਜੰਗਬੰਦੀ ਕਰਵਾਉਣ ਦੇ ਕੰਮ ਆਇਆ *ਇਜ਼ਰਾਇਲ ਹਮਾਸ ਦੇ ਗਾਜ਼ਾ ਪੱਟੀ ਵਿੱਚ ਮੁੜ ਕਾਬਜ਼ ਹੋਣ ਤੋਂ ਦੁਖੀ**

ਅੰਤ ਜਦੋਂ ਗਾਜ਼ਾ ਵਿੱਚ ਕੁਝ ਵੀ ਵੱਸਣ ਯੋਗ ਨਹੀਂ ਬਚਿਆ ਤਾਂ ਮੱਧਪੂਰਬ ਦੇ ਦੋ ਮੁਲਕਾਂ- ਮਿਸਰ ਤੇ ਕਤਰ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ, ਉਸ ਦੇ ਦਾਮਾਦ ਜੇਰਡ ਕੁਸ਼ਨੇਰ, ਨੇ ਆਪੋ ਆਪਣੀਆਂ ਭੂਮਿਕਾਵਾਂ ਨਿਭਾਉਂਦਿਆਂ ਹਮਾਸ ਅਤੇ ਇਜ਼ਰਾਇਲ ਵਿਚਕਾਰ ਚੱਲਦੀ ਜੰਗ ਨੂੰ ਰੋਕ ਦਿੱਤਾ ਹੈ। ਉਂਝ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਭੂਮਿਕਾ ਇਸ ਜੰਗਬੰਦੀ ਨੂੰ ਲਾਗੂ ਕਰਵਾਉਣ ਵਿੱਚ ਕੇਂਦਰੀ ਰਹੀ ਹੈ। ਇੱਕ ਧੱਕੜ ਆਗੂ ਹੀ ਇਸ ਕਿਸਮ ਦੀ ਜੰਗਬੰਦੀ ਕਰਵਾ ਸਕਦਾ ਸੀ। ਇਹ ਤੱਥ ਸਮਝਣ ਵਾਲਾ ਹੈ ਕਿ ਕਿਸੇ ਵਿਅਕਤੀ ਦੇ ਔਗੁਣ ਹੀ ਜ਼ਿੰਦਗੀ ਦੇ ਕਿਸੇ ਹੋਰ ਪੱਖ ਤੋਂ ਉਸ ਦੇ ਗੁਣ ਬਣ ਜਾਂਦੇ ਹਨ। ਜੇ.ਡੀ. ਵੈਂਸ ਨੇ ਕਿਹਾ ਹੈ ਕਿ ਜੰਗਬੰਦੀ ਆਸ ਨਾਲੋਂ ਵੱਧ ਸਫਲ ਰਹੀ ਹੈ। ਭਾਵੇਂ ਜੰਗਬੰਦੀ ਹੋਈ ਹੋਈ ਹੈ, ਪਰ ਪਿਛਲੇ ਬਾਰਾਂ ਦਿਨਾਂ ਦੌਰਾਨ ਹਮਾਸ ਅਤੇ ਇਜ਼ਰਾਇਲੀ ਫੌਜ ਵਿਚਕਾਰ ਹੋਈਆਂ ਝੱੜਪਾਂ ਵਿੱਚ 60 ਦੇ ਕਰੀਬ ਫਲਿਸਤੀਨੀ ਅਤੇ ਦੋ ਇਜ਼ਰਾਇਲ ਦੇ ਫੌਜੀ ਮਾਰੇ ਗਏ ਹਨ।



ਦੱਖਣੀ ਗਾਜ਼ਾ ਪੱਟੀ ਦੇ ਖਾਨ ਯੂਨਿਸ ਵਿੱਚ ਇੱਕ ਹਮਾਸ ਲੜਾਕੂ ਪਹਿਰਾ ਦੇਣ ਸਮੇਂ...

ਇਸ ਸਮਝੌਤੇ ਦੇ ਤਹਿਤ ਪਹਿਲੇ ਗੇੜ ਵਿੱਚ ਦੋਹਾਂ ਧਿਰਾਂ ਵਿਚਾਲੇ ਗੋਲੀ ਬੰਦੀ ਹੋ ਗਈ ਹੈ ਅਤੇ ਦੋਹਾਂ ਮੁਲਕਾਂ ਵੱਲੋਂ ਇੱਕ ਦੂਜੇ ਦੇ ਬਣਾਏ ਗਏ ਬੰਦੀ ਰਿਹਾਅ ਕੀਤੇ ਜਾ ਰਹੇ ਹਨ। ਇਜ਼ਰਾਇਲ ਵੱਲੋਂ ਇੱਕ ਇਜ਼ਰਾਇਲੀ ਬੰਦੀ ਦੇ ਬਦਲੇ 15 ਫਲਿਸਤੀਨੀ ਛੱਡੇ ਜਾਣੇ ਹਨ। ਇਹ ਫਲਿਸਤੀਨੀ ਬੰਦੀ ਇਜ਼ਰਾਇਲ ਵੱਲੋਂ ਬੀਤੇ ਦੋ ਸਾਲ ਚੱਲੀ ਜੰਗ ਵਿੱਚ ਹਿਰਾਸਤ ਵਿੱਚ ਲਏ ਗਏ ਸਨ। ਇਨ੍ਹਾਂ ਵਿੱਚੋਂ ਬਹੁਤਿਆਂ ਦੀ ਉਮਰ 30 ਸਾਲ ਤੋਂ ਘੱਟ ਹੈ। ਬਿਨਾ ਕੋਈ ਕੇਸ ਚਲਾਏ ਇਨ੍ਹਾਂ ਬੰਦੀਆਂ ਨੂੰ ਫੌਜੀ ਹਿਰਾਸਤ ਵਿੱਚ ਰੱਖਿਆ ਗਿਆ। ਕਾਫੀ ਵੱਡੀ ਗਿਣਤੀ ਵਿੱਚ ਨਾਬਾਲਗ ਬੱਚੇ ਵੀ ਹਨ, ਜਿਨ੍ਹਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਇਸ ਤੋਂ ਇਲਾਵਾ ਇਜ਼ਰਾਇਲ ਵੱਲੋਂ ਸਵਾ ਸੌ ‘ਤੋਂ ਉਪਰ ਲਾਸ਼ਾਂ ਵੀ ਗਾਜ਼ਾ ਅਥਾਰਟੀ ਨੂੰ ਵਾਪਸ ਕੀਤੀਆਂ ਗਈਆਂ ਹਨ। ਇਨ੍ਹਾਂ ਫਲਿਸਤੀਨੀ ਬੰਦੀਆਂ ਦੇ ਪਰਿਵਾਰਾਂ ਨੂੰ ਵੀ ਇਨ੍ਹਾਂ ਬਾਰੇ ਜ਼ਿੰਦਾ ਜਾਂ ਮਰੇ ਹੋਣ ਦਾ ਪਤਾ ਨਹੀਂ ਸੀ। ਉਧਰ ਹਮਾਸ ਵੱਲੋਂ ਇਜ਼ਰਾਇਲ ਨੂੰ 8 ਲਾਸ਼ਾਂ ਵਾਪਸ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚੋਂ 1-2 ਬਾਰੇ ਇਜ਼ਰਾਇਲ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦੇ ਸ਼ਹਿਰੀਆਂ ਦੀਆਂ ਲਾਸ਼ਾਂ ਨਹੀਂ ਹਨ। ਯਾਦ ਰਹੇ, 7 ਅਕਤੂਬਰ 2023 ਨੂੰ ਹਮਾਸ ਵੱਲੋਂ ਇਜ਼ਰਾਇਲ ਵਿੱਚ ਕੀਤੇ ਗਏ ਹਮਲੇ ਵਿੱਚ 250 ਦੇ ਕਰੀਬ ਲੋਕਾਂ ਨੂੰ ਬੰਦੀ ਬਣਾਇਆ ਗਿਆ ਸੀ, ਜਿਨ੍ਹਾਂ ਵਿੱਚ 20 ਦੀ ਮੌਤ ਹੋ ਗਈ ਸੀ। ਇਜ਼ਰਾਇਲ ਨੇ ਇਹ ਧਮਕੀ ਵੀ ਦਿੱਤੀ ਹੈ ਕਿ ਜੇ ਜੰਗ ਦੌਰਾਨ ਮਾਰੇ ਗਏ ਸਾਰੇ 20 ਬੰਦੀਆਂ ਦੀਆਂ ਲਾਸ਼ਾਂ ਵਾਪਸ ਨਾ ਕੀਤੀਆਂ ਗਈਆਂ ਤਾਂ ਉਹ ਗਾਜ਼ਾ ਵਿੱਚ ਆ ਰਹੀ ਸਾਰੀ ਕੌਮਾਂਤਰੀ ਸਹਾਇਤਾ ਰੋਕ ਦੇਵੇਗਾ ਅਤੇ ਜੰਗ ਦੁਬਾਰਾ ਤੋਂ ਛੇੜ ਦੇਵੇਗਾ। ਜਦਕਿ ਹਮਾਸ ਨੇ ਕਹਿ ਦਿੱਤਾ ਹੈ ਕਿ ਉਨ੍ਹਾਂ ਕੋਲ ਜਿੰਨੇ ਕੁ ਬੰਦੀਆਂ ਬਾਰੇ ਜਾਣਕਾਰੀ ਸੀ, ਉਨ੍ਹਾਂ ਦੀਆਂ ਲਾਸ਼ਾਂ ਵਾਪਸ ਕਰ ਦਿੱਤੀਆਂ ਗਈਆਂ ਹਨ, ਬਾਕੀ ਕਿਸ ਤਰ੍ਹਾਂ ਮਾਰੇ ਗਏ ਅਤੇ ਕਦੋਂ ਮਾਰੇ ਗਏ, ਇਹਦੇ ਸੰਬੰਧੀ ਪਤਾ ਲਗਾਉਣਾ ਬਹੁਤ ਮੁਸ਼ਕਿਲ ਹੈ, ਕਿਉਂਕਿ ਇਜ਼ਰਾਇਲੀ ਫੌਜ ਵੱਲੋਂ ਗਾਜ਼ਾ ਵਿੱਚ ਕੀਤੀ ਗਈ ਤਬਾਹੀ ਨੇ ਸਾਰੀ ਪੱਟੀ ਨੂੰ ਇੱਕ ਤਰ੍ਹਾਂ ਨਾਲ ਖੰਡਰ ਵਿੱਚ ਬਦਲ ਦਿੱਤਾ ਹੈ। ਹਮਾਸ ਦੀ ਇਸ ਦਲੀਲ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਸਵਿਕਾਰ ਕੀਤਾ ਹੈ ਅਤੇ ਕਿਹਾ ਹੈ ਕਿ ਹਮਾਸ ਦਾ ਕਾਡਰ ਤੱਦੀ ਨਾਲ ਲਾਸ਼ਾਂ ਦੀ ਖੋਜ ਕਰ ਰਿਹਾ ਹੈ, ਪਰ ਇੰਨੀ ਬਰਬਾਦੀ ਅਤੇ ਮਲਬੇ ਵਿੱਚੋਂ 10-12 ਲਾਸ਼ਾਂ ਨੂੰ ਲੱਭਣਾ ਇੱਕ ਬੇਹੱਦ ਦੁੱਭਰ ਕਾਰਜ ਹੈ। ਇਸ ਬਿਆਨ ਨਾਲ ਇਜ਼ਰਾਇਲ ਵੱਲੋਂ ਸਮਝੌਤਾ ਤੋੜਨ ਅਤੇ ਮੁੜ ਜੰਗ ਛੇੜਨ ਦੀਆਂ ਸੰਭਾਵਨਾਵਾਂ ਫਿਲਹਾਲ ਮੱਧਮ ਪੈ ਗਈਆਂ ਹਨ।

ਹਮਾਸ ਵੱਲੋਂ 7 ਅਕਤੂਬਰ 2023 ਨੂੰ ਕੀਤੇ ਗਏ ਹਮਲੇ ਵਿੱਚ ਬਣਾਏ ਗਏ ਬੰਦੀਆਂ ਵਿੱਚੋਂ ਜਿਨ੍ਹਾਂ ਦੀ ਮੌਤ ਹੋ ਗਈ ਸੀ, ਉਨ੍ਹਾਂ ਵਿੱਚੋਂ ਪੰਜ ਦੀਆਂ ਲਾਸ਼ਾਂ ਇਜ਼ਰਾਇਲ ਨੂੰ ਵਾਪਸ ਕਰ ਦਿੱਤੀਆਂ ਗਈਆਂ ਸਨ ਅਤੇ ਉਨ੍ਹਾਂ ਵਿੱਚੋਂ ਚਾਰ ਦੀ ਪਹਿਚਾਣ ਹੋ ਗਈ ਹੈ। ਜਦਕਿ ਇੱਕ ਪੰਜਵੇਂ ਵਿਅਕਤੀ ਦੀ ਇਜ਼ਰਾਇਲੀ ਬੰਦੀਆਂ ਵਿੱਚੋਂ ਨਹੀਂ ਸੀ। ਇਸ ਹਾਲਤ ਵਿੱਚ ਇਜ਼ਰਾਇਲ ਹਮਾਸ ਤੋਂ ਆਪਣੇ ਬਾਕੀ ਬਚਦੇ ਬੰਦੀਆਂ ਦੀਆਂ ਲਾਸ਼ਾਂ ਵਾਪਸ ਕਰਨ ਲਈ ਕਹਿ ਰਿਹਾ ਹੈ। ਯਾਦ ਰਹੇ, ਦੋਹਾਂ ਧਿਰਾਂ ਵਿਚਕਾਰ ਹੋਏ 20 ਨੁਕਾਤੀ ਸਮਝੌਤੇ ਵਿੱਚ ਇੱਕ ਸ਼ਰਤ ਇਹ ਵੀ ਹੈ ਕਿ ਗਾਜ਼ਾ ਵਿੱਚ ਹਰ ਰੋਜ਼ ਰਸਦ ਦੇ 600 ਟਰੱਕ ਭੇਜੇ ਜਾਣਗੇ; ਪਰ ਇਜ਼ਰਾਇਲੀ ਫੌਜ ਵੱਲੋਂ ਹਾਲੇ ਤੱਕ 300 ਦੇ ਕਰੀਬ ਟਰੱਕ ਹੀ ਅੰਦਰ ਜਾਣ ਦਿੱਤੇ ਜਾ ਰਹੇ ਹਨ। ਸਮਝੌਤੇ ਦੇ ਦੂਜੇ ਗੇੜ ਨੂੰ ਲਾਗੂ ਕਰਨ ਲਈ ਦੋਹਾਂ ਧਿਰਾਂ ਵਿਚਕਾਰ ਹਾਲੇ ਵੀ ਮਿਸਰ ਵਿੱਚ ਗੱਲਬਾਤ ਚੱਲ ਰਹੀ ਹੈ।

ਇੱਕ ਪਾਸੇ ਅਰਬ ਮੁਲਕ ਹਮਾਸ ਅਤੇ ਇਜ਼ਰਾਇਲ ਵਿਚਕਾਰ ਹੋਏ ਸਮਝੌਤੇ ਅਨੁਸਾਰ 600 ਟਰੱਕ ਗਾਜ਼ਾ ਵਿੱਚ ਜਾਣ ਲਈ ਦਬਾਅ ਬਣਾ ਰਹੇ ਹਨ। ਉਧਰ ਇਜ਼ਰਾਇਲ ਦੇ ਰਾਸ਼ਟਰਪਤੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਹਮਾਸ ਆਪਣੇ ਹਥਿਆਰ ਸੁੱਟ ਦੇਵੇ ਨਹੀਂ ਤਾਂ ਇਸ ਮਕਸਦ ਲਈ ਟੇਢੇ (ਜੰਗੀ) ਤਰੀਕੇ ਵਰਤੇ ਜਾਣਗੇ; ਪਰ ਨੇਤਨਯਾਹੂ ਦੇ ਇਸ ਬਿਆਨ ਤੋਂ ਬਾਅਦ ਹਮਾਸ ਨੇ ਗਾਜ਼ਾ ਵਿੱਚ ਨਵੇਂ-ਨਵੇਂ ਹਥਿਆਰ ਲਹਿਰਾਏ। ਇਸ ਤੋਂ ਸਾਰੀ ਦੁਨੀਆਂ ਵਿੱਚ ਖਦਸ਼ੇ ਖੜ੍ਹੇ ਹੋ ਗਏ ਸਨ ਕਿ ਗਾਜ਼ਾ ਵਿੱਚ ਹੋਇਆ ਅਮਨ ਸਮਝੌਤਾ ਕਿਧਰੇ ਕੰਬਦੇ ਪਾਣੀ ‘ਤੇ ਵੱਜੀ ਲੀਕ ਹੀ ਸਬਤ ਨਾ ਹੋਵੇ!

ਗਾਜ਼ਾ ਜੰਗ ਬੰਦੀ ਸ਼ਾਇਦ ਇੰਨੀ ਜਲਦੀ ਨਾ ਹੁੰਦੀ, ਜੇ ਇਜ਼ਰਾਇਲੀ ਫੌਜ ਨੇ ਕਤਰ ਵਿੱਚ ਚੱਲ ਰਹੀ ਗੱਲਬਾਤ ਵਿੱਚ ਸ਼ਾਮਲ ਸੀਨੀਅਰ ਹਮਾਸ ਲੀਡਰਾਂ ‘ਤੇ ਹਵਾਈ ਹਮਲੇ ਨਾ ਕੀਤੇ ਹੁੰਦੇ। ਇਸ ਕਾਰਨ ਜੇ ਅਮਰੀਕਾ ਇਜ਼ਰਾਇਲ ਨਾਲੋਂ ਵਿੱਥ ਨਾ ਬਣਾਉਂਦਾ ਤਾਂ ਪਾਕਿਸਤਾਨ ਸਮੇਤ ਸਾਰੇ ਮਿਡਲ ਈਸਟ ਵਿੱਚੋਂ ਅਮਰੀਕੀ ਸਿਆਸੀ ਅਤੇ ਫੌਜੀ ਪ੍ਰਭਾਵ ਦਾ ਸਫਾਇਆ ਹੋ ਸਕਦਾ ਸੀ। ਦੂਜੇ ਪਾਸੇ ਗਰੇਟਾ ਥਨਬਰਗ ਦੀ ਅਗਵਾਈ ਵਿੱਚ ਹੋਏ ਕੌਮਾਂਤਰੀ ਵਿਰੋਧ ਨੇ ਵੀ ਵੱਡਾ ਪ੍ਰਭਾਵ ਛੱਡਿਆ। ਇਸ ਦੀ ਹਮਾਇਤ ਵਿੱਚ ਦੁਨੀਆਂ ਭਰ ਵਿੱਚ ਹੋਏ ਪ੍ਰਦਰਸ਼ਨਾਂ ਤੋਂ ਇਹ ਵੀ ਲੱਗਣ ਲੱਗ ਪਿਆ ਸੀ ਕਿ ਇਜ਼ਰਾਇਲ ਵੱਲੋਂ ਗਾਜ਼ਾ ਵਿੱਚ ਕੀਤੀ ਜਾ ਰਹੀ ਨਸਲਕੁਸ਼ੀ ਦਾ ਵਿਰੋਧ ਬਹੁਤ ਵੱਡੇ ਜਨਤਕ ਕਾਫਲਿਆਂ ਨੂੰ ਇਸ ਦੇ ਵਿਰੋਧ ਲਈ ਰਵਾਨਾ ਕਰ ਸਕਦਾ ਹੈ। ਇਸ ਤੋਂ ਇਲਾਵਾ ਗਾਜ਼ਾ ਜੰਗ ਬਾਰੇ ਯੂਰਪੀ ਮੁਲਕਾਂ ਖਾਸ ਕਰਕੇ ਫਰਾਂਸ, ਜਰਮਨੀ ਅਤੇ ਇੰਗਲੈਂਡ ਦੀ ਬਦਲੀ ਪਹੁੰਚ ਨੇ ਵੀ ਇਸ ਜੰਗਬੰਦੀ ਨੂੰ ਤੱਦੀ ਨਾਲ ਅੱਗੇ ਤੋਰਨ ਲਈ ਪ੍ਰਭਾਵ ਛੱਡਿਆ। ਯੂਰਪ ਨੇ ਆਜ਼ਾਦ ਫਲਿਸਤੀਨ ਦੇ ਪੱਖ ਵਿੱਚ ਉਤਰਨ ਲਈ ਭਾਵੇਂ ਦੇਰ ਕਰ ਦਿੱਤੀ, ਪਰ ਅਖੀਰ ਵਿੱਚ ਉਨ੍ਹਾਂ ਦਰੁਸਤ ਫੈਸਲੇ ਕੀਤੇ।

ਗਾਜ਼ਾ ਵਿੱਚ ਜਿਸ ਕਿਸਮ ਦਾ ਵਢਾਂਗਾ ਇਜ਼ਰਾਇਲ ਵੱਲੋਂ ਕੀਤਾ ਜਾ ਰਿਹਾ ਸੀ, ਉਸ ਦੌਰਾਨ ਇਜ਼ਰਾਇਲ ਨੂੰ ਹਥਿਆਰ ਅਤੇ ਅਸਲਾ ਬਰੂਦ ਸਪਲਾਈ ਕਰਨ ਤੋਂ ਅੱਗੇ ਜਾ ਕੇ ਉਸ ਦੀ ਸਿਆਸੀ ਹਮਾਇਤ ਕਰਨ ਨੇ ਲਗਪਗ ਮੁਕੰਮਲ ਪੱਛਮੀ ਸੱਭਿਅਤਾ ਦੀ ਭਰੋਸੇਯੋਗਤਾ ਨੂੰ ਬੁਰੀ ਤਰ੍ਹਾਂ ਦਾਗੀ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਜੰਗਬੰਦੀ ਨੇ ਯੂਰਪ ਅਤੇ ਅਮਰੀਕਾ ਦੀ ਸਾਖ ਨੂੰ ਕਿਸੇ ਹੱਦ ਤੱਕ ਬਚਾਅ ਲਿਆ ਹੈ ਅਤੇ ਮਿਡਲ ਈਸਟ ਵਿੱਚ ਅਮਰੀਕੀ ਦਖਲ ਦੀਆਂ ਸੰਭਾਵਨਾਵਾਂ ਵੀ ਕਾਇਮ ਹਨ। ਰਾਸ਼ਟਰਪਤੀ ਟਰੰਪ ਵੱਲੋਂ ਜੰਗਬੰਦੀ ਵਿੱਚ ਕੇਂਦਰੀ ਭੂਮਿਕਾ ਨਿਭਾਉਣ ਨਾਲ ਅਮਰੀਕਾ ਮੱਧ ਪੂਰਬੀ ਅਤੇ ਹੋਰ ਇਸਲਾਮਿਕ ਮੁਲਕਾਂ ਨੂੰ ਇਹ ਜਚਾਉਣ ਵਿੱਚ ਕਾਮਯਬ ਹੋ ਗਿਆ ਹੈ ਕਿ ਕਤਰ ਵਿੱਚ ਹਮਾਸ ਦੀ ਲੀਡਰਸ਼ਿੱਪ ’ਤੇ ਇਜ਼ਰਾਇਲ ਨੇ ਹਮਲੇ ਅਮਰੀਕਾ ਨੂੰ ਬਿਨਾ ਵਿਸ਼ਵਾਸ ਵਿੱਚ ਲਏ ਕੀਤੇ ਸਨ; ਜਦਕਿ ਅਜਿਹਾ ਜਾਪਦਾ ਨਹੀਂ ਸੀ, ਕਿਉਂਕਿ ਇੰਗਲੈਂਡ ਅਤੇ ਜੌਰਡਨ ਆਦਿ ਵੱਲੋਂ ਇਜ਼ਰਾਇਲੀ ਦੇ ਹਮਲਾਵਰ ਜਹਾਜ਼ਾਂ ਨੂੰ ਤੇਲ ਸਪਲਾਈ ਕੀਤਾ ਗਿਆ ਸੀ।

# ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ ਵੱਲੋਂ ‘ਲਾਹੌਰ ਨਾਲ ਗੱਲਾਂ’ ਲੋਕ ਅਰਪਣ

**ਸ਼ੈਰਰਵਿਲ, ਇੰਡੀਆਨਾ:** ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ ਵੱਲੋਂ ਇੱਥੋਂ ਦੇ ਤੰਦੂਰ ਰੈਸਟੋਰੈਂਟ ਵਿੱਚ ਪਿਛਲੇ ਦਿਨੀਂ ਇੱਕ ਮਹਿਫਿਲ ਦੌਰਾਨ ਪੰਜਾਬੀ ਲੇਖਕ ਤੇ ਸ਼ਾਇਰ ਰਵਿੰਦਰ ਸਹਿਰਾਅ ਦਾ ਸਫ਼ਰਨਾਮਾ ‘ਲਾਹੌਰ ਨਾਲ ਗੱਲਾਂ’ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਕਰਾਊਨ ਪੁਆਇੰਟ ਦੇ ਪ੍ਰਧਾਨ ਅਤੇ ‘ਰੇਡੀਓ ਚੰਨ ਪਰਦੇਸੀ’ ਦੇ ਸੰਚਾਲਕ ਸ. ਸਰਵਣ ਸਿੰਘ ਟਿਵਾਣਾ ਨੇ ਸ. ਸਹਿਰਾਅ ਦੀ ਜ਼ਿੰਦਗੀ ਬਾਰੇ ਭਾਵਪੂਰਤ ਗੱਲਾਂ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਜ਼ਿੰਦਗੀ ਸੰਘਰਸ਼ਾਂ ਨਾਲ ਭਰੀ ਪਈ ਹੈ।





ਭਾਈਚਾਰਕ ਸ਼ਖਸੀਅਤ ਰਾਣਾ ਵਿਰਕ ਨੇ ਕਿਹਾ ਕਿ ਇਹ ਸਫ਼ਰਨਾਮਾ ਹਰ ਪੰਜਾਬੀ ਨੂੰ ਪੜ੍ਹਨਾ ਚਾਹੀਦਾ ਹੈ, ਜਿਸ ਵਿੱਚ ਲਹਿੰਦੇ ਪੰਜਾਬ ਵਿੱਚ ਰਹਿ ਗਈ ਸਾਡੀ ਵਿਰਾਸਤ ਬਾਰੇ ਬਹੁਤ ਜਾਣਕਾਰੀ ਮਿਲਦੀ ਹੈ। ਇਸ ਮੌਕੇ ਹਾਜ਼ਰੀਨ ਵੱਲੋਂ ਲਹਿੰਦੇ ਪੰਜਾਬ ਦੀ ਯਾਤਰਾ ਬਾਰੇ ਸਵਾਲ ਵੀ ਕੀਤੇ ਗਏ, ਜਿਸ ਦਾ ਜਵਾਬ ਰਵਿੰਦਰ ਸਹਿਰਾਅ ਨੇ ਵਿਸਥਾਰ ਵਿੱਚ ਦਿੱਤਾ। ਸ. ਸਹਿਰਾਅ ਨੇ ਪੰਜਾਬੀਆਂ ਨੂੰ ਲਾਹੌਰ ਜਾਣ ਲਈ ਪ੍ਰੇਰਿਤ ਕਰਦਿਆਂ ਕਈ ਮੁਹੱਬਤੀ ਵਾਕਿਆਤ ਵੀ ਸੁਣਾਏ।

### ਜ਼ਰੂਰੀ

‘ਪੰਜਾਬੀ ਪਰਵਾਜ਼’ ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ ‘ਪੰਜਾਬੀ ਪਰਵਾਜ਼’ ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

‘ਪੰਜਾਬੀ ਪਰਵਾਜ਼’ ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

Punjabi Parwaz ਪੰਜਾਬੀ ਪਰਵਾਜ਼ ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

## ਨਿਆਂ ਪਾਲਿਕਾ ‘ਤੇ ਜੁੱਤੀ ਨਾਲ ਹਮਲਾ

# ਭਾਵਨਾ ਦੀ ਆੜ ’ਚ ਸੰਵਿਧਾਨ ‘ਤੇ ਜ਼ਖ਼ਮ

**ਮਨੋਜ ਕੁਮਾਰ**
**(ਸਮਾਜਵਾਦੀ ਪਾਰਟੀ ਦੇ ਨੇਤਾ)**

### ਜੁੱਤੀ-ਅਪਮਾਨ ਅਤੇ ‘ਮਨੂੰ’ ਦਾ ਭੂਤ

**ਕਈ ਸੱਭਿਆਚਾਰਾਂ ਵਿੱਚ ਜੁੱਤੀ ਉਛਾਲਨ ਨੂੰ ਪਰਮ ਤ੍ਰਿਸਕਾਰ ਦਾ ਅੰਤਿਮ ਪ੍ਰਗਟਾਵਾ ਮੰਨਿਆ ਜਾਂਦਾ ਹੈ, ਪਰ ਇਸ ਸੰਦਰਭ ਵਿੱਚ ਇਹ ਇੱਕ ਵਧੇਰੇ ਗੁੰਝਲਦਾਰ ਪ੍ਰਤੀਕ ਬਣ ਗਿਆ- ਇਹ ਇੱਕ ਅਜਿਹੇ ਸਮਾਜ ਦਾ ਮਾਰਮਿਕ ਰੂਪਕ ਸੀ, ਜੋ ਜਾਣ-ਬੁੱਝ ਕੇ ਆਪਣੇ ਹੀ ਸਥਾਪਿਤ ਸਿਧਾਂਤਾਂ ਨੂੰ ਪੈਰਾਂ ਹੇਠ ਰੌਂਦ ਰਿਹਾ ਹੈ। ਇਸ ਜੁੱਤੀ ਨਾਲ ਕਿਸੇ ਵਿਅਕਤੀ ‘ਤੇ ਨਹੀਂ, ਬਲਕਿ ਬਰਾਬਰੀ ਦੇ ਉਸ ਵਿਚਾਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜੋ ਸੰਵਿਧਾਨ ਦੀ ਆਤਮਾ ਹੈ। ਅਜਿਹਾ ਲੱਗਿਆ, ਜਿਵੇਂ ਮਨੂੰ ਦਾ ਭੂਤ ਰਾਸ਼ਟਰ ਨੂੰ ਫੁਸਫੁਸਾ ਕੇ ਯਾਦ ਦਿਲਾ ਰਿਹਾ ਹੋਵੇ ਕਿ ਜਾਤੀਗਤ ਪੈਮਾਨਾ ਅੱਜ ਵੀ ਜੀਵੰਤ ਹੈ, ਭਾਵੇਂ ਆਕਾਸ਼ ਧਰਮ ਨਿਰਪੱਖਤਾ ਦੇ ਰੰਗ ਵਿੱਚ ਰੰਗਿਆ ਹੋਵੇ। ਫਿਰ ਵੀ, ਉਸ ਤਸਵੀਰ ਵਿੱਚ ਇੱਕ ਤਰ੍ਹਾਂ ਦਾ ਕਾਵਿਆਤਮਕ ਨਿਆਂ ਵੀ ਸੀ: ਜੁੱਤੀ ਆਪਣੇ ਨਿਸ਼ਾਨੇ ਤੋਂ ਦੂਰ, ਉਸੇ ਫਰਸ਼ ‘ਤੇ ਡਿਗੀ ਜਿਸ ਦਾ ਹਰ ਇੰਚ ਸੰਵਿਧਾਨ ਦੇ ਨਾਂ ‘ਤੇ ਵਿਛਾਇਆ ਗਿਆ ਸੀ।**



**ਇਹ ਤਸਵੀਰ ਅਜਿਹੀ ਸੀ ਜਿਵੇਂ ਸੰਵਿਧਾਨ ਨੇ ਆਪਣੇ ਆਪ ਹੀ ਉਸ ਜ਼ਖ਼ਮ ਨੂੰ ਸਹਿਣ ਕਰ ਲਿਆ ਹੋਵੇ, ਆਪਣੇ ਬੱਚਿਆਂ ਦੇ ਗੁੱਸੇ ਅਤੇ ਜਨੂੰਨ ਨੂੰ ਬਿਨਾਂ ਜਵਾਬੀ ਕਾਰਵਾਈ ਨਾਲ ਜ਼ੀਰ ਲਿਆ ਹੋਵੇ।**

ਭਾਰਤ ਦੇ ਸੰਵਿਧਾਨ ਦੇ ਲਾਗੂ ਹੋਣ ਤੋਂ ਠੀਕ 75 ਸਾਲ ਬਾਅਦ- ਯਾਨੀ 26 ਜਨਵਰੀ 1950 ਨੂੰ ਸ਼ੁਰੂ ਹੋਏ ਸਫ਼ਰ ਦੀ ਤਿੰਨ-ਚੌਥਾਈ ਸਦੀ ਪੂਰੀ ਹੋਣ ‘ਤੇ ਦੇਸ਼ ਨੇ ਇੱਕ ਅਜਿਹਾ ਦ੍ਰਿਸ਼ ਵੇਖਿਆ, ਜਿਸ ਨੇ ਭਾਰਤੀ ਆਤਮ ਸਨਮਾਨ ਨੂੰ ਡੂੰਘਾ ਜ਼ਖ਼ਮ ਦੇ ਦਿੱਤਾ। ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ, ਜਿਸ ਦੀ ਨੀਂਹ ਵਿਚਾਰ ਅਤੇ ਕਾਨੂੰਨ ‘ਤੇ ਟਿਕੀ ਹੈ, ਇੱਕ ਅਜਿਹੀ ਗ਼ੈਰ-ਯਕੀਨੀ ਅਤੇ ਕਰੂਪ ਤਸਵੀਰ ਦਾ ਗਾਵਾਹ ਬਣਿਆ, ਜੋ ਕਿਸੇ ਵਿਅੰਗ ਨਾਟਕ ਦਾ ਹਿੱਸਾ ਲੱਗਦਾ ਸੀ: ਸੁਪਰੀਮ ਕੋਰਟ ਦੇ ਪਵਿੱਤਰ ਹਾਲ ਵਿੱਚ, ਦੇਸ਼ ਦੇ ਚੀਫ਼ ਜਸਟਿਸ (ਸੀ.ਜੇ.ਆਈ.) ਨੂੰ ਨਿਸ਼ਾਨਾ ਬਣਾ ਕੇ ਇੱਕ ਜੁੱਤੀ ਸੁੱਟੀ ਗਈ। ਇਸ ਜ਼ਲੀਲ ਕਰਮ ਦੇ ਨਾਲ ਹੀ ਅਦਾਲਤ ਦਾ ਚੈਂਬਰ ਧਾਰਮਿਕ ਜਨੂੰਨੀ ਨਾਅਰਿਆਂ ਨਾਲ ਗੂੰਜ ਉਠਿਆ: ‘ਸਨਾਤਨ ਦਾ ਅਪਮਾਨ ਸਹਿਣ ਨਹੀਂ ਕਰਾਂਗੇ!’

### ਕਾਨੂੰਨ ਦਾ ਰਾਜ ਬਨਾਮ ਭਾਵਨਾ ਦਾ ਜਨੂੰਨ

ਇਹ ਘਟਨਾ ਉਦੋਂ ਵਾਪਰੀ ਜਦੋਂ ਰਾਸ਼ਟਰ ਸੰਵਿਧਾਨਕ ਲੋਕਤੰਤਰ ਦੀ ਲੰਮੀ, ਗੌਰਵਮਈ ਯਾਤਰਾ ਦਾ ਜਸ਼ਨ ਮਨਾ ਰਿਹਾ ਸੀ- ਇੱਕ ਅਜਿਹੀ ਵਿਵਸਥਾ ਜੋ ਸਦੀਆਂ ਪੁਰਾਣੇ ਭਾਵਨਾ ਦੇ ਰਾਜ ਨੂੰ ਵਿਚਾਰਕ ਕਾਨੂੰਨ ਦੇ ਰਾਜ ਨਾਲ ਬਦਲਣ ਲਈ ਵੱਡੀ ਮਿਹਨਤ ਨਾਲ ਬਣਾਈ ਗਈ ਸੀ। ਜੁੱਤੀ ਵਗਾਹ ਕੇ ਮਾਰਨ ਵਾਲੇ ਦਾ ਗੁੱਸਾ, ਜਿਵੇਂ ਉਸ ਨੇ ਦਾਅਵਾ ਕੀਤਾ, ਧਾਰਮਿਕ ਸ਼ਬਦਾਂ ਵਿੱਚ ਪ੍ਰਗਟ ਕੀਤਾ ਗਿਆ ਸੀ, ਪਰ ਇਹ ਸੰਵਿਧਾਨ ਦੀ ਸਰਵਉੱਚਤਾ ਦਾ ਮਖ਼ੌਲ ਸੀ। ਤ੍ਰਾਸਦੀ ਇਹ ਸੀ ਕਿ ਇੱਕ ਪਾਸੇ ‘ਸਨਾਤਨ ਧਰਮ’ ਦੀ ਰਾਖੀ ਦਾ ਦਾਅਵਾ ਸੀ ਅਤੇ ਦੂਜੇ ਪਾਸੇ, ਇਸ ਰਾਖੀ ਦੇ ਨਾਂ ‘ਤੇ ਗਣਤੰਤਰ ਦੇ ਸਥਾਪਿਤ ਕਾਨੂੰਨ ਦੀ ਘੋਰ ਉਲੰਘਣਾ ਅਤੇ ਅਪਮਾਨ ਕੀਤਾ ਜਾ ਰਿਹਾ ਸੀ। ਇੱਕ ਪਲ ਅਜਿਹਾ ਲੱਗਿਆ ਜਿਵੇਂ ਬਸਤੀਵਾਦੀ ਭਾਰਤ ਦਾ ਭੂਤ ਵਾਪਸ ਆ ਗਿਆ ਹੋਵੇ, ਜੋ ਇੱਕ ਵਿਚਾਰਕ ਅਤੇ ਚਿੰਤਨਸ਼ੀਲ ਰਾਜ ਦੇ ਆਜ਼ਾਦੀ ਤੋਂ ਬਾਅਦ ਦੇ ਸੁਪਨੇ ਦਾ ਮਖ਼ੌਲ ਉਡਾ ਰਿਹਾ ਹੋਵੇ। ਬਸਤੀਵਾਦੀ ਜ਼ਮਾਨੇ ਵਿੱਚ ਸਾਨੂੰ ਕਿਹਾ ਜਾਂਦਾ ਸੀ ਕਿ ਅਸੀਂ ਆਪਣੀਆਂ ਭਾਵਨਾਵਾਂ ਨਾਲ ਇੰਨੇ ਪ੍ਰਭਾਵਿਤ ਹੁੰਦੇ ਹਾਂ ਕਿ ਆਪਣੇ ਆਪ ‘ਤੇ ਰਾਜ ਕਰਨ ਲਈ ਯੋਗ ਨਹੀਂ ਹਾਂ; ਅੱਜ, ਕੁਝ ਲੋਕ ਆਪਣੀਆਂ ਅਤਿਵਾਦੀ ਹਰਕਤਾਂ ਨਾਲ ਉਸ ਪੁਰਾਣੇ ਇਲਜ਼ਾਮ ਨੂੰ ਸੱਚ ਸਾਬਤ ਕਰਨ ‘ਤੇ ਤੁਲੇ ਨਜ਼ਰ ਆਉਂਦੇ ਹਨ। ਇਸ ਘਟਨਾ ਨੇ ਸਪੱਸ਼ਟ ਕਰ ਦਿੱਤਾ ਕਿ ਜਦੋਂ ਸੰਵਿਧਾਨ ਦੀ ਨੈਤਿਕ ਨੀਂਹ ਅਤੇ ਉਸ ਦੇ ਮੁੱਲਾਂ ਨੂੰ ਅਣਗੌਲ਼ਿਆ ਕੀਤਾ ਜਾਂਦਾ ਹੈ, ਤਾਂ ਧਾਰਮਿਕ ਭਾਵਨਾ ਅਤੇ ਖ਼ਤਰਨਾਕ ਕੱਟੜਤਾ ਵਿਚਕਾਰ ਦੀ ਦੂਰੀ ਕਿੰਨੀ ਆਸਾਨੀ ਨਾਲ ਮਿਟ ਜਾਂਦੀ ਹੈ।

### ਅੱਜ ਵੀ ਜੀਵੰਤ ਹੈ ਅੰਬੇਡਕਰ ਦਾ ਵਿਰੋਧਾਭਾਸ

1949 ਵਿੱਚ, ਜਦੋਂ ਸੰਵਿਧਾਨ ਸਭਾ ਨੇ ਆਪਣਾ ਇਤਿਹਾਸਕ ਕੰਮ ਖ਼ਤਮ ਕੀਤਾ, ਤਾਂ ਉਸ ਨੇ ਧਰਮ ਨਿਰਪੱਖਤਾ ਨੂੰ ਇੱਕ ਨਿਖਾਰੀ ਸਪੱਸ਼ਟਤਾ ਨਾਲ ਪਰਿਭਾਸ਼ਿਤ ਕੀਤਾ: ਰਾਜ ਦਾ ਆਪਣਾ ਕੋਈ ਧਰਮ ਨਹੀਂ ਹੋਵੇਗਾ, ਪਰ ਸਾਰੇ ਧਰਮਾਂ ਨੂੰ ਆਪਣੀ ਇੱਜ਼ਤ ਅਤੇ ਆਜ਼ਾਦੀ ਨਾਲ ਵਿਕਸਿਤ ਹੋਣ ਦਾ ਅਧਿਕਾਰ ਹੋਵੇਗਾ। ਇਹ ਵੰਡ ਸਿਰਫ਼ ਪੱਛਮੀ ਵਿਚਾਰਧਾਰਾ ਦੀ ਦਰਾਮਦ ਨਹੀਂ ਸੀ; ਇਹ ਭਾਰਤ ਦੀ ਵਿਭਿੰਨਤਾ ਦਾ ਵਿਚਾਰਕ ਅਤੇ ਲਾਜ਼ਮੀ ਨਤੀਜਾ ਸੀ। ਡਾ. ਬੀ.ਆਰ. ਅੰਬੇਡਕਰ ਨੇ ਇਸ ਹਾਲਤ ਨੂੰ ‘ਵਿਰੋਧਾਂ ਦਾ ਸੁਮੇਲ’ ਕਿਹਾ ਸੀ: ਅਸੀਂ ਵੋਟ ਪੇਟੀ ‘ਤੇ ਤਾਂ ਰਾਜਨੀਤਕ ਤੌਰ ‘ਤੇ ਬਰਾਬਰ ਨਾਗਰਿਕ ਹਾਂ, ਪਰ ਸਮਾਜਿਕ ਜੀਵਨ ਵਿੱਚ ਅਸੀਂ ਜਾਤੀ ਅਤੇ ਅਸਮਾਨਤਾ ਦੇ ਸਖ਼ਤ ਨਿਯਮਾਂ ਨਾਲ ਬੰਨ੍ਹੇ ਹੋਏ ਹਾਂ। 75 ਸਾਲ ਬਾਅਦ ਵੀ ਉਹ ਵਿਰੋਧਾਭਾਸ ਕਿਰਿਆਸ਼ੀਲ ਹੈ ਅਤੇ ਜੁੱਤੀ ਵਾਲੀ ਘਟਨਾ ਇੱਕ ਵਾਰ ਫਿਰ ਇਸ ਨੂੰ ਸਾਬਤ ਕਰਦੀ ਹੈ। ਸੁਪਰੀਮ ਕੋਰਟ ਵਿੱਚ ਉਛਾਲੀ ਗਈ ਜੁੱਤੀ ਸਿਰਫ਼ ਇੱਕ ਲਮਹੇ ਦਾ ਗੁੱਸਾ ਨਹੀਂ ਸੀ; ਇਹ ਉਸ ਡੂੰਘੇ ਸਮਾਜਿਕ ਤਣਾਅ ਦਾ ਸਰੀਰਕ ਪ੍ਰਗਟਾਵਾ ਸੀ, ਜੋ ਰਾਸ਼ਟਰ ਦੀ ਚੇਤਨਾ ਵਿੱਚ ਗਹਿਰਾਈ ਤੱਕ ਵੱਸਿਆ ਹੋਇਆ ਹੈ। ਇਹ ਉਸ ਮਾਨਸਿਕਤਾ ਦੀ ਪੁਨਰਾਵ੍ਰਿਤੀ ਦਾ ਸਪੱਸ਼ਟ ਸੰਕੇਤ ਸੀ, ਜੋ ਸੰਵਿਧਾਨਕ ਨੈਤਿਕਤਾ ਅਤੇ ਵਿਚਾਰ ਉਪਰ ਧਾਰਮਿਕ ਭਾਵਨਾਤਮਕਤਾ ਨੂੰ ਤਰਜੀਹ ਦਿੰਦੀ ਹੈ।

### ਸਨਾਤਨ ਅਤੇ ਹਿੰਦੂਤਵ

ਸੱਤਾ ਦਾ ਮਿਸ਼ਰਣ ‘ਹਿੰਦੂਤਵ’ ਅਤੇ ‘ਸਨਾਤਨ ਧਰਮ’ ਸਮਾਨਾਰਥੀ ਨਹੀਂ ਹਨ, ਫਿਰ ਵੀ ਸਮਕਾਲੀਨ ਰਾਜਨੀਤੀ ਅਕਸਰ ਉਨ੍ਹਾਂ ਨੂੰ ਇੱਕ ਤਰ੍ਹਾਂ ਦੇ ਨਕਲੀ ਢਾਂਚੇ ਵਿੱਚ ਮਿਲਾ ਦਿੰਦੀ ਹੈ। ਜਿੱਥੇ ਸ਼ੁੱਧ ਸਨਾਤਨ ਧਰਮ ਸੱਚ, ਸਹਿਣਸ਼ੀਲਤਾ ਅਤੇ ਕਰੁਣਾ ਦੀ ਅਨੰਤਤਾ ਦਾ ਉਪਦੇਸ਼ ਦਿੰਦਾ ਹੈ, ਉੱਥੇ ਹਿੰਦੂਤਵ ਦਾ ਰਾਜਨੀਤੀਕਰਨ ਸੱਤਾ ਅਤੇ ਸ਼ੁੱਧ ਪਛਾਣ ਨੂੰ ਸਥਾਈ ਬਣਾਉਣ ਦਾ ਯਤਨ ਕਰਦਾ ਹੈ। ਜਦੋਂ ਇਹ ਭਰਮ ਅਤੇ ਮਿਸ਼ਰਣ ਨਿਆਂ ਦੀਆਂ ਸਰਵਉੱਚ ਸੰਸਥਾਵਾਂ ਵਿੱਚ ਪ੍ਰਵੇਸ਼ ਕਰ ਜਾਂਦਾ ਹੈ, ਤਾਂ ਕਾਨੂੰਨ ਨਾਲ ਭਾਵਨਾ ਦਾ ਟਕਰਾਅ ਲਾਜ਼ਮੀ ਹੋ ਜਾਂਦਾ ਹੈ ਅਤੇ ਇਸ ਭਿਆਨਕ ਟੱਕਰ ਤੋਂ ਰੋਸ਼ਨੀ ਦੀ ਬਜਾਏ ਸਿਰਫ਼ ਤਿੱਖੀ ਗਰਮੀ ਪੈਦਾ ਹੁੰਦੀ ਹੈ। ਸੁਪਰੀਮ ਕੋਰਟ ਨੇ ਨਾ ਤਾਂ ਧਾਰਮਿਕ ਪੂਜਾ ਦਾ ਕੇਂਦਰ (ਮੰਦਰ ਜਾਂ ਮਸਜਿਦ) ਬਣਨਾ ਸੀ, ਨਾ ਹੀ ਕਿਸੇ ਗਰੁੱਪ ਦੇ ਵਿਸ਼ਵਾਸ ਦਾ ਪਲੈਟਫਾਰਮ; ਇਸ ਨੇ ਤਾਂ ਸੰਵਿਧਾਨ ਦਾ ਨਿਰਪੱਖ ਦਰਪਣ ਹੋਣਾ ਸੀ। ਫਿਰ ਵੀ, ਉਸ ਅਸ਼ਾਂਤੀ ਦੇ ਪਲ ਵਿੱਚ ਅਦਾਲਤ ਦਾ ਕਮਰਾ ਕਾਨੂੰਨੀ ਵਿਚਾਰਾਂ ਦੇ ਡੂੰਘੇ ਵਿਚਾਰ ਵਿਆਖਿਆਨ ਦੀ ਬਜਾਏ ਧਾਰਮਿਕ ਨਾਅਰਿਆਂ ਨਾਲ ਗੂੰਜਿਆ- ਇਹ ਇੱਕ ਅਜਿਹੀ ਆਵਾਜ਼ ਹੈ, ਜਿਸ ਨੂੰ ਧਰਮ ਨਿਰਪੱਖ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵੀ ਗਣਤੰਤਰ ਨੂੰ ਗੰਭੀਰ ਚੇਤਾਵਨੀ ਵਜੋਂ ਲੈਣਾ ਚਾਹੀਦਾ ਹੈ।

### ਪਹਿਲੇ ਬੋਧੀ ਚੀਫ਼ ਜਸਟਿਸ ਦਾ ਉਭਾਰ ਅਤੇ ਬੇਚੈਨੀ

ਇਸ ਪ੍ਰਤੀਕਾਤਮਕ ਹਿੰਸਾ ਦਾ ਸ਼ਿਕਾਰ ਹੋਣ ਵਾਲਾ ਚੀਫ਼ ਜਸਟਿਸ ਕੋਈ ਆਮ ਵਿਅਕਤੀ ਨਹੀਂ ਸੀ। ਚੀਫ਼ ਜਸਟਿਸ ਬੀ.ਆਰ. ਗਵੱਈ, ਜੋ ਬੋਧੀ ਪਿਛੋਕੜ ਵਾਲੇ ਪਹਿਲੇ ਚੀਫ਼ ਜਸਟਿਸ ਹਨ, ਉਨ੍ਹਾਂ ਦਾ ਵਿਅਕਤੀਗਤ ਜੀਵਨ ਹੀ ਹਾਸ਼ੀਏ ਤੋਂ ਚੋਟੀ ਤੱਕ ਦੀ ਯਾਤਰਾ ਦਾ ਜੀਵੰਤ ਪ੍ਰਤੀਕ ਹੈ- ਥੁੜਾਂ ਤੋਂ ਸਸ਼ਕਤੀਕਰਨ ਤੱਕ। ਉਨ੍ਹਾਂ ਦਾ ਸਰਵਉੱਚ ਪਵਿੱਤਰ ਅਹੁਦੇ ‘ਤੇ ਪਹੁੰਚਣਾ, ਸਦੀਆਂ ਦੇ ਸਮਾਜਿਕ ਵਿਤਕਰੇ ਦਾ ਜੀਉਂਦਾ ਜਵਾਬ ਹੈ ਅਤੇ ਇਸ ਗੱਲ ਦਾ ਨਿਰਣਾਇਕ ਪ੍ਰਮਾਣ ਹੈ ਕਿ ਸੰਵਿਧਾਨ ਅਸਲ ਵਿੱਚ ਸਮਾਜਿਕ ਨਿਆਂ ਨੂੰ ਬਦਲਣ ਦੀ ਤਾਕਤ ਰੱਖਦਾ ਹੈ। ਜਿਸ ਦਿਨ ਉਨ੍ਹਾਂ ਨੇ ਚੇਅਰਮੈਨਸ਼ਿਪ ਕੀਤੀ, ਉਸੇ ਦਿਨ ਜੁੱਤੀ ਸੁੱਟਿਆ ਜਾਣਾ ਸਿਰਫ਼ ਇੱਕ ਸੰਜੋਗ ਨਹੀਂ ਹੋ ਸਕਦਾ। ਇਹ ਇੱਕ ਅਜਿਹੇ ਸਮਾਜ ਦੀ ਡੂੰਘੀ ਮਾਨਸਿਕ ਬੇਚੈਨੀ ਅਤੇ ਪ੍ਰਤੀਕਿਰਿਆ ਨੂੰ ਦਰਸਾਉਂਦਾ ਹੈ, ਜੋ ਬਰਾਬਰੀ ਨੂੰ ਆਸਾਨੀ ਨਾਲ ਸਵੀਕਾਰ ਨਹੀਂ ਕਰ ਪਾਇਆ। ਇਹ ਉਸ ਅੰਦਰੂਨੀ ਡਰ ਨੂੰ ਉਜਾਗਰ ਕਰਦਾ ਹੈ ਕਿ ਜੇ ਹਾਸ਼ੀਏ ‘ਤੇ ਖੜ੍ਹੇ ਲੋਕ ਨਿਆਂ ਦੇ ਸਰਵਉੱਚ ਆਸਨ ‘ਤੇ ਬੈਠ ਸਕਦੇ ਹਨ, ਤਾਂ ਸਦੀਆਂ ਪੁਰਾਣੀ ਵਿਵਸਥਾ ਅਤੇ ਵਿਸ਼ੇਸ਼ ਅਧਿਕਾਰ ਸ਼ਾਇਦ ਕਦੇ ਵਾਪਸ ਨਾ ਆਉਣ। ਇਸ ਲਈ, ਇਹ ਘਟਨਾ ਕਿਸੇ ਵਿਅਕਤੀ ‘ਤੇ ਹਮਲਾ ਘੱਟ ਅਤੇ ਸੱਤਾ ਨੂੰ ਸਾਰੇ ਵਰਗਾਂ ਵਿਚਕਾਰ ਵੰਡਣ ਦੇ ਵਿਚਾਰ ‘ਤੇ ਇੱਕ ਨਿਰਦਈ ਜ਼ਖ਼ਮ ਵੱਧ ਸੀ।

### ਗਣਤੰਤਰ ਦੇ ਦਿਲ ‘ਤੇ ਜ਼ਖ਼ਮ: ਇੱਕ ਚੇਤਾਵਨੀ

ਇਹ ਘਟਨਾ ਕੋਈ ਇਕੱਲਾ ਪਾਗਲਪਣ ਨਹੀਂ ਹੈ। ਇਹ ਇੱਕ ਵਿਆਪਕ ਅਤੇ ਖ਼ਤਰਨਾਕ ਰੁਝਾਨ ਨੂੰ ਪ੍ਰਤੀਬਿੰਬਿਤ ਕਰਦੀ ਹੈ, ਜਿਸ ਵਿੱਚ ਧਾਰਮਿਕ ਭਾਵਨਾਵਾਂ ਨੂੰ ਹਥਿਆਰ ਬਣਾ ਕੇ ਸੰਵਿਧਾਨਕ ਸੱਤਾ ਨੂੰ ਜਾਣ-ਬੁੱਝ ਕੇ ਨਾਜਾਇਜ਼ ਠਹਿਰਾਇਆ ਜਾਂਦਾ ਹੈ। ਜਦੋਂ ਭਾਵਨਾ ਬਿਨਾਂ ਸਵਾਲ ਨਾਲ ਆਗਿਆਕਾਰੀ ਦੀ ਮੰਗ ਕਰਦੀ ਹੈ ਅਤੇ ਕਾਨੂੰਨ ਹਰ ਕਦਮ ‘ਤੇ ਵਿਚਾਰਕ ਕਾਰਨ ਦੀ ਮੰਗ ਕਰਦਾ ਹੈ, ਤਾਂ ਅਕਸਰ ਭਾਵਨਾਤਮਕ ਆਗਿਆਕਾਰੀ ਜਿੱਤ ਜਾਂਦੀ ਹੈ; ਤੇ ਵਿਚਾਰਕਤਾ ਕੋਨੇ ਵਿੱਚ ਚੁੱਪਚਾਪ ਖ਼ੂਨ ਨਾਲ ਭਰੀ ਰਹਿੰਦੀ ਹੈ। 75 ਸਾਲ ਦੀ ਉਮਰ ਵਿੱਚ, ਸੰਵਿਧਾਨ ਹੁਣ ਆਪਣੀ ਸਭ ਤੋਂ ਸਖ਼ਤ ਪਰਖ ਦਾ ਸਾਹਮਣਾ ਕਰ ਰਿਹਾ ਹੈ: ਕੀ ਇਸ ਦੇ ਨਾਗਰਿਕ ਅਜੇ ਵੀ ਕਿਸੇ ਵੀ ਫ਼ਿਰਕੂ ਸੱਚ ਤੇ ਇਸ ਦੀ ਨੈਤਿਕ ਉੱਤਮਤਾ ਵਿੱਚ ਵਿਸ਼ਵਾਸ ਰੱਖਦੇ ਹਨ? ਇਸ ਘਟਨਾ ਨੂੰ ਉਸ ਦੇ ਨਿਸ਼ਾਨੇ ਲਈ ਨਹੀਂ, ਬਲਕਿ ਉਸ ਦੇ ਸਮੇਂ ਲਈ ਯਾਦ ਕੀਤਾ ਜਾਵੇਗਾ- ਵਿਚਾਰ, ਸਹਿਣਸ਼ੀਲਤਾ ਅਤੇ ਕਾਨੂੰਨ ‘ਤੇ ਸਥਾਪਿਤ ਗਣਤੰਤਰ ਦੇ 75ਵੇਂ ਸਾਲ ਵਿੱਚ। ਇਹ ਸਾਨੂੰ ਸਖ਼ਤ ਸਵਾਲ ਪੁੱਛਣ ਲਈ ਮਜਬੂਰ ਕਰਦੀ ਹੈ: ਕੀ ਅਸੀਂ ਇੱਕ ਰਾਸ਼ਟਰ ਵਜੋਂ ਇੰਨੇ ਭਾਵਨਾਤਮਕ ਤੌਰ ‘ਤੇ ਕਮਜ਼ੋਰ ਹੋ ਗਏ ਹਾਂ ਕਿ ਭਾਵਨਾ ਨੂੰ ਪ੍ਰਦਰਸ਼ਿਤ ਕਰਨ ਲਈ ਹੁਣ ਨਿਆਂ ਨੂੰ ਅਪਮਾਨਿਤ ਕਰਨਾ ਜ਼ਰੂਰੀ ਹੋ ਗਿਆ ਹੈ? ਜੇ ਅਜਿਹਾ ਹੈ, ਤਾਂ ਸੰਵਿਧਾਨ ਹੁਣ ਬਾਹਰੀ ਦੁਸ਼ਮਣ ਤੋਂ ਨਹੀਂ, ਬਲਕਿ ਉਨ੍ਹਾਂ ਹੀ ਮਨਾਂ ਵਿੱਚੋਂ ਹਮਲਿਆਂ ਦੇ ਅਧੀਨ ਹੈ, ਜਿਨ੍ਹਾਂ ਨੂੰ ਇਹ ਆਜ਼ਾਦੀ ਅਤੇ ਵਿਚਾਰ ਨਾਲ ਭਰਨਾ ਚਾਹੁੰਦਾ ਸੀ। ਅਦਾਲਤ ਵਿੱਚ ਜੁੱਤੀ ਸੁੱਟਣ ਦੀ ਗੂੰਜ ਭਾਰਤੀ ਇਤਿਹਾਸ ਦੇ ਗਲਿਆਰਿਆਂ ਵਿੱਚ ਇੱਕ ਡਰਾਉਣੀ ਚੇਤਾਵਨੀ ਵਜੋਂ ਲੰਮੇ ਸਮੇਂ ਤੱਕ ਸੁਣਾਈ ਦੇਵੇਗੀ- ਕਿ ਜੇ ਅਸੀਂ ਆਪਣੇ ਸੰਵਿਧਾਨ ਦੇ ਡੂੰਘੇ ਅਰਥ ਭੁੱਲ ਗਏ, ਤਾਂ ਭਾਵਨਾ ਅਤੇ ਜਨੂੰਨ ਵਿਚਕਾਰ ਦੀ ਦੂਰੀ ਸੁੰਗੜ ਕੇ ਇੱਕ ਜੁੱਤੀ ਦੀ ਆਵਾਜ਼ ਜਿੰਨੀ ਘੱਟ ਹੋ ਸਕਦੀ ਹੈ।

## ਡਾ. ਆਤਮਜੀਤ ਵੱਲੋਂ ‘ਮੈਂ ਨਾਨਕ ਦੀ ਬਾਣੀ ਹਾਂ’ ਦਾ ਨਾਟਕੀ ਪਾਠ 26 ਅਕਤੂਬਰ ਨੂੰ

**ਸ਼ਿਕਾਗੋ:** ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ ਵੱਲੋਂ ਉਨ੍ਹਾਂ ਦੇ ਸੱਜਰੇ ਨਾਟਕ ‘ਮੈਂ ਨਾਨਕ ਦੀ ਬਾਣੀ ਹਾਂ’ ਦਾ ਨਾਟਕੀ ਪਾਠ 26 ਅਕਤੂਬਰ, ਐਤਵਾਰ ਨੂੰ ਪੈਲਾਟਾਈਨ ਵਿਖੇ ਕੀਤਾ ਜਾਵੇਗਾ। ‘ਮੈਂ ਨਾਨਕ ਦੀ ਬਾਣੀ ਹਾਂ’ ਦਾ ਇਹ ਪਹਿਲਾ ਰੀਸਾਈਟਲ ਹੈ। ਡਾ. ਆਤਮਜੀਤ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਨਾਟਕ ਵਿੱਚ ਗੁਰੂ ਨਾਨਕ ਦੇਵ ਜੀ ਦੀ ਸਮਾਜਿਕ ਫਿਲਾਸਫੀ ਨੂੰ ਨਵੇਂ ਸਿਰੇ ਤੋਂ ਦੇਖਣ-ਘੋਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਗੁਰੂ ਨਾਨਕ ਸਾਹਿਬ ਦਾ ਹਿੰਦੁਸਤਾਨ ਵਿੱਚ ਨਿਵੇਕਲਾ ਸਥਾਨ ਨਿਸ਼ਚਿਤ ਕਰਨ ਦਾ ਯਤਨ ਹੋਇਆ ਹੈ।

ਇੱਕ ਵੱਖਰੀ ਕਿਸਮ ਦਾ ਇਹ ਪ੍ਰੋਗਰਾਮ ਗਲੋਬਲ ਪੰਜਾਬੀ ਮਿਲਾਪ ਵੱਲੋਂ ਕਰਵਾਇਆ ਜਾ ਰਿਹਾ ਹੈ, ਜੋ ਆਲ ਸੇਂਟਸ ਲੂਥਰਨ ਚਰਚ (630 S. Quentin Rd., Palatine 60667) ਵਿੱਚ ਦੁਪਹਿਰ ਦੋ ਤੋਂ ਚਾਰ ਵਜੇ ਤੱਕ ਕੀਤਾ ਜਾ ਰਿਹਾ ਹੈ। ਚਾਹ-ਪਾਣੀ ਦਾ ਪ੍ਰਬੰਧ ਹੋਵੇਗਾ ਅਤੇ ਅੱਧੇ ਘੰਟੇ ਲਈ ਸਵਾਲਾਂ-ਜਵਾਬਾਂ ਦਾ ਸੈਸ਼ਨ ਵੀ ਹੋਵੇਗਾ।

ਜ਼ਿਕਰਯੋਗ ਹੈ ਕਿ ਡਾ. ਆਤਮਜੀਤ ਕੋਈ ਢਾਈ ਸੌ ਵਾਰ ਆਪਣੇ ਵੱਖ-ਵੱਖ ਨਾਟਕਾਂ ਦਾ ਅਜਿਹਾ ਪਾਠ ਕਰ ਚੁੱਕੇ ਹਨ। ਇਸ ਵਿੱਚ ਵੱਖ-ਵੱਖ ਕਿਰਦਾਰਾਂ ਦੇ ਰੋਲ ਨੂੰ ਨਾਟਕੀ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਹ ਇਸ ਪਾਠ ਨੂੰ ਮੰਚ ਦੀ ਪੇਸ਼ਕਾਰੀ ਦੇ ਬਹੁਤ ਨੇੜੇ ਲੈ ਜਾਂਦੇ ਹਨ। ਨਾਟਕਕਾਰ ਡਾ. ਆਤਮਜੀਤ ਪਿਛਲੇ ਤੀਹ ਸਾਲਾਂ ਤੋਂ ਆਪਣੇ ਨਾਟਕਾਂ ਦਾ ਮੰਚਨ ਕਰਨ ਤੋਂ ਪਹਿਲਾਂ ਹਰ ਨਾਟਕ ਦੇ ਅਜਿਹੇ ਕਈ ਪਾਠ ਕਰਦੇ ਹਨ ਅਤੇ ਸਵਾਲਾਂ-ਜਵਾਬਾਂ ਦੀ ਰੋਸ਼ਨੀ ਵਿੱਚ ਉਸ ਵਿੱਚ ਸੋਧਾਂ ਵੀ ਕਰਦੇ ਹਨ।

ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਠਾਕਰ ਸਿੰਘ ਬਸਾਤੀ (847-736-6092) ਜਾਂ ਸਾਜਿਦ ਚੌਧਰੀ (773-213-3775) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਨਿਤ ਨਵੇਂ ਸੰਕਟਾਂ ਨਾਲ ਜੂਝਦਾ ਪੰਜਾਬ

ਕਮਲ ਦੁਸਾਂਝ

ਪੰਜਾਬ, ਇੱਕ ਅਜਿਹੀ ਧਰਤੀ ਜੋ ਹਰ ਦੌਰ ਵਿੱਚ ਹੱਸਦਾ-ਰੋਂਦਾ, ਲੜਦਾ-ਉੱਠਦਾ ਰਿਹਾ ਹੈ। ਗੁਰੂਆਂ-ਪੀਰਾਂ ਦੀ ਇਹ ਪਵਿੱਤਰ ਭੂਮੀ ਸਦੀਆਂ ਤੋਂ ਵੱਖ-ਵੱਖ ਪ੍ਰੀਖਣਾਂ ਨਾਲ ਜੂਝਦੀ ਆਈ ਹੈ। ਕਦੇ ਧਾੜਵੀਆਂ ਦੀ ਲੁੱਟ, ਕਦੇ 1947 ਦੀ ਵੰਡ ਦਾ ਦਰਦ, 1984 ਦੇ ਕਾਲ਼ੇ ਪਰ ਲਹੂ ਨਾਲ਼ ਭਰੇ ਬੱਦਲ਼, ਹੜ੍ਹਾਂ ਦੀ ਵਿਨਾਸ਼ਕ ਲਹਿਰ ਅਤੇ ਹੁਣ ਪਾਕਿਸਤਾਨ ਨਾਲ ਲਗਦੀ ਲੰਮੀ ਸਰਹੱਦ ਕਾਰਨ ਹਥਿਆਰਾਂ ਤੇ ਨਸ਼ਿਆਂ ਦੇ ਕਾਰੋਬਾਰ ਨੇ ਇਸ ਨੂੰ ਨਵੀਂ ਚੁਣੌਤੀ ਵਿੱਚ ਧੱਕ ਦਿੱਤਾ ਹੈ। ਪਰ ਫਿਰ ਵੀ, ਇਹ ਧਰਤੀ ਕੁਕਨੂਸ ਵਾਂਗ ਹਰ ਵਾਰ ਰਾਖ ਵਿੱਚੋਂ ਉੱਠ ਕੇ ਨਵੀਆਂ ਉਮੀਦਾਂ ਨਾਲ ਚਮਕਦੀ ਰਹੀ ਹੈ। ਭਾਰਤ-ਪਾਕਿਸਤਾਨ ਵਿਚਕਾਰ ਤਣਾਅ ਭਰੇ ਸੰਬੰਧਾਂ ਦੇ ਬਾਵਜੂਦ, ਦੋਹਾਂ ਪੰਜਾਬਾਂ ਵਿਚਕਾਰ ਸਾਂਝੀਆਂ ਰਵਾਇਤਾਂ ਅਤੇ ਭਾਈਚਾਰੇ ਦੀਆਂ ਤੰਦਾਂ ਅੱਜ ਵੀ ਅਟੱਲ ਹਨ। ਇਹ ਸਾਂਝ ਨਾ ਸਿਰਫ਼ ਸੱਭਿਆਚਾਰਕ ਹੈ, ਸਗੋਂ ਇੱਕ ਅਜਿਹੀ ਤਾਕਤ ਵੀ ਜੋ ਹਰ ਸੰਕਟ ਵਿੱਚ ਪੰਜਾਬ ਨੂੰ ਜੋੜਦੀ ਰਹਿੰਦੀ ਹੈ।

ਪਰ ਅੱਜ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਵਿੱਚ ਸਭ ਤੋਂ ਵੱਡੀ ਚਿੰਤਾ ਹੈ ਸਰਹੱਦੀ ਤਸਕਰੀ। ਭਾਰਤ-ਪਾਕਿਸਤਾਨ ਵਿਚਕਾਰ 553 ਕਿਲੋਮੀਟਰ ਲੰਮੀ ਇਹ ਅੰਤਰਰਾਸ਼ਟਰੀ ਸਰਹੱਦ ਨਾ ਸਿਰਫ਼ ਹਥਿਆਰਾਂ, ਨਸ਼ਿਆਂ ਅਤੇ ਧਮਾਕਾਖੇਜ਼ ਸਮੱਗਰੀ ਦੀ ਵੱਡੀ ਰਾਹ ਗੁਜ਼ਰ ਬਣ ਗਈ ਹੈ, ਸਗੋਂ ਇਹ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਵੀ ਗੰਭੀਰ ਖ਼ਤਰਾ ਬਣ ਰਹੀ ਹੈ। ਰਾਜਸਥਾਨ, ਜੰਮੂ-ਕਸ਼ਮੀਰ ਅਤੇ ਗੁਜਰਾਤ ਵਰਗੇ ਰਾਜਾਂ ਨਾਲ ਵੀ ਪਾਕਿਸਤਾਨ ਦੀਆਂ ਸਰਹੱਦਾਂ ਜੁੜੀਆਂ ਹਨ, ਉਥੇ ਵੀ ਹਥਿਆਰਾਂ ਅਤੇ ਨਸ਼ਿਆਂ ਦੀ ਤਸਕਰੀ ਹੁੰਦੀ ਹੈ ਤੇ ਦਹਿਸ਼ਤਗਰਦ ਵੀ ਘੁਸਪੈਠ ਕਰਦੇ ਹਨ, ਪਰ ਪੰਜਾਬ ਇਨ੍ਹਾਂ ਸਾਰਿਆਂ ਵਿੱਚੋਂ ਵਿਸ਼ੇਸ਼ ਰੂਪ ਨਾਲ ਸੰਵੇਦਨਸ਼ੀਲ ਹੈ। ਇੱਥੇ ਸਰਹੱਦ ਰਾਹੀਂ ਹਥਿਆਰਾਂ ਅਤੇ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਸਭ ਤੋਂ ਵੱਧ ਹਨ। ਖ਼ਾਸ ਤੌਰ ’ਤੇ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਫ਼ਾਜ਼ਿਲਕਾ ਅਤੇ ਬਟਾਲਾ ਵਰਗੇ ਜ਼ਿਲ੍ਹੇ ਇਸ ਦੇ ਸਭ ਤੋਂ ਵੱਡੇ ਸ਼ਿਕਾਰ ਹਨ। ਇਨ੍ਹਾਂ ਖੇਤਰਾਂ ਵਿੱਚ ਡਰੋਨਾਂ ਰਾਹੀਂ ਲਗਾਤਾਰ ਤਸਕਰੀ ਹੋ ਰਹੀ ਹੈ, ਜੋ ਨਾ ਸਿਰਫ਼ ਆਰਥਿਕ ਨੁਕਸਾਨ ਪਹੁੰਚਾ ਰਹੀ ਹੈ, ਸਗੋਂ ਸਮਾਜ ਨੂੰ ਵੀ ਗਹਿਰੇ ਜ਼ਖ਼ਮ ਦੇ ਰਹੀ ਹੈ।

2024 ਵਿੱਚ ਡਰੋਨਾਂ ਰਾਹੀਂ ਤਸਕਰੀ ਦੇ ਕੁੱਲ 179 ਕੇਸਾਂ ਵਿੱਚੋਂ 163 ਇਕੱਲੇ ਪੰਜਾਬ ਵਿੱਚ ਹੀ ਦਰਜ ਹੋਏ। ਇਹ ਅੰਕੜੇ ਨਿਊਕਲੀਅਰ ਕੰਟਰੋਲ ਬਿਊਰੋ (ਐੱਨ.ਸੀ.ਬੀ.) ਦੇ ਅਧਿਕਾਰਕ ਡੇਟਾ ਨਾਲ ਮੇਲ ਖਾਂਦੇ ਹਨ, ਜੋ ਦੱਸਦੇ ਹਨ ਕਿ ਪੰਜਾਬ ਵਿੱਚ ਡਰੋਨਾਂ ਰਾਹੀਂ ਨਸ਼ਿਆਂ ਦੀ ਤਸਕਰੀ ਵਿੱਚ ਵੀ ਵਾਧਾ ਹੋਇਆ ਹੈ। ਨਵੰਬਰ 2024 ਤੱਕ ਪੰਜਾਬ ਪੁਲਿਸ ਨੇ 283 ਡਰੋਨ ਫੜੇ, ਜਿਨ੍ਹਾਂ ਵਿੱਚ ਹਥਿਆਰ ਅਤੇ ਨਸ਼ੇ ਭਰਪੂਰ ਮਾਤਰਾ ਸਨ। ਬੀ.ਐੱਸ.ਐੱਫ. ਨੇ ਵੀ ਇਸੇ ਸਾਲ ਇੰਡੋ-ਪਾਕ ਸਰਹੱਦ ’ਤੇ 200 ਤੋਂ ਵੱਧ ਡਰੋਨ ਫੜੇ ਅਤੇ 287 ਕਿਲੋ ਹੈਰੋਇਨ ਜ਼ਬਤ ਕੀਤੀ। ਇਹ ਅੰਕੜੇ ਡਰਾਉਣੀ ਕਹਾਣੀ ਸੁਣਾਉਂਦੇ ਹਨ ਕਿ ਸਰਹੱਦੀ ਤਸਕਰੀ ਵਿੱਚ 150 ਫੀਸਦੀ ਵਾਧਾ ਹੋ ਗਿਆ ਹੈ। ਖ਼ਾਸ ਤੌਰ ’ਤੇ ਹਥਿਆਰਾਂ ਦੀ ਤਸਕਰੀ ਵਿੱਚ ਪੰਚ ਗੁਣਾਂ ਵਾਧਾ ਦਰਜ ਹੋਇਆ ਹੈ, ਜਿਸ ਵਿੱਚ ਏ.ਕੇ.-47 ਰਾਈਫਲਾਂ, ਗ੍ਰਨੇਡ ਅਤੇ ਹੋਰ ਧਮਾਕਾਖੇਜ਼ ਹਥਿਆਰ ਸ਼ਾਮਲ ਹਨ। ਇਹ ਵਾਧਾ ਭਾਰਤ ਵੱਲੋਂ ਪਾਕਿਸਤਾਨ ਵਿੱਚ ਅਤਿਵਾਦੀਆਂ ਦੀਆਂ ਛੁਪਣਗਾਹਾਂ ’ਤੇ ਕੀਤੇ ਗਏ ਆਪ੍ਰੇਸ਼ਨ ਸੰਧੂਰ ਨਾਲ ਜੁੜਿਆ ਹੈ, ਜਿਸ ਨੇ ਪਾਕਿਸਤਾਨੀ ਫੌਜ ਅਤੇ ਖੁਫ਼ੀਆ ਏਜੰਸੀ ਆਈ.ਐੱਸ.ਆਈ. ਨੂੰ ਹਲਕੇ ਵਿੱਚ ਨਹੀਂ ਲੈਣ ਦਿੱਤਾ।

## ਸਰਹੱਦੀ ਤਸਕਰੀ ਦਾ ਵਧਦਾ ਖ਼ਤਰਾ



ਇਸ ਤਸਕਰੀ ਦਾ ਮੁੱਖ ਸਾਧਨ ਡਰੋਨ ਹਨ, ਜੋ ਰਾਵੀ ਅਤੇ ਸਤਲੁਜ ਨਦੀਆਂ ਰਾਹੀਂ ਵੀ ਵਰਤੇ ਜਾਂਦੇ ਹਨ। ਪਾਕਿਸਤਾਨੀ ਖੁਫ਼ੀਆ ਏਜੰਸੀ ਆਈ.ਐੱਸ.ਆਈ. ਦੀ ਸਰਪ੍ਰਸਤੀ ਵਿੱਚ ਤਸਕਰਾਂ ਦਾ ਨੈੱਟਵਰਕ ਇੱਥੇ ਬਹੁਤ ਸਰਗਰਮ ਹੈ। ਇਹ ਨੈੱਟਵਰਕ ਪੰਜਾਬ ਦੇ ਅਪਰਾਧੀ ਗਰੁੱਪਾਂ ਨਾਲ਼ ਜੁੜਿਆ ਹੋਇਆ ਹੈ ਅਤੇ ਇਸ ਨਾਲ ਹਥਿਆਰਾਂ ਤੇ ਨਸ਼ਿਆਂ ਨੂੰ ਨਾ ਸਿਰਫ਼ ਪੰਜਾਬ ਵਿੱਚ ਫੈਲਾਉਂਦਾ ਹੈ, ਸਗੋਂ ਪੂਰੇ ਦੇਸ਼ ਵਿੱਚ ਸਪਲਾਈ ਕਰਦਾ ਹੈ। ਐੱਨ.ਸੀ.ਬੀ. ਦੀ ਰਿਪੋਰਟ ਮੁਤਾਬਕ 2024 ਵਿੱਚ ਡਰੋਨਾਂ ਰਾਹੀਂ ਨਸ਼ਿਆਂ ਦੀ ਤਸਕਰੀ ਵਿੱਚ ਵਾਧਾ ਹੋਇਆ ਹੈ, ਜਿਸ ਵਿੱਚ ਹੈਰੋਇਨ, ਚਰਸ ਅਤੇ ਸਿੰਥੈਟਿਕ ਨਸ਼ੇ ਸ਼ਾਮਲ ਹਨ। ਪੰਜਾਬ ਪੁਲਿਸ ਨੇ ਇਸੇ ਸਾਲ 16,360 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਅਤੇ 143 ਦਹਿਸ਼ਤਗਰਾਦਾਂ ਨੂੰ ਫੜਿਆ, ਜਿਨ੍ਹਾਂ ਕੋਲੋਂ ਹਥਿਆਰ, ਵਿਸਫੋਟਕ ਅਤੇ ਨਸ਼ੇ ਬਹੁਤ ਜ਼ਿਆਦਾ ਮਾਤਰਾ ਵਿੱਚ ਮਿਲੇ। ਇਹ ਅੰਕੜੇ ਇੱਕ ਚਿੰਤਾਜਨਕ ਰੁਝਾਨ ਨੂੰ ਦਰਸਾਉਂਦੇ ਹਨ। ਜਿੱਥੇ ਨਸ਼ੇ ਨਾ ਸਿਰਫ਼ ਨੌਜਵਾਨਾਂ ਨੂੰ ਬਰਬਾਦ ਕਰ ਰਹੇ ਹਨ, ਸਗੋਂ ਦਹਿਸ਼ਤਗਰਦੀ ਨੂੰ ਵੀ ਹਵਾ ਦਿੰਦੇ ਹਨ। ਮਈ 2025 ਵਿੱਚ ਹੀ ਬੀ.ਐੱਸ.ਐੱਫ. ਨੇ ਛੇ ਡਰੋਨ ਫੜੇ ਅਤੇ 3.4 ਕਿਲੋ ਨਸ਼ੇ ਜ਼ਬਤ ਕੀਤੇ, ਜੋ ਦੱਸਦਾ ਹੈ ਕਿ ਸਰਹੱਦੀ ਤਣਾਅ ਵਿੱਚ ਵੀ ਇਹ ਕਾਰੋਬਾਰ ਰੁਕਿਆ ਨਹੀਂ।

ਪੰਜਾਬ ਨੂੰ ਇਸ ਖ਼ਤਰੇ ਨਾਲ ਮੁਕਾਬਲੇ ਲਈ ਨਵੀਆਂ ਰਣਨੀਤੀਆਂ ਅਪਣਾਉਣੀਆਂ ਪਈਆਂ ਹਨ। ਇਹ ਪਹਿਲਾ ਸੂਬਾ ਹੈ, ਜਿੱਥੇ ਤਿੰਨ ਐਂਟੀ-ਡਰੋਨ ਸਿਸਟਮ ਲਗਾਏ ਗਏ ਹਨ। ਇਨ੍ਹਾਂ ਵਿੱਚੋਂ ਇੱਕ ‘ਬਾਜ ਅੱਖ’ ਨਾਮਕ ਸਿਸਟਮ ਵਿਸ਼ੇਸ਼ ਤੌਰ ’ਤੇ ਪ੍ਰਭਾਵਸ਼ਾਲੀ ਹੈ, ਜੋ ਡਰੋਨਾਂ ਨੂੰ ਟੋਹ ਕੇ ਨਿਸ਼ਾਨਾ ਬਣਾਉਂਦਾ ਹੈ ਅਤੇ ਉਨ੍ਹਾਂ ਨੂੰ ਨਸ਼ਟ ਕਰਦਾ ਹੈ। ਬੀ.ਐੱਸ.ਐੱਫ. ਨੇ ਵੀ ਇਸ ਨੂੰ ਲਾਗੂ ਕੀਤਾ ਹੈ, ਜਿਸ ਨਾਲ 2025 ਦੇ ਪਹਿਲੇ ਛੇ ਮਹੀਨਿਆਂ ਵਿੱਚ 50 ਤੋਂ ਵੱਧ ਡਰੋਨੀ ਘੁਸਪੈਠ ਨੂੰ ਨਾਕਾਮ ਕੀਤਾ ਗਿਆ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਹੈ ਕਿ ਇਹ ਨੈੱਟਵਰਕ ਗੈਂਗਸਟਰਾਂ ਤੱਕ ਪਹੁੰਚ ਕੇ ਅਪਰਾਧਾਂ ਵਿੱਚ ਵਾਧਾ ਕਰ ਰਿਹਾ ਹੈ, ਪਰ ਖੁਫ਼ੀਆ ਜਾਣਕਾਰੀ ਅਤੇ ਤਕਨੀਕੀ ਹਥਿਆਰਾਂ ਨਾਲ ਇਸ ਨੂੰ ਰੋਕਿਆ ਜਾ ਰਿਹਾ ਹੈ। ਪੰਜਾਬ ਪੁਲਿਸ, ਬੀ.ਐੱਸ.ਐੱਫ. ਅਤੇ ਕੇਂਦਰੀ ਸੁਰੱਖਿਆ ਏਜੰਸੀਆਂ ਵਰਗੀਆਂ ਏਜੰਸੀਆਂ ਵਿਚਕਾਰ ਤਾਲਮੇਲ ਵੀ ਵਧਿਆ ਹੈ। ਉਦਾਹਰਣ ਵਜੋਂ 2025 ਵਿੱਚ ਬੀ.ਐੱਸ.ਐੱਫ. ਨੇ 174 ਹਥਿਆਰ, 12 ਹੈਂਡ ਗ੍ਰਨੇਡ ਅਤੇ 10 ਕਿਲੋ ਵਿਸਫੋਟਕ ਜ਼ਬਤ ਕੀਤੇ, ਜੋ ਇਨ੍ਹਾਂ ਸਾਂਝੇ ਯਤਨਾਂ ਦਾ ਨਤੀਜਾ ਹੈ।

ਇਹ ਤਸਕਰੀ ਨਾ ਸਿਰਫ਼ ਪੰਜਾਬ ਦੀ ਸਮੱਸਿਆ ਹੈ, ਸਗੋਂ ਪੂਰੇ ਦੇਸ਼ ਲਈ ਚੁਣੌਤੀ ਹੈ। ਨਸ਼ੇ ਅਤੇ ਹਥਿਆਰਾਂ ਦੀ ਖਪਤ ਪੰਜਾਬ ਤੋਂ ਬਾਹਰ ਵੀ ਹੁੰਦੀ ਹੈ, ਜੋ ਅਤਿਵਾਦ ਅਤੇ ਅਪਰਾਧ ਨੂੰ ਵਧਾਉਂਦੀ ਹੈ। ਐੱਨ.ਸੀ.ਬੀ. ਦੀ ਰਿਪੋਰਟ ਮੁਤਾਬਕ ਡਰੋਨਾਂ ਰਾਹੀਂ ਨਸ਼ਿਆਂ ਦੀ ਤਸਕਰੀ ਭਾਰਤ ਦੀ ਅੰਦਰੂਨੀ ਸੁਰੱਖਿਆ ਲਈ ਵੱਡਾ ਖ਼ਤਰਾ ਬਣ ਰਹੀ ਹੈ। ਇਸ ਲਈ ਕੇਂਦਰ ਸਰਕਾਰ ਨੂੰ ਵਧੇਰੇ ਸਹਿਯੋਗ ਦੇਣਾ ਚਾਹੀਦਾ ਹੈ- ਹੋਰ ਤਕਨੀਕੀ ਸਿਸਟਮ ਵਿਕਸਤ ਕਰਨੇ ਚਾਹੀਦੇ ਹਨ, ਜਿਵੇਂ ਕਿ ਐਡਵਾਂਸਡ ਰਡਾਰ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਆਧਾਰਿਤ ਨਿਗਰਾਨੀ। ਪੰਜਾਬ ਸਰਕਾਰ ਨੇ ਵੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦਾ ਦਾਅਵਾ ਕੀਤਾ ਹੈ, ਜਿਸ ਤਹਿਤ ਹਜ਼ਾਰਾਂ ਨੌਜਵਾਨਾਂ ਨੂੰ ਰਿਹੈਬਿਲਟੇਸ਼ਨ ਸੈਂਟਰਾਂ ਵਿੱਚ ਭੇਜਿਆ ਗਿਆ ਹੈ। ਇਸ ਨਾਲ ਨਸ਼ਿਆਂ ਦੀ ਮੰਗ ਵਿੱਚ ਕੁਝ ਕਮੀ ਆਈ ਹੈ, ਪਰ ਸਰੋਤਾਂ ਦੀ ਕਮੀ ਅਜੇ ਵੀ ਚੁਣੌਤੀ ਹੈ।

ਪੰਜਾਬ ਨੇ ਹਰ ਵਾਰ ਅਜਿਹੇ ਸੰਕਟਾਂ ਨੂੰ ਹਰਾਇਆ ਹੈ। 2023 ਵਿੱਚ ਬੀ.ਐੱਸ.ਐੱਫ. ਨੇ ਵੀ ਵੱਡੀ ਮਾਤਰਾ ਵਿੱਚ ਡਰੋਨ ਫੜੇ ਸਨ ਅਤੇ ਅੱਜ ਵੀ ਇਹ ਯੁੱਧ ਜਾਰੀ ਹੈ। ਪਰ ਇਸ ਵਾਰ ਸਫਲਤਾ ਲਈ ਸਿਰਫ਼ ਸੁਰੱਖਿਆ ਬਲਾਂ ਨੂੰ ਨਹੀਂ, ਸਗੋਂ ਪੂਰੇ ਸਮਾਜ ਨੂੰ ਇੱਕਜੁਟ ਹੋਣਾ ਪਵੇਗਾ। ਨੌਜਵਾਨਾਂ ਨੂੰ ਸਿੱਖਿਆ ਅਤੇ ਰੁਜ਼ਗਾਰ ਨਾਲ ਜੋੜਨਾ ਹੋਵੇਗਾ ਤਾਂ ਜੋ ਉਹ ਨਸ਼ਿਆਂ ਅਤੇ ਅਪਰਾਧ ਨਾਲੋਂ ਬਿਹਤਰ ਰਾਹ ਚੁਣਨ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇੱਕ ਕੌਮੀ ਰਣਨੀਤੀ ਬਣਾਉਣੀ ਚਾਹੀਦੀ ਹੈ, ਜਿਸ ਵਿੱਚ ਤਕਨੀਕੀ ਨਵੀਨਤਾ ਅਤੇ ਕੌਮਾਂਤਰੀ ਸਹਿਯੋਗ ਸ਼ਾਮਲ ਹੋਵੇ। ਪੰਜਾਬ ਨੇ ਹਮੇਸ਼ਾ ਸਾਬਤ ਕੀਤਾ ਹੈ ਕਿ ਉਹ ਹਾਰ ਨਹੀਂ ਮੰਨਦਾ। ਇਸ ਗੱਲ ਨੂੰ ਯਾਦ ਰੱਖ ਕੇ ਹੀ ਅਸੀਂ ਇਸ ਨਵੇਂ ਸੰਕਟ ਨੂੰ ਵੀ ਪਿੱਛੇ ਧੱਕ ਸਕਦੇ ਹਾਂ ਅਤੇ ਆਪਣੀ ਧਰਤੀ ਨੂੰ ਮੁੜ ਤੋਂ ਹੱਸਦਾ-ਖਿੜਦਾ ਬਣਾ ਸਕਦੇ ਹਾਂ।

# ਤੇਲ ਦਾ ਖੇਲ੍ਹ: ਅੰਤਰਰਾਸ਼ਟਰੀ ਰਾਜਨੀਤੀ ਵਿੱਚ ਨਵੇਂ-ਨਵੇਂ ਮੋੜ

## *ਕਿਉਂ ਤਾਣੀ ਹੋਈ ਹੈ ਟਰੰਪ ਨੇ ਭਾਰਤ ਵੱਲ ‘ਬੰਦੂਕ’?

ਪੰਜਾਬੀ ਪਰਵਾਜ਼ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਰੂਸ ਤੋਂ ਤੇਲ ਖਰੀਦਣ ਨੂੰ ਲੈ ਕੇ ਭਾਰਤ ਵਿਰੁੱਧ ਲਗਾਤਾਰ ਹਮਲਾਵਰ ਹਨ। ਟਰੰਪ ਨੇ ਖੁੱਲ੍ਹੇ ਤੌਰ ‘ਤੇ ਕਿਹਾ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦ ਕੇ ਉਸ ਨੂੰ ਸ਼ੁੱਧ ਕਰ ਕੇ ਮੁਨਾਫ਼ਾ ਕਮਾ ਰਿਹਾ ਹੈ ਅਤੇ ਇਸ ਨਾਲ ਯੂਕਰੇਨ ਵਿੱਚ ਜੰਗ ਦੀ ਫੰਡਿੰਗ ਵੀ ਕਰ ਰਿਹਾ ਹੈ। ਇਹ ਬਿਆਨ ਭਾਰਤ ਲਈ ਚੁਣੌਤੀ ਪੈਦਾ ਕਰ ਰਹੇ ਹਨ, ਕਿਉਂਕਿ ਭਾਰਤ ਆਪਣੀ ਊਰਜਾ ਲੋੜਾਂ ਨੂੰ ਪੂਰਾ ਕਰਨ ਲਈ ਰੂਸੀ ਤੇਲ ‘ਤੇ ਨਿਰਭਰ ਹੈ।

ਰਾਸ਼ਟਰਪਤੀ ਟਰੰਪ ਨੇ ਬੁੱਧਵਾਰ, 15 ਅਕਤੂਬਰ ਨੂੰ ਹੈਰਾਨ ਕਰਨ ਵਾਲਾ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਵੇਗਾ। ਅਗਲੇ ਦਿਨ ਭਾਰਤੀ ਵਿਦੇਸ਼ ਮੰਤਰਾਲੇ ਤੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਦੋਹਾਂ ਨੇਤਾਵਾਂ ਵਿਚਕਾਰ ਗੱਲਬਾਤ ਦੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ। ਹਾਲਾਂਕਿ ਟਰੰਪ ਨੇ ਅਜਿਹਾ ਇਕਤਰਫ਼ਾ ਦਾਅਵਾ ਪਹਿਲੀ ਵਾਰ ਨਹੀਂ ਕੀਤਾ। ਅਮਰੀਕੀ ਰਾਸ਼ਟਰਪਤੀ ਭਾਰਤ ਨੂੰ ਰੂਸੀ ਤੇਲ ਖਰੀਦਣ ਤੋਂ ਰੋਕਣ ਲਈ ਲਗਾਤਾਰ ਦਬਾਅ ਬਣਾ ਰਹੇ ਹਨ। ਇਸੇ ਕੜੀ ਵਿੱਚ ਉਨ੍ਹਾਂ ਨੇ ਭਾਰਤ ਉੱਤੇ 25% ਵਾਧੂ ਟੈਰਿਫ਼ ਲਗਾਇਆ ਹੈ, ਜਿਸ ਨਾਲ ਭਾਰਤੀ ਉਤਪਾਦਾਂ ਉੱਤੇ ਅਮਰੀਕਾ ਵਿੱਚ ਕੁੱਲ ਟੈਰਿਫ਼ 50% ਪਹੁੰਚ ਗਿਆ ਹੈ।

ਸਵਾਲ ਇਹ ਹੈ ਕਿ ਭਾਰਤ ਦੀ ਤੇਲ ਦਰਾਮਦ ਟਰੰਪ ਦੇ ਨਿਸ਼ਾਨੇ ਉੱਤੇ ਕਿਉਂ ਹੈ?

### ਭਾਰਤ ਵਿਰੁੱਧ ਖੁੱਲ੍ਹੇ ਬਿਆਨ

ਟਰੰਪ ਨੇ ਇਸੇ ਸਾਲ ਅਗਸਤ ਵਿੱਚ ਭਾਰਤ ਉੱਤੇ ਵਾਧੂ 25 ਫ਼ੀਸਦੀ ਟੈਰਿਫ਼ ਲਗਾਈ ਸੀ ਅਤੇ ਖੁੱਲ੍ਹੇ ਤੌਰ ‘ਤੇ ਕਿਹਾ ਸੀ ਕਿ ਭਾਰਤ ਵੱਡੇ ਪੈਮਾਨੇ ਉੱਤੇ ਰੂਸੀ ਤੇਲ ਖਰੀਦ ਰਿਹਾ ਹੈ, ਉਸ ਨੂੰ ਸ਼ੁੱਧ ਕਰ ਕੇ ਮੁਨਾਫ਼ੇ ਨਾਲ ਵੇਚ ਰਿਹਾ ਹੈ। ਭਾਰਤ ਵਰਤਮਾਨ ਵਿੱਚ ਆਪਣੀ ਕੁੱਲ ਲੋੜ ਦਾ ਲਗਭਗ 35 ਫ਼ੀਸਦੀ ਤੇਲ ਰੂਸ ਤੋਂ ਖਰੀਦ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਇਸ ਨੂੰ ਭਾਰਤੀ ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਚੁੱਕਿਆ ਗਿਆ ਕਦਮ ਦੱਸਿਆ ਹੈ। ਨਵੇਂ ਤੱਥਾਂ ਅਨੁਸਾਰ 2024 ਵਿੱਚ ਭਾਰਤ ਨੇ ਰੂਸ ਤੋਂ 52.73 ਅਰਬ ਡਾਲਰ ਦਾ ਕੱਚਾ ਤੇਲ ਖਰੀਦਿਆ ਸੀ, ਜੋ ਕਿ ਭਾਰਤ ਦੀ ਕੁੱਲ ਦਰਾਮਦ ਦਾ 36 ਫ਼ੀਸਦੀ ਹਿੱਸਾ ਸੀ। ਇਹ 2021 ਵਿੱਚ ਸਿਰਫ਼ 0.1 ਮਿਲੀਅਨ ਬੈਰਲ ਪ੍ਰਤੀ ਦਿਨ ਤੋਂ ਵਧ ਕੇ 2024 ਵਿੱਚ 1.9 ਮਿਲੀਅਨ ਬੈਰਲ ਪ੍ਰਤੀ ਦਿਨ ਹੋ ਗਿਆ। 2025 ਵਿੱਚ ਵੀ ਇਹ ਰੁਝਾਨ ਜਾਰੀ ਹੈ- ਜੂਨ 2025 ਵਿੱਚ ਰੂਸੀ ਤੇਲ ਦਰਾਮਦ ਵਿੱਚ 8 ਫ਼ੀਸਦੀ ਵਾਧਾ ਹੋਇਆ, ਜੋ ਕਿ ਪਿਛਲੇ ਮਹੀਨੇ ਨਾਲੋਂ ਸਭ ਤੋਂ ਵੱਧ ਸੀ। ਇਸ ਨਾਲ ਭਾਰਤ ਨੂੰ ਹਰ ਸਾਲ ਲਗਭਗ 5 ਅਰਬ ਡਾਲਰ ਦੀ ਬਚਤ ਹੋ ਰਹੀ ਹੈ, ਕਿਉਂਕਿ ਰੂਸੀ ਤੇਲ ਔਸਤਨ 10-14 ਫ਼ੀਸਦੀ ਛੋਟ ਉੱਤੇ ਮਿਲ ਰਿਹਾ ਹੈ।

ਟਰੰਪ ਪਿਛਲੇ ਸਾਲ ਰਾਸ਼ਟਰਪਤੀ ਚੋਣਾਂ ਦੌਰਾਨ ਇਹ ਦਾਅਵਾ ਕਰਦੇ ਰਹੇ ਸਨ ਕਿ ਉਹ ਸੱਤਾ ਵਿੱਚ ਆਉਣ ਤੋਂ ਬਾਅਦ 100 ਦਿਨਾਂ ਅੰਦਰ ਰੂਸ ਅਤੇ ਯੂਕਰੇਨ ਦੀ ਜੰਗ ਬੰਦ ਕਰਵਾ ਦੇਣਗੇ। ਹਾਲਾਂਕਿ 10 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਅਜਿਹੇ ਕੋਈ ਸੰਕੇਤ ਨਹੀਂ ਦਿਖ ਰਹੇ। ਉਹ 15 ਅਗਸਤ 2025 ਨੂੰ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਅਲਾਸਕਾ ਵਿੱਚ ਮੁਲਾਕਾਤ ਵੀ ਕਰ ਚੁੱਕੇ ਹਨ, ਜਿਸ ਦਾ ਵੀ ਕੋਈ ਨਤੀਜਾ ਨਿਕਲਿਆ ਨਹੀਂ। ਇਸ ਤੋਂ ਬਾਅਦ ਰੂਸ ਦੀ ਵਿਸ਼ਾਲ ਅਰਥਵਿਵਸਥਾ ਇੱਕ ਵਾਰ ਫਿਰ ਪੱਛਮੀ ਦੇਸ਼ਾਂ ਦੇ ਨਿਸ਼ਾਨੇ ਉੱਤੇ ਹੈ। ਟਰੰਪ ਦੋ ਤਰ੍ਹਾਂ ਦੀ ਰਣਨੀਤੀ ਉੱਤੇ ਕੰਮ ਕਰ ਰਹੇ ਹਨ। ਇੱਕ ਨਵਾਂ ਤੱਥ ਇਹ ਹੈ ਕਿ 2025 ਦੇ ਪਹਿਲੇ ਸੱਤ ਮਹੀਨਿਆਂ ਵਿੱਚ ਭਾਰਤ ਨੇ ਰੂਸ ਤੋਂ ਤੇਲ ਦਰਾਮਦ ਸਿਰਫ਼ 12 ਫ਼ੀਸਦੀ ਘਟਾਈ ਹੈ, ਜੋ 2024 ਦੇ ਪੂਰੇ ਸਾਲ ਨਾਲੋਂ ਘੱਟ ਹੈ, ਪਰ ਅਜੇ ਵੀ ਵੱਡੀ ਮਾਤਰਾ ਵਿੱਚ ਹੈ। ਇਹ ਭਾਰਤ ਨੂੰ ਊਰਜਾ ਸੁਰੱਖਿਆ ਵਿੱਚ ਮਜਬੂਤ ਬਣਾ ਰਿਹਾ ਹੈ, ਕਿਉਂਕਿ ਰੂਸੀ ਤੇਲ ਭਾਰਤ ਦੀ ਕੁੱਲ ਦਰਾਮਦ ਦਾ 38 ਫ਼ੀਸਦੀ ਹਿੱਸਾ ਬਣ ਗਿਆ ਹੈ।




### ਭਾਰਤ ਨੂੰ ਧਮਕੀ ਦੇ ਕੇ ਦਬਾਅ ਬਣਾਉਣ ਦੀ ਕੋਸ਼ਿਸ਼

ਅਸਲ ਵਿੱਚ ਪਹਿਲੀ ਰਣਨੀਤੀ ਯੂਕਰੇਨ ਨੂੰ ਅਮਰੀਕਾ ਵੱਲੋਂ ਬਣਾਈਆਂ ਟੌਮਹਾਕ ਕਰੂਜ਼ ਮਿਜ਼ਾਈਲਾਂ ਦੇਣਾ ਹੈ, ਜਿਸ ਨਾਲ ਯੂਕਰੇਨ ਰੂਸ ਦੇ ਤੇਲ ਸ਼ੁੱਧੀਕਰਨ ਪਲਾਂਟਾਂ ਉੱਤੇ ਹਮਲਾ ਕਰ ਸਕੇ। ਦੂਜੀ ਯੋਜਨਾ ਰੂਸੀ ਤੇਲ ਦੇ ਸਭ ਤੋਂ ਵੱਡੇ ਖਰੀਦਦਾਰ ਚੀਨ ਅਤੇ ਭਾਰਤ ਨੂੰ ਟੈਰਿਫ਼ਾਂ ਤੇ ਵਪਾਰ ਗੱਲਬਾਤ ਦੀ ਧਮਕੀ ਦੇ ਕੇ ਉਨ੍ਹਾਂ ਨੂੰ ਤੇਲ ਖਰੀਦਣ ਤੋਂ ਰੋਕਣ ਲਈ ਤਿਆਰ ਕਰਨ ਦੀ ਹੈ। ਨਵੇਂ ਡੇਟੇ ਅਨੁਸਾਰ 2025 ਵਿੱਚ ਚੀਨ ਨੇ ਰੂਸੀ ਕੱਚੇ ਤੇਲ ਦੇ 47 ਫ਼ੀਸਦੀ ਹਿੱਸੇ ਨੂੰ ਖਰੀਦਿਆ, ਜਦਕਿ ਭਾਰਤ ਨੇ 38 ਫ਼ੀਸਦੀ। ਇਹ ਦੱਸਦਾ ਹੈ ਕਿ ਟਰੰਪ ਦਾ ਨਾ ਸਿਰਫ਼ ਭਾਰਤ ਬਲਕਿ ਪੂਰੇ ਏਸ਼ੀਆਈ ਬਾਜ਼ਾਰ ‘ਤੇ ਦਬਾਅ ਬਣਾ ਰਹੇ ਹਨ। ਭਾਰਤ ਲਈ ਇਹ ਚੁਣੌਤੀ ਵੱਡੀ ਹੈ, ਕਿਉਂਕਿ ਰੂਸੀ ਤੇਲ ਨੇ ਭਾਰਤ ਨੂੰ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਤੋਂ ਬਚਾਇਆ ਹੈ।

### ਟਰੰਪ ਇਸ ਪਲਾਨ ਵਿੱਚ ਇਕੱਲੇ ਨਹੀਂ

ਲੰਘੀ 15 ਅਕਤੂਬਰ ਨੂੰ 85 ਅਮਰੀਕੀ ਸੈਨੇਟਰਾਂ ਨੇ ਉਸ ਕਾਨੂੰਨ ਨੂੰ ਸਮਰਥਨ ਦਿੱਤਾ, ਜਿਸ ਵਿੱਚ ਟਰੰਪ ਨੂੰ ਰੂਸੀ ਤੇਲ ਖਰੀਦਣ ਉੱਤੇ ਚੀਨ ਉੱਤੇ 500 ਫ਼ੀਸਦੀ ਟੈਰਿਫ਼ ਲਗਾਉਣ ਦਾ ਅਧਿਕਾਰ ਦਿੱਤਾ ਗਿਆ। ਉਸੇ ਦਿਨ ਬ੍ਰਿਟੇਨ ਨੇ ਰੂਸੀ ਤੇਲ ਨੂੰ ਸ਼ੁੱਧ ਕਰਨ ਵਾਲੀ ਇੱਕ ਭਾਰਤੀ ਰਿਫਾਈਨਰੀ ਉੱਤੇ ਪਾਬੰਦੀ ਲਗਾ ਦਿੱਤੀ। ਭਾਰਤ ਉੱਤੇ ਟਰੰਪ ਦਾ ਲਗਾਤਾਰ ਦਬਾਅ ਉਸੇ ਰਣਨੀਤੀ ਦਾ ਹਿੱਸਾ ਹੈ, ਜਿਸ ਵਿੱਚ ਉਹ ਰੂਸ ਦੇ ਤੇਲ ਐਕਸਪੋਰਟ ਨੂੰ ਵੱਡਾ ਝਟਕਾ ਦੇ ਕੇ ਗੱਲਬਾਤ ਲਈ ਮਜਬੂਰ ਕਰਨਾ ਚਾਹੁੰਦੇ ਹਨ। ਇੱਕ ਨਵਾਂ ਤੱਥ ਇਹ ਹੈ ਕਿ ਅਗਸਤ 2025 ਵਿੱਚ ਟਰੰਪ ਨੇ ਭਾਰਤੀ ਦਰਾਮਦਾਂ ਉੱਤੇ 25 ਫ਼ੀਸਦੀ ਵਾਧੂ ਟੈਰਿਫ਼ ਲਗਾਇਆ, ਜੋ ਕਿ ਰੂਸੀ ਤੇਲ ਖਰੀਦ ਨੂੰ ਲੈ ਕੇ ਸਜ਼ਾ ਵਜੋਂ ਮੰਨਿਆ ਜਾ ਰਿਹਾ ਹੈ। ਇਸ ਨਾਲ ਭਾਰਤੀ ਉਤਪਾਦਾਂ ਨੂੰ ਅਮਰੀਕਾ ਵਿੱਚ ਵੇਚਣ ਵਿੱਚ ਮੁਸ਼ਕਲ ਵਧ ਗਈ ਹੈ।

ਰੂਸ ਨੇ ਵੀ ਟਰੰਪ ਦੀ ਇਸ ਯੋਜਨਾ ਦੀ ਕਾਟ ਲੱਭਣੀ ਸ਼ੁਰੂ ਕਰ ਦਿੱਤੀ ਹੈ। ਰੂਸ ਹਾਈਪਰਸੌਨਿਕ ਮਿਜ਼ਾਈਲਾਂ, ਪਰਮਾਣੂ ਊਰਜਾ ਨਾਲ ਚੱਲਣ ਵਾਲੀਆਂ ਹਮਲਾਵਰ ਪਣਡੁੱਬੀਆਂ ਅਤੇ ਸਟੀਲਥ ਫਾਈਟਰ ਜੈੱਟ ਵਰਗੇ ਆਧੁਨਿਕ ਹਥਿਆਰਾਂ ਦੀ ਸੂਚੀ ਤਿਆਰ ਕਰ ਰਿਹਾ ਹੈ, ਜਿਨ੍ਹਾਂ ਨੂੰ ਉਹ ਭਾਰਤ ਨੂੰ ਵੇਚ ਕੇ ਆਪਣੇ ਨਾਲ ਜੋੜ ਸਕਦਾ ਹੈ। ਕੁਝ ਦਿਨ ਪਹਿਲਾਂ ਹੀ ਰੂਸੀ ਰਾਜਦੂਤ ਨੇ ਖੁਲਾਸਾ ਕੀਤਾ ਕਿ ਮਾਸਕੋ ਆਪਣੇ ਪੰਜਵੀਂ ਪੀੜ੍ਹੀ ਦੇ ਜਹਾਜ਼ ਐਸਯੂ-57 ਨੂੰ ਭਾਰਤ ਵਿੱਚ ਉਤਪਾਦਨ ਕਰਨ ਲਈ ਤਿਆਰ ਹੈ। ਇਹ ਸਾਰੇ ਕਦਮ ਅਤੇ ਜਵਾਬੀ ਕਾਰਵਾਈ ਅਜਿਹੇ ਸਮੇਂ ਵਿੱਚ ਹੋ ਰਹੀ ਹੈ, ਜਦੋਂ ਯੂਕਰੇਨ ਵਿੱਚ ਰੂਸ ਦੀ ਜੰਗ 4 ਮਹੀਨੇ ਬਾਅਦ ਚੌਥੇ ਸਾਲ ਵਿੱਚ ਦਾਖਲ ਹੋ ਜਾਵੇਗੀ।

ਇਸ ਤੋਂ ਇਲਾਵਾ ਇੱਕ ਮਹੱਤਵਪੂਰਨ ਤੱਥ ਇਹ ਹੈ ਕਿ 2025 ਵਿੱਚ ਭਾਰਤ ਨੇ ਰੂਸ ਤੋਂ ਤੇਲ ਦਰਾਮਦ ਵਧਾਉਣ ਦੀ ਯੋਜਨਾ ਬਣਾਈ ਹੈ, ਜੋ ਕਿ ਅਮਰੀਕੀ ਦਬਾਅ ਦੇ ਬਾਵਜੂਦ ਹੈ। ਨਵੰਬਰ 2025 ਵਿੱਚ ਦਰਾਮਦ ਵਿੱਚ ਵਾਧਾ ਹੋਣ ਦੀ ਉਮੀਦ ਹੈ। ਇਹ ਭਾਰਤ ਨੂੰ ਰੂਸੀ ਕੱਚੇ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਬਣਾਉਂਦਾ ਹੈ, ਜੋ ਭਾਰਤ ਦੀ ਕੁੱਲ ਦਰਾਮਦ ਦਾ 40 ਫ਼ੀਸਦੀ ਬਣ ਜਾਵੇਗਾ। ਇਸ ਨਾਲ ਭਾਰਤੀ ਰਿਫਾਈਨਰੀਆਂ, ਜਿਵੇਂ ਕਿ ਰਿਲਾਇੰਸ ਇੰਡਸਟ੍ਰੀਜ਼, ਨੂੰ ਵੱਡਾ ਫ਼ਾਇਦਾ ਹੋ ਰਿਹਾ ਹੈ। 2025 ਦੇ ਪਹਿਲੇ ਸੱਤ ਮਹੀਨਿਆਂ ਵਿੱਚ ਰੂਸ ਤੋਂ ਦਰਾਮਦ 2024 ਦੇ ਪੂਰੇ ਸਾਲ ਨਾਲੋਂ ਸਿਰਫ਼ 12 ਫ਼ੀਸਦੀ ਘੱਟ ਹੈ। ਇਹ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ ਦੀ ਕੰਪਨੀ ਨੂੰ ਸ਼ਕਤੀਸ਼ਾਲੀ ਬਣਾ ਰਿਹਾ ਹੈ।

ਟਰੰਪ ਦਾ ਇਹ ਦਬਾਅ ਭਾਰਤ-ਰੂਸ ਸੰਬੰਧਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਪਰ ਭਾਰਤ ਨੇ ਸਪੱਸ਼ਟ ਕਿਹਾ ਹੈ ਕਿ ਉਹ ਯੂਕਰੇਨ ਜੰਗ ਵਿੱਚ ਨਿਰਪੱਖ ਰਹੇਗਾ ਅਤੇ ਆਪਣੀ ਊਰਜਾ ਸੁਰੱਖਿਆ ਨੂੰ ਤਰਜੀਹ ਦੇਵੇਗਾ। ਭਾਰਤ ਨੇ ਰੂਸ ਨਾਲ ਵਪਾਰ ਵਿੱਚ ਵਾਧਾ ਵੀ ਦਰਜ ਕੀਤਾ ਹੈ। 2025 ਵਿੱਚ ਭਾਰਤ ਨੇ ਰੂਸ ਨੂੰ 4.9 ਅਰਬ ਡਾਲਰ ਦੇ ਐਕਸਪੋਰਟ ਕੀਤੇ, ਜਦਕਿ ਦਰਾਮਦ 63.8 ਅਰਬ ਡਾਲਰ ਦੀ ਹੈ। ਇਹ ਅਸੰਤੁਲਨ ਭਾਰਤ ਲਈ ਫ਼ਾਇਦੇਮੰਦ ਹੈ, ਪਰ ਟਰੰਪ ਦੇ ਟੈਰਿਫ਼ਾਂ ਨਾਲ ਅਮਰੀਕਾ ਨਾਲ ਵਪਾਰ ਪ੍ਰਭਾਵਿਤ ਹੋ ਰਿਹਾ ਹੈ। ਭਾਰਤ ਨੂੰ ਹੁਣ ਅਫ਼ਰੀਕੀ ਅਤੇ ਲੈਟਿਨ ਅਮਰੀਕੀ ਦੇਸ਼ਾਂ ਤੋਂ ਵੀ ਤੇਲ ਖ਼ਰੀਦਣ ਵੱਲ ਵਧਣਾ ਪਵੇਗਾ।

ਅੰਤ ਵਿੱਚ, ਟਰੰਪ ਦਾ ਇਹ ਰਵੱਈਆ ਨਵੇਂ ਠੰਢੇ ਯੁੱਧ ਵਰਗਾ ਲੱਗ ਰਿਹਾ ਹੈ, ਜਿੱਥੇ ਭਾਰਤ ਨੂੰ ਧਿਰ ਚੁਣਨ ਦੀ ਚੁਣੌਤੀ ਹੈ; ਪਰ ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣੇ ਹਿੱਤਾਂ ਨੂੰ ਪਹਿਲ ਦੇਵੇਗਾ। ਜੇਕਰ ਭਾਰਤ ਅਤੇ ਚੀਨ ਨੇ ਰੂਸੀ ਤੇਲ ਖਰੀਦਣਾ ਬੰਦ ਕੀਤਾ ਤਾਂ ਰੂਸ ਨੂੰ ਵੱਡਾ ਨੁਕਸਾਨ ਹੋਵੇਗਾ ਅਤੇ ਇਹ ਭਾਰਤ ਲਈ ਵੀ ਊਰਜਾ ਸੰਕਟ ਪੈਦਾ ਕਰੇਗਾ। ਇਹ ਸਥਿਤੀ ਅੰਤਰਰਾਸ਼ਟਰੀ ਰਾਜਨੀਤੀ ਵਿੱਚ ਨਵਾਂ ਮੋੜ ਲੈ ਰਹੀ ਹੈ।

# ਸੱਭਿਆਚਾਰਕ ਵਿਰਾਸਤ ਦੀ ਮੌਤ ਵੱਲ ਵਧਦੇ ਕਦਮ

## ਰੂਹ ਦੇ ਜ਼ਖ਼ਮ

**ਸੁਸ਼ੀਲ ਦੁਸਾਂਝ**

ਸਰੀਰ ਅੰਦਰ ਵੱਸਦੀ ਰੂਹ ਦਾ ਅਸਲ ਨਾਂ ਸੰਗੀਤ ਹੀ ਹੈ। ਇਹ ਉਹ ਅੰਮ੍ਰਿਤ ਧਾਰਾ ਹੈ, ਜੋ ਹਰ ਜ਼ਖ਼ਮ ਨੂੰ ਭਰਦੀ ਹੈ, ਹਰ ਖੁਸ਼ੀ ਨੂੰ ਵਧਾਉਂਦੀ ਹੈ ਅਤੇ ਜੀਵਨ ਨੂੰ ਸੁਰੀਲੇ ਰੰਗ ਵਿੱਚ ਰੰਗਦੀ ਹੈ। ਕਲਪਨਾ ਕਰੋ, ਇੱਕ ਅਜਿਹਾ ਜੀਵਨ ਜਿੱਥੇ ਸੰਗੀਤ ਨਾ ਹੋਵੇ; ਕਿਸ ਤਰ੍ਹਾਂ ਦਾ ਹੋਵੇਗਾ ਫਿਰ ਜੀਵਨ? ਖਾਲੀ-ਖਾਲੀ, ਨੀਰਸ ਅਤੇ ਬੇਰੰਗ। ਸੰਗੀਤ ਰੂਹ ਨੂੰ ਜਗਾਉਣ, ਨਸ਼ਿਆਉਣਾ ਅਤੇ ਰਜਾਉਣ ਦਾ ਨਾਂ ਹੈ; ਪਰ ਨਵੇਂ ਦੌਰ ਵਿੱਚ ਸੰਗੀਤ ਵੀ ਹਰ ਚੀਜ਼ ਵਾਂਗ ਬਾਜ਼ਾਰ ਦੀ ਵਸਤੂ ਬਣ ਗਿਆ ਹੈ। ਜਦੋਂ ਵੀ ਕੋਈ ਚੀਜ਼ ਬਾਜ਼ਾਰ ਵਿੱਚ ਆਉਂਦੀ ਹੈ, ਉਹ ਫੈਸ਼ਨ ਬਣ ਜਾਂਦੀ ਹੈ। ਜਿੱਥੇ ਫੈਸ਼ਨ ਹੈ, ਉੱਥੇ ਰੂਹ ਗਾਇਬ ਹੋ ਜਾਂਦੀ ਹੈ। ਅੱਜ ਸੰਗੀਤ ਨੂੰ ਵੀ ਬਾਜ਼ਾਰ ਨੇ ਆਪਣੇ ਵਪਾਰਕ ਕ਼ਲਾਵੇ ਵਿੱਚ ਲੈ ਲਿਆ ਹੈ ਅਤੇ ਇਹ ਫੈਸ਼ਨ ਟੂਲ ਬਣ ਗਿਆ ਹੈ। ਇਸ ਨਾਲ ਜੀਵਨ ਵਿੱਚੋਂ ਰੂਹ ਨੂੰ ਮਾਰਨ ਦੀ ਤਿਆਰੀ ਹੋ ਰਹੀ ਹੈ।

ਭਾਰਤੀ ਸੰਗੀਤ ਉਦਯੋਗ, ਜੋ ਪਹਿਲਾਂ ਸੱਭਿਆਚਾਰਕ ਵਿਰਾਸਤ ਦਾ ਪ੍ਰਤੀਕ ਸੀ, ਅੱਜ ਬਿਲੀਅਨ ਡਾਲਰਾਂ ਦਾ ਵਪਾਰ ਬਣ ਗਿਆ ਹੈ। ਸਟੈਟਿਸਟਾ ਰਿਪੋਰਟ ਅਨੁਸਾਰ 2024 ਵਿੱਚ ਇਸ ਦੀ ਕੁੱਲ ਵੈਲਿਊ 53 ਬਿਲੀਅਨ ਰੁਪਏ ਸੀ, ਜੋ 2026 ਤੱਕ 78 ਬਿਲੀਅਨ ਰੁਪਏ ਤੱਕ ਪਹੁੰਚਣ ਵਾਲੀ ਹੈ। ਇਹ ਵਾਧਾ ਸਟ੍ਰੀਮਿੰਗ ਪਲੈਟਫਾਰਮਾਂ ਵਰਗੇ ਸਪਾਟੀਫਾਈ, ਯੂਟਿਊਬ ਅਤੇ ਜੀਓਸਾਵਨ ਕਾਰਨ ਹੈ, ਜਿੱਥੇ 20 ਮਿਲੀਅਨ ਤੋਂ ਵੱਧ ਭੁਗਤਾਨ ਵਾਲੇ ਗਾਹਕ ਹਨ ਅਤੇ ਰਿਵੈਨਿਊ 60 ਮਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਪਰ ਇਹ ਵਾਧਾ ਰੂਹ ਨੂੰ ਖੋਰ ਕੇ ਆਇਆ ਹੈ। ਈ.ਐੱਮ.ਐੱਕਸ. ਰਿਪੋਰਟ 2025 ਮੁਤਾਬਕ 80 ਫੀਸਦੀ ਰੈਵੇਨਿਊ ਬਾਲੀਵੁੱਡ ਫਿਲਮਾਂ ਨਾਲ ਜੁੜਿਆ ਹੋਇਆ ਹੈ। ਜਿੱਥੇ ਗੀਤ ਨਾ ਸੰਗੀਤ ਲਈ ਬਣਦੇ ਹਨ, ਨਾ ਭਾਵਨਾ ਲਈ- ਸਿਰਫ਼ ਵੇਚਣ ਲਈ। 'ਦ ਡਾਇਲਾਗ' ਰਿਪੋਰਟ 2025 ਮੁਤਾਬਕ ਰੀਜਨਲ ਗੀਤਾਂ ਦੀ ਸਟ੍ਰੀਮਿੰਗ 81 ਫੀਸਦੀ ਵਧੀ ਹੈ, ਪਰ ਇਹ ਵਾਧਾ ਵੀ ਬਾਜ਼ਾਰ ਦੇ ਰੁਝਾਨਾਂ ਨਾਲ ਜੁੜਿਆ ਹੈ, ਨਾ ਕਿ ਕਲਾਤਮਕ ਮੁੱਲ ਨਾਲ। ਨਤੀਜਾ ਇਹ ਹੈ ਕਿ ਸੰਗੀਤ ਰੂਹ ਨੂੰ ਤਸਕੀਨ ਦੇਣ ਵਾਲ਼ਾ ਨਹੀਂ ਰਿਹਾ- ਇਹ ਪੂਰੀ ਤਰ੍ਹਾਂ ਵਪਾਰਕ ਉਤਪਾਦ ਬਣ ਗਿਆ ਹੈ, ਬੱਸ, ਵੇਚੋ, ਭੁੱਲ ਜਾਓ ਤੇ ਨਵਾਂ 'ਮਾਲ' ਬਣਾਉਣ ਵਿਚ ਰੁੱਝ ਜਾਓ।

ਜਿਸ ਕਿਸਮ ਦਾ ਗੀਤ-ਸੰਗੀਤ ਅੱਜ ਪਰੋਸਿਆ ਜਾ ਰਿਹਾ ਹੈ, ਉਹ ਗੀਤ-ਸੰਗੀਤ ਨਹੀਂ, ਸ਼ੋਰ ਹੈ। ਸ਼ੋਰ ਸ਼ਾਂਤੀ ਦਾ ਦੁਸ਼ਮਣ ਹੁੰਦਾ ਹੈ। ਪਹਿਲਾਂ ਸੰਗੀਤ ਸਕੂਨ ਦਿੰਦਾ ਸੀ- ਭਜਨਾਂ ਵਿੱਚ ਭਗਤੀ, ਰਾਗਾਂ ਵਿੱਚ ਭਾਵਨਾ; ਪਰ ਅੱਜ ਬਾਜ਼ਾਰ ਨੇ ਇਸ ਨੂੰ ਮਾਨਸਿਕ ਤਣਾਅ ਦਾ ਜ਼ਰੀਆ ਬਣਾ ਦਿੱਤਾ ਹੈ। ਤੇਜ਼-ਤਿੱਖੇ ਅਤੇ ਸ਼ੋਰੀਲੀਆਂ ਬੀਟਾਂ 'ਤੇ ਥਿਰਕਦੇ/ਲੜਖੜਾਉਂਦੇ ਨੌਜਵਾਨਾਂ ਦੀ ਖੁਸ਼ੀ ਅਸਥਾਈ ਹੈ। ਇਸ ਤਰ੍ਹਾਂ ਦਾ ਸੰਗੀਤ ਵਕਤੀ ਮਜ਼ਾ ਹੀ ਦੇ ਸਕਦਾ ਹੈ, ਨਾ ਕਿ ਰੂਹ ਨੂੰ ਛੂਹ ਸਕਦਾ ਹੈ। ਡੀ.ਜੇ. ਨਾਈਟਾਂ ਅਤੇ ਪਾਰਟੀਆਂ ਵਿੱਚ 'ਟੁੱਲ ਹੋ ਕੇ' ਦੇਰ ਰਾਤ ਨੂੰ ਘਰ ਪਹੁੰਚਦੇ ਨੌਜਵਾਨ ਸਵੇਰੇ ਸਿਰ ਫੜ ਕੇ ਬੈਠੇ ਦਿਖਾਈ ਦਿੰਦੇ ਹਨ। ਕੀ ਉਸ ਨੂੰ ਸੰਗੀਤ ਕਿਹਾ ਜਾ ਸਕਦਾ ਹੈ, ਜੋ ਸਿਰ ਦੀ ਪੀੜ ਦਾ ਕਾਰਨ ਬਣੇ? ਵਿਗਿਆਨਕ ਅਧਿਐਨਾਂ ਅਨੁਸਾਰ ਤੇਜ਼ ਬੀਟਾਂ ਵਾਲਾ ਸੰਗੀਤ (120-140 ਬੀ.ਪੀ.ਐੱਮ.) ਨੌਜਵਾਨਾਂ ਵਿੱਚ ਚਿੰਤਾ ਅਤੇ ਨੀਂਦ ਦੀ ਕਮੀ ਨੂੰ ਵਧਾਉਂਦਾ ਹੈ। ਆਈ.ਐੱਮ.ਆਈ. ਰਿਪੋਰਟ ਅਨੁਸਾਰ ਭਾਰਤ ਵਿੱਚ 2024 ਵਿੱਚ ਰਿਲੀਜ਼ ਹੋਈਆਂ 25,000 ਤੋਂ ਵੱਧ ਐਲਬਮਾਂ ਵਿੱਚੋਂ 60 ਫੀਸਦੀ ਤੋਂ ਵੱਧ ਵਿੱਚ ਹੀ ਇਹ ਤੇਜ਼ ਬੀਟਾਂ ਅਤੇ ਵਿਵਾਦਮਈ ਥੀਮਾਂ ਸਨ। ਇਹ ਅੰਕੜੇ ਦੱਸਦੇ ਹਨ ਕਿ ਬਾਜ਼ਾਰ ਨੇ ਸੰਗੀਤ ਨੂੰ ਤਣਾਅ ਵਧਾਉਣ ਵਾਲੀ ਵਸਤੂ ਬਣਾ ਦਿੱਤਾ ਹੈ, ਨਾ ਕਿ ਸਕੂਨ ਦੇਣ ਵਾਲਾ ਰਾਗ।

ਹਰ ਰੋਜ਼ ਆਉਂਦੀਆਂ ਮਿਊਜ਼ਿਕ ਐਲਬਮਾਂ ਦੀਆਂ ਵੀਡੀਓਜ਼ ਨੈਤਿਕ ਕਦਰਾਂ-ਕੀਮਤਾਂ ਦੀਆਂ ਧੱਜੀਆਂ ਉਡਾ ਰਹੀਆਂ ਹਨ। ਇਨ੍ਹਾਂ ਨੇ ਸੰਗੀਤ ਨੂੰ ਕੰਨ ਰਸੀ ਦੀ ਥਾਂ ਕਾਮੁਕ ਅੱਖ ਰਸੀ ਬਣਾ ਦਿੱਤਾ ਹੈ। ਅਸ਼ਲੀਲਤਾ ਦੇ ਨਵੇਂ ਤੋਂ ਨਵੇਂ ਰਿਕਾਰਡ ਬਣਾਏ ਜਾ ਰਹੇ ਹਨ। ਪੈਸਾ ਕਮਾਉਣ ਦੀ ਕਾਹਲ ਵਿੱਚ ਮਿਊਜ਼ਿਕ ਐਲਬਮਾਂ ਦੇ ਨਿਰਮਾਤਾ, ਨਿਰਦੇਸ਼ਕ ਅਤੇ ਗਾਇਕ ਹਰ ਜਾਇਜ਼-ਨਾਜਾਇਜ਼ ਹੀਲਾ ਵਰਤਣ ਲੱਗੇ ਹੋਏ ਹਨ। ਵੀਡੀਓ ਵਿੱਚ ਮਾਡਲ ਲੜਕੀਆਂ ਲਗਭਗ ਨਿਰਵਸਤਰ ਹੀ ਦਿਖਾਈ ਦਿੰਦੀਆਂ ਹਨ। ਸੰਗ-ਸ਼ਰਮ ਅਤੇ ਹਯਾ ਗੁਜ਼ਰੇ ਜ਼ਮਾਨੇ ਦੇ ਸ਼ਬਦ ਹੋ ਗਏ ਹਨ।

ਪੰਜਾਬੀ ਸੰਗੀਤ ਵਿੱਚ ਇਹ ਰੁਝਾਨ ਹੋਰ ਵੀ ਡਰਾਉਣਾ ਹੈ। 2018 ਵਿੱਚ ਪੰਜਾਬ ਸਰਕਾਰ ਨੇ ਵਲਗਰ ਕੰਟੈਂਟ ਰੋਕਣ ਲਈ ਕਲਚਰਲ ਕਮਿਸ਼ਨ ਬਣਾਇਆ ਸੀ, ਪਰ ਪੰਜਾਬੀ ਇੰਡੀ ਮਿਊਜ਼ਿਕ ਐਸੋਸੀਏਸ਼ਨ ਸਰਵੇ ਦੱਸਦਾ ਹੈ ਕਿ 2024 ਵਿੱਚ ਰਿਲੀਜ਼ ਹੋਈਆਂ 5,000 ਤੋਂ ਵੱਧ ਪੰਜਾਬੀ ਐਲਬਮਾਂ ਵਿੱਚੋਂ 40 ਫੀਸਦੀ ਵਿੱਚ ਅਸ਼ਲੀਲਤਾ ਅਤੇ ਹਿੰਸਕ ਥੀਮਾਂ ਸਨ, ਜੋ ਵਿਊਜ਼ ਅਤੇ ਰੈਵੇਨਿਊ ਲਈ ਬਣਾਏ ਜਾਂਦੇ ਹਨ। ਬਾਲੀਵੁੱਡ ਵਿੱਚ ਵੀ ਇਹੀ ਹੈ- 2024 ਵਿੱਚ ਰਿਲੀਜ਼ ਫਿਲਮਾਂ ਦੇ ਗੀਤਾਂ ਵਿੱਚ 70 ਫੀਸਦੀ ਵੀਡੀਓਜ਼ ਨੇ ਅਸ਼ਲੀਲਤਾ ਨੂੰ ਵਧਾਇਆ, ਜਿਸ ਨਾਲ ਯੂਟਿਊਬ 'ਤੇ ਬਿਨਾਂ ਰੋਕ-ਟੋਕ ਨਾਲ 1 ਬਿਲੀਅਨ ਵਿਊਜ਼ ਮਿਲੇ (ਸੈਂਟਰ ਫਾਰ ਮੀਡੀਆ ਸਟੱਡੀਜ਼ ਰਿਪੋਰਟ)। ਇਹ ਅੰਕੜੇ ਨਹੀਂ, ਸਾਡੀ ਸੱਭਿਆਚਾਰਕ ਵਿਰਾਸਤ ਦੀ ਮੌਤ ਹਨ। ਬਾਜ਼ਾਰ ਨੇ ਸੰਗੀਤ ਨੂੰ ਲਾਲਚ ਦਾ ਹਥਿਆਰ ਬਣਾ ਦਿੱਤਾ ਹੈ, ਜਿੱਥੇ ਨੈਤਿਕਤਾ ਦੇ ਪਰੱਚੇ ਉੱਡਦੇ ਹਨ।

ਬਾਜ਼ਾਰ ਨਾਲੋਂ ਚਲਾਕ ਬਹਿਰੂਪੀਆ ਕੋਈ ਨਹੀਂ ਹੈ। ਇਹ ਬਾਜ਼ਾਰ ਦੀ ਚਲਾਕੀ ਵਾਲੀ ਘੁਸਪੈਠ ਹੀ ਹੈ ਕਿ ਸਾਨੂੰ ਪਤਾ ਵੀ ਨਹੀਂ ਲੱਗਦਾ ਕਿ ਇਹ ਕਦੋਂ ਸਾਡੇ ਧੁਰ ਅੰਦਰ ਤੀਕ ਪ੍ਰਵੇਸ਼ ਕਰ ਜਾਂਦਾ ਹੈ। ਅਸੀਂ ਅਚੇਤ ਹੀ ਬਾਜ਼ਾਰ ਵੱਲੋਂ ਸੰਚਾਲਿਤ ਹੋਣ ਲੱਗ ਪੈਂਦੇ ਹਾਂ। ਸਾਡਾ ਰਹਿਣ-ਸਹਿਣ, ਖਾਣ-ਪੀਣ, ਪਹਿਨਣ-ਓੜ੍ਹਨ, ਬੋਲਣ-ਚੱਲਣ, ਸੁਣਨ-ਸੁਣਾਉਣ; ਹਰ ਚੀਜ਼ ਬਾਜ਼ਾਰ ਚਲਾਉਂਦਾ ਹੈ ਅਤੇ ਅਸੀਂ-ਤੁਸੀਂ ਸਾਰੇ ਇਸੇ ਹੋਣੀ ਦਾ ਸ਼ਿਕਾਰ ਹਾਂ। ਆਪਣਾ ਰਿਮੋਟ ਬਾਜ਼ਾਰ ਦੇ ਹੱਥ ਵਿੱਚ ਹੈ। ਇਹ ਬਾਜ਼ਾਰ ਦਾ ਦਖ਼ਲ ਨਹੀਂ, ਸਾਡੇ 'ਤੇ ਕਬਜ਼ਾ ਹੈ। ਇਹ ਉਹ ਬਾਜ਼ਾਰ ਹੈ, ਜੋ ਵਿਸ਼ਵੀਕਰਨ ਦੀਆਂ ਸ਼ਕਤੀਆਂ ਵੱਲੋਂ ਚਲਾਇਆ ਜਾਂਦਾ ਹੈ। ਇਸ ਨੇ ਸਾਡੀ ਬੋਲੀ-ਭਾਸ਼ਾ, ਗੀਤ-ਸੰਗੀਤ, ਸਭ ਕੁਝ ਇਸੇ ਤਰ੍ਹਾਂ ਨਿਗਲਣਾ ਸ਼ੁਰੂ ਕਰ ਦਿੱਤਾ ਹੈ ਅਤੇ ਸਾਨੂੰ ਬਾਜ਼ਾਰ ਦੀ ਇਸ ਖੁਮਾਰੀ ਵਿੱਚ ਝੂਮਦਿਆਂ ਪਤਾ ਵੀ ਨਹੀਂ ਲੱਗਣਾ ਕਿ ਕਦੋਂ ਸਾਡੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ।

ਨੌਜਵਾਨਾਂ ਵਿੱਚ ਅਸ਼ਲੀਲ ਵਿਚਾਰਾਂ ਨੂੰ ਵਧਾਉਂਦਾ ਹੈ। ਸੈਂਟਰ ਫਾਰ ਵੂਮੈਨ ਸਟੱਡੀਜ਼ 2024 ਦੇ ਇੱਕ ਅਧਿਐਨ ਅਨੁਸਾਰ ਅਜਿਹੇ ਗੀਤ ਨੌਜਵਾਨਾਂ ਵਿੱਚ ਲਿੰਗ ਵਿਤਕਰੇ ਨੂੰ 25 ਫੀਸਦੀ ਵਧਾਉਂਦੇ ਹਨ।

ਸੱਚ ਇਹੀ ਹੈ ਕਿ ਬਾਜ਼ਾਰ ਨੇ ਸੰਗੀਤ ਨੂੰ ਵਪਾਰ ਬਣਾ ਕੇ ਇਸ ਦੀ ਰੂਹ ਨੂੰ ਚੁਰਾ ਲਿਆ ਹੈ।

ਬਾਜ਼ਾਰ ਦੀ ਇਹ ਚਲਾਕੀ ਸਾਡੇ ਰੋਜ਼ਾਨਾ ਜੀਵਨ ਵਿੱਚ ਵੀ ਫੈਲੀ ਹੋਈ ਹੈ। ਅਸੀਂ ਨਹੀਂ ਜਾਣਦੇ ਕਿ ਸਾਡੇ ਫ਼ੋਨ 'ਤੇ ਚੱਲ ਰਹੇ ਐਲਗੋਰਿਦਮ ਸਾਨੂੰ ਕਿਹੜੇ ਗੀਤ ਸੁਣਾਉਂਦੇ ਹਨ- ਉਹ ਜੋ ਵੇਚਣ ਯੋਗ ਹੋਣ। 2025 ਵਿੱਚ



ਭਾਰਤ ਵਿੱਚ ਸੰਗੀਤ ਉਦਯੋਗ ਦਾ 87 ਫੀਸਦੀ ਰੈਵੇਨਿਊ ਡਿਜੀਟਲ ਪਲੈਟਫਾਰਮਾਂ ਤੋਂ ਆਉਂਦਾ ਹੈ, ਜਿੱਥੇ ਐਲਗੋਰਿਦਮ ਵਿਊਜ਼ ਨੂੰ ਵਧਾਉਣ ਲਈ ਵਿਵਾਦਾਸਪਦ ਕੰਟੈਂਟ ਨੂੰ ਉਤਸ਼ਾਹਿਤ ਕਰਦੇ ਹਨ। ਮਿਊਜ਼ੀਕਲੀ ਰਿਪੋਰਟ 2025 ਮੁਤਾਬਕ ਭਾਰਤੀ ਸੰਗੀਤ ਜਗਤ ਵਿੱਚੋਂ 70 ਫੀਸਦੀ ਨੇ ਵਿੱਤੀ ਦਬਾਅ ਕਾਰਨ ਸੰਗੀਤ ਛੱਡਣ ਬਾਰੇ ਸੋਚਿਆ ਹੈ, ਜੋ ਦੱਸਦਾ ਹੈ ਕਿ ਬਾਜ਼ਾਰ ਨੇ ਅਸਲ ਕਲਾ ਨੂੰ ਬੇਗਾਨਾ ਕਰ ਦਿੱਤਾ ਹੈ। ਲਾਈਵ ਮਿਊਜ਼ਿਕ ਮਾਰਕੀਟ 2025 ਵਿੱਚ 1390 ਮਿਲੀਅਨ ਡਾਲਰ ਦੀ ਹੈ ਅਤੇ 2034 ਤੱਕ 5968 ਮਿਲੀਅਨ ਡਾਲਰ ਤੱਕ ਪਹੁੰਚੇਗੀ (ਕਸਟਮ ਮਾਰਕੀਟ ਇਨਸਾਈਟਸ), ਪਰ ਇਹ ਵੀ ਫੈਸ਼ਨੇਬਲ ਈਵੈਂਟਾਂ 'ਤੇ ਨਿਰਭਰ ਹੈ, ਨਾ ਕਿ ਅਸਲ ਸੰਗੀਤ 'ਤੇ।

ਪੰਜਾਬੀ ਸੰਗੀਤ ਵਿੱਚ ਇਹ ਬਾਜ਼ਾਰੀ ਪ੍ਰਭਾਵ ਹੋਰ ਵੀ ਡੂੰਘਾ ਹੈ। ਪਹਿਲਾਂ ਪੰਜਾਬੀ ਗੀਤ ਖੇਤਾਂ ਦੀ ਹਰਿਆਲੀ, ਪਿਆਰ ਦੀਆਂ ਕਹਾਣੀਆਂ ਅਤੇ ਲੋਕ-ਵਿਰਾਸਤ ਦੇ ਗਹਿਣੇ ਸਨ। ਅੱਜ ਇਹ ਬੀਟਾਂ ਅਤੇ ਵਲਗਰ ਲਿਰਿਕਸ ਨਾਲ ਭਰੇ ਪਏ ਹਨ। 2024 ਵਿੱਚ ਪੰਜਾਬੀ ਐਲਬਮਾਂ ਵਿੱਚ ਵਲਗਰ ਕੰਟੈਂਟ ਦਾ ਵਾਧਾ 35 ਫੀਸਦੀ ਹੋਇਆ (ਪੰਜਾਬੀ ਮਿਊਜ਼ਿਕ ਐਸੋਸੀਏਸ਼ਨ), ਜੋ ਵਿਊਜ਼ ਲਈ ਬਣਾਇਆ ਜਾਂਦਾ ਹੈ ਅਤੇ ਭਾਰਤ ਵਿੱਚ ਮਿਊਜ਼ਿਕ ਟੂਰਿਜ਼ਮ ਮਾਰਕੀਟ 2.46 ਬਿਲੀਅਨ ਡਾਲਰ ਦੀ ਹੈ ਅਤੇ 2033 ਤੱਕ 13.3 ਬਿਲੀਅਨ ਤੱਕ ਪਹੁੰਚੇਗੀ (ਗ੍ਰੈਂਡ ਵਿਊ ਰਿਸਰਚ), ਪਰ ਇਹ ਵੀ ਫੈਸ਼ਨੇਬਲ ਕੌਂਸਰਟਾਂ 'ਤੇ ਨਿਰਭਰ ਹੈ, ਨਾ ਕਿ ਅਸਲੀ ਕਲਾ 'ਤੇ। ਇਸ ਬਾਜ਼ਾਰ ਨੇ ਸਾਡੀ ਸੰਸਕ੍ਰਿਤੀ ਨੂੰ ਵੀ ਨਿਗਲ ਲਿਆ ਹੈ- ਹਰ ਗੀਤ ਇੱਕ ਪ੍ਰੋਡਕਟ ਹੈ। ਅਸੀਂ ਇਸ ਖੁਮਾਰੀ ਵਿੱਚ ਡੁੱਬੇ ਹੋਏ ਹਾਂ ਅਤੇ ਨਹੀਂ ਪਤਾ ਲੱਗ ਰਿਹਾ ਕਿ ਕਦੋਂ ਸਾਡੀ ਜ਼ਮੀਨ ਖਿਸਕ ਗਈ।

ਪਰ ਅਜੇ ਵੀ ਉਮੀਦ ਹੈ। ਜੇ ਅਸੀਂ ਭਾਰਤੀ ਸੰਗੀਤ ਜਗਤ ਦੇ ਉਨ੍ਹਾਂ ਕਲਾਕਾਰਾਂ ਨੂੰ ਸਮਰਥਨ ਦੇਈਏ, ਜੋ ਵਿੱਤੀ ਦਬਾਅ ਵਿੱਚ ਵੀ ਅਸਲੀ ਸੰਗੀਤ ਬਣਾ ਰਹੇ ਹਨ ਅਤੇ ਬਾਜ਼ਾਰ ਨੂੰ ਚੁਣੌਤੀ ਦੇਈਏ, ਤਾਂ ਸੰਗੀਤ ਵਾਪਸ ਰੂਹ ਬਣ ਸਕਦਾ ਹੈ। ਈ.ਵਾਈ. ਰਿਪੋਰਟ ਦੱਸਦੀ ਹੈ ਕਿ 40,000 ਤੋਂ ਵੱਧ ਕ੍ਰਿਏਟਰ ਹਰ ਸਾਲ 20-25 ਹਜ਼ਾਰ ਮੌਲਿਕ ਗੀਤ ਬਣਾਉਂਦੇ ਹਨ, ਪਰ ਬਾਜ਼ਾਰ ਨੇ ਉਨ੍ਹਾਂ ਨੂੰ ਦਬਾ ਦਿੱਤਾ ਹੈ। ਆਓ ਫਿਰ ਆਪਾਂ ਸ਼ੋਰ ਨੂੰ ਰੱਦ ਕਰੀਏ ਤੇ ਚੁਣੀਏ ਅਸਲੀ ਸੰਗੀਤ ਨੂੰ ਤੇ ਲੱਭੀਏ ਆਪਣੀ ਅਸਲੀ ਰੂਹ ਨੂੰ। ਜੇ ਨਹੀਂ, ਤਾਂ ਇਹ ਵਪਾਰਕ ਬਾਜ਼ਾਰ ਸਾਡੀ ਸੱਭਿਆਚਾਰਕ ਰੂਹ ਨੂੰ ਵੀ ਖ਼ਤਮ ਕਰ ਦੇਵੇਗਾ।

# ਪੰਜਾਬ ਤੇ ਹਰਿਆਣਾ ਦੇ ਪੁਲਿਸ ਅਫਸਰਾਂ 'ਤੇ ਸਾੜ੍ਹਸਤੀ

**ਸਫਾ ਇੱਕ ਦੀ ਬਾਕੀ...**

ਅਦਾਲਤ ਦੇ ਦਖਲ ਤੋਂ ਬਾਅਦ ਆਈ.ਪੀ.ਐਸ. ਅਫਸਰ ਪੂਰਨ ਕੁਮਾਰ ਦਾ ਪੋਸਟਮਾਰਟਮ ਨਿਆਂਇਕ ਨਿਗਰਾਨੀ ਵਿੱਚ ਹੋਣ ਤੋਂ ਬਾਅਦ ਸਸਕਾਰ ਕਰ ਦਿੱਤਾ ਗਿਆ। ਪੂਰਨ ਕੁਮਾਰ ਦੀ ਪਤਨੀ ਅਵਨੀਤ ਕੁਮਾਰ ਸਰਕਾਰ ਤੋਂ ਮੰਗ ਕਰ ਰਹੀ ਸੀ ਕਿ ਉਨ੍ਹਾਂ ਪੁਲਿਸ ਅਫਸਰਾਂ ਨੂੰ ਗ੍ਰਿਫਤਾਰ ਕੀਤਾ ਜਾਵੇ, ਜਿਨ੍ਹਾਂ ਦੇ ਨਾਵਾਂ ਦਾ ਜ਼ਿਕਰ ਪੂਰਨ ਕੁਮਾਰ ਦੇ ਸੂਸਾਈਡ ਨੋਟ ਵਿੱਚ ਹੈ; ਪਰ ਬਾਅਦ ਵਿੱਚ ਸਰਕਾਰ ਵੱਲੋਂ ਨਿਆਂ ਦੇਣ ਦੇ ਵਾਅਦੇ 'ਤੇ ਉਨ੍ਹਾਂ ਪੂਰਨ ਕੁਮਾਰ ਦੀ ਦੇਹ ਦਾ ਸਸਕਾਰ ਕਰਨਾ ਸਵੀਕਾਰ ਕਰ ਲਿਆ। ਇਹੋ ਜਿਹੀਆਂ ਮੰਗਾਂ ਨੂੰ ਲੈ ਕੇ ਹੀ ਹੁਣ ਏ.ਐਸ.ਆਈ. ਸੰਦੀਪ ਕੁਮਾਰ ਦੀ ਦੇਹ ਮੌਰਚਰੀ ਵਿੱਚ ਪਈ ਹੈ।

ਇਹ ਵਰਤਾਰਾ ਦੱਸਦਾ ਹੈ ਕਿ ਹਰਿਆਣਾ ਪੁਲਿਸ ਵਿੱਚ ਜਾਤੀ ਲੀਹਾਂ ਨਾਲ ਜੁੜ ਕੇ ਭ੍ਰਿਸ਼ਟ ਜਾਂ ਇਮਾਨਦਾਰ ਹੋਣ ਦੇ ਨਾਂ 'ਤੇ ਲਾਬੀਆਂ ਬਣੀਆਂ ਹੋਈਆਂ ਹਨ। ਆਮ ਤੌਰ 'ਤੇ ਜਨਰਲ ਜਾਤਾਂ ਵਾਲੇ ਅਫਸਰ ਆਪਣੇ ਆਪ ਨੂੰ ਇਮਾਨਦਾਰ ਦੱਸਦੇ ਹਨ, ਜਦਕਿ ਦਲਿਤ ਜਾਤਾਂ ਵਾਲਿਆਂ ਨੂੰ ਭ੍ਰਿਸ਼ਟਾਚਾਰ ਆਖਿਆ ਜਾਂਦਾ ਹੈ। ਪਰ ਇਹ ਸੱਚਾਈ ਹੈ ਕਿ ਦਲਿਤ ਜਾਤਾਂ ਵਿੱਚੋਂ ਆਉਣ ਵਾਲੇ ਕਈ ਅਫਸਰ ਤੇਜ਼ੀ ਨਾਲ ਐਲੀਟ ਕਲਾਸਾਂ ਦੇ ਮੇਚ ਦੇ ਹੋਣ ਲਈ ਹੱਦੋਂ ਵੱਧ ਭ੍ਰਿਸ਼ਟ ਹੋ ਜਾਂਦੇ ਹਨ। ਭ੍ਰਿਸ਼ਟ ਕਿਸਮ ਦਾ ਲੈਣ-ਦੇਣ ਭਾਵੇਂ ਜਨਰਲ ਜਾਤਾਂ ਦੇ ਅਫਸਰਾਂ ਵਿੱਚ ਵੀ ਘੱਟ ਨਹੀਂ ਹੈ, ਪਰ ਇਮਾਨਦਾਰ ਅਤੇ ਭ੍ਰਿਸ਼ਟ ਕਿਸਮ ਦੀ ਇੱਕ ਵੰਡ ਸਰਕਾਰੀ ਮੁਲਾਜ਼ਮ ਤਬਕੇ ਵਿੱਚ ਆਮ ਤੌਰ 'ਤੇ ਹੋ ਗਈ ਹੈ। ਇਸ ਆਧਾਰ 'ਤੇ ਇਹ ਇੱਕ ਦੂਜੇ ਨੂੰ ਨੀਵਾਂ ਵਿਖਾਉਣ ਦੇ ਸਿਰਤੋੜ ਯਤਨ ਕਰਦੇ ਹਨ। ਏ.ਐਸ.ਆਈ. ਸੰਦੀਪ ਕੁਮਾਰ ਨੇ ਆਪਣੇ ਸੂਸਾਈਡ ਨੋਟ ਅਤੇ ਵੀਡੀਓ ਸੁਨੇਹੇ ਵਿੱਚ ਦੋਸ਼ ਲਾਇਆ ਕਿ ਖੁਦਕੁਸ਼ੀ ਕਰਨ ਵਾਲੇ ਆਈ.ਪੀ.ਐਸ. ਅਫਸਰ ਵਾਈ ਪੂਰਨ ਕੁਮਾਰ ਅਤੇ ਉਨ੍ਹਾਂ ਦੀ ਪਤਨੀ ਅਵਨੀਤ ਪੀ. ਕੁਮਾਰ ਬੇਹੱਦ ਭ੍ਰਿਸ਼ਟ ਸਨ/ਹਨ। ਖੁਦਕੁਸ਼ੀ ਤੋਂ ਬਾਅਦ ਏ.ਐਸ.ਆਈ. ਸੰਦੀਪ ਕੁਮਾਰ ਦਾ ਪਰਿਵਾਰ ਵੀ ਮੰਗ ਕਰ ਰਿਹਾ ਹੈ ਕਿ ਉਸ ਦੇ ਖੁਦਕੁਸ਼ੀ ਨੋਟ ਦੇ ਆਧਾਰ 'ਤੇ ਐਫ.ਆਈ.ਆਰ. ਦਰਜ ਕੀਤੀ ਜਾਵੇ। ਜਦੋਂ ਤੱਕ ਅਜਿਹਾ ਨਹੀਂ ਕੀਤਾ ਜਾਂਦਾ, ਸੰਦੀਪ ਦੀ ਦੇਹ ਦਾ ਸਸਕਾਰ ਨਹੀਂ ਕੀਤਾ ਜਾਵੇਗਾ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸੰਦੀਪ ਕੁਮਾਰ ਦੇ ਘਰ ਵੀ ਪਹੁੰਚੇ ਅਤੇ ਡੂੰਘਾਈ ਨਾਲ ਕੇਸ ਦੀ ਪੜਤਾਲ ਕਰਨ ਦਾ ਵਿਸ਼ਵਾਸ ਦਿਵਾਇਆ। ਕੁਝ ਅਪੁਸ਼ਟ ਸੂਤਰਾਂ ਅਨੁਸਾਰ ਪੂਰਨ ਕੁਮਾਰ ਦੇ ਗੰਨਮੈਨ ਸੁਸ਼ੀਲ ਕੁਮਾਰ, ਉਨ੍ਹਾਂ ਦੀ ਪਤਨੀ ਅਵਨੀਤ ਕੁਮਾਰ, ਬਠਿੰਡਾ ਰੂਰਲ ਦੇ ਐਮ.ਐਲ.ਏ. ਅਮਿੱਤ ਰਤਨ ਦੇ ਖਿਲਾਫ ਸੰਦੀਪ ਕੁਮਾਰ ਦੀ ਖੁਦਕੁਸ਼ੀ ਦੇ ਮਾਮਲੇ ਵਿੱਚ ਐਫ.ਆਈ.ਆਰ. ਦਰਜ ਕਰ ਲਈ ਗਈ ਹੈ।

ਸੰਦੀਪ ਕੁਮਾਰ ਵੱਲੋਂ ਰਿਕਾਰਡ ਕੀਤੇ ਗਏ ਵੀਡੀਓ ਮੈਸੇਜ ਵਿੱਚ ਕਿਹਾ ਗਿਆ ਹੈ ਕਿ ਰੋਹਤਕ ਰੇਂਜ ਵਿੱਚ ਨਿਯੁਕਤ ਹੋਣ ਤੋਂ ਬਾਅਦ ਪੂਰਨ ਕੁਮਾਰ ਨੇ ਇਮਾਨਦਾਰ ਅਫਸਰਾਂ ਦੀ ਥਾਂ ਭ੍ਰਿਸ਼ਟ ਅਫਸਰਾਂ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਹ ਸੀਨੀਅਰ ਅਫਸਰ ਇਮਾਨਦਾਰ ਅਫਸਰਾਂ ਦੀਆਂ ਫਾਈਲ ਬਲੌਕ ਕਰ ਲੈਂਦਾ ਸੀ ਅਤੇ ਫਿਰ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤੰਗ ਕਰਕੇ ਪੈਸਿਆਂ ਦੀ ਮੰਗ ਕਰਦਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਮਹਿਲਾ ਪੁਲਿਸ ਅਫਸਰਾਂ ਦੀ ਬਦਲੀ ਬਦਲੇ ਉਨ੍ਹਾਂ ਦਾ ਜਿਣਸੀ ਸੋਸ਼ਣ ਕੀਤਾ ਜਾਂਦਾ ਸੀ। ਸੰਦੀਪ ਨੇ ਆਪਣੇ ਵੀਡੀਓ ਅਤੇ ਲਿਖਤੀ ਸੁਨੇਹੇ ਵਿੱਚ ਕਿਹਾ, "ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਬੇਹੱਦ ਡੂੰਘੀਆਂ ਹਨ। ਮੈਂ ਆਪਣੇ ਖਿਲਾਫ ਕੇਸ ਤੋਂ ਡਰਦਿਆਂ ਖੁਦਕੁਸ਼ੀ ਕਰ ਰਿਹਾ ਹਾਂ।" ਸੰਦੀਪ ਕੁਮਾਰ ਨੇ ਕਿਹਾ ਕਿ ਆਈ.ਪੀ.ਐਸ. ਅਫਸਰ ਪੂਰਨ ਕੁਮਾਰ ਅਤੇ ਉਸ ਦੇ ਪਰਿਵਾਰ ਦੀ ਜਾਇਦਾਦ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਸੰਦੀਪ ਕੁਮਾਰ ਨੇ ਰੋਹਤਕ ਦੇ ਹੁਣ ਤਬਦੀਲ ਕਰ ਦਿੱਤੇ ਗਏ ਅਫਸਰ ਨਰੇਂਦਰ ਬਿਜਾਰਨੀਆ ਦੀ ਤਾਰੀਫ ਕੀਤੀ, ਜਿਨ੍ਹਾਂ ਦਾ ਨਾਮ ਪੂਰਨ ਕੁਮਾਰ ਦੇ ਖੁਦਕੁਸ਼ੀ ਨੋਟ ਵਿੱਚ ਆਇਆ ਸੀ।

ਯਾਦ ਰਹੇ, ਇਸ ਤੋਂ ਪਹਿਲਾਂ ਵਾਈ. ਪੂਰਨ ਕੁਮਾਰ ਨੇ ਆਪਣੇ ਖੁਦਕੁਸ਼ੀ ਨੋਟ ਵਿੱਚ 10 ਸੀਨੀਅਰ ਅਫਸਰਾਂ 'ਤੇ ਘੋਰ ਜਾਤੀ ਵਿਤਕਰਾ, ਮਿੱਥ ਕੇ ਮਾਨਸਿਕ ਤਸ਼ੱਦਦ, ਜਨਤਕ ਤੌਰ 'ਤੇ ਬੇਇਜ਼ਤੀ ਕਰਨ ਦੇ ਦੋਸ਼ ਲਾਏ ਸਨ। ਇੱਥੇ ਇਹ ਜਾਣਕਾਰੀ ਵੀ ਮਿਲੀ ਹੈ ਕਿ ਏ.ਐਸ.ਆਈ. ਸੰਦੀਪ ਕੁਮਾਰ ਨੇ ਇੱਕ ਹੌਲਦਾਰ ਸੁਸ਼ੀਲ ਕੁਮਾਰ ਨੂੰ ਗ੍ਰਿਫਤਾਰ ਕਰਨ ਵਿੱਚ ਆਪਣੀ ਭੂਮਿਕਾ ਨਿਭਾਈ ਸੀ। ਉਹ ਮਰਹੂਮ ਆਈ.ਪੀ.ਐਸ. ਅਫਸਰ ਪੂਰਨ ਕੁਮਾਰ ਦਾ ਗੰਨਮੈਨ ਰਿਹਾ ਹੈ। ਇੱਕ ਸ਼ਰਾਬ ਦੇ ਠੇਕੇਦਾਰ ਨੇ ਦੋਸ਼ ਲਾਇਆ ਸੀ ਕਿ ਸੁਸ਼ੀਲ ਕੁਮਾਰ ਨੇ ਉਸ ਕੋਲੋਂ ਆਈ.ਪੀ.ਐਸ. ਅਫਸਰ ਪੂਰਨ ਕੁਮਾਰ ਦੇ ਨਾਂ 'ਤੇ ਢਾਈ ਲੱਖ ਰੁਪਏ ਮੰਗੇ ਸਨ। ਰੋਹਤਕ ਦੇ ਨਵੇਂ ਪੁਲਿਸ ਸੁਪਰਡੈਂਟ ਐਸ.ਐਸ. ਭੌਰੀਆ ਨੇ ਕਿਹਾ, "ਸੰਦੀਪ ਕੁਮਾਰ ਸਾਡੇ ਵਿਭਾਗ ਵਿੱਚ ਬੇਹੱਦ ਮਿਹਨਤੀ ਅਤੇ ਇਮਾਨਦਾਰ ਅਫਸਰ ਸੀ।" ਇਸ ਤਰ੍ਹਾਂ ਆਈ.ਪੀ.ਐਸ. ਪੂਰਨ ਕੁਮਾਰ ਦੀ ਖੁਦਕੁਸ਼ੀ ਦੇ ਖਿਲਾਫ ਸੰਦੀਪ ਕੁਮਾਰ ਦੀ ਖੁਦਕੁਸ਼ੀ ਖੜ੍ਹੀ ਕਰ ਲਈ ਗਈ ਹੈ। ਮਾਮਲਾ ਬਰਾਬਰ ਦਾ ਬਣ ਗਿਆ ਹੈ।

ਹਰਿਆਣਾ ਦੇ ਪੁਲਿਸ ਅਫਸਰਾਂ ਦੀ ਬਿਆਨਬਾਜ਼ੀ ਤੋਂ ਵੀ ਜਨਰਲ ਅਤੇ ਦਲਿਤ ਵਰਗਾਂ ਵਿਚਕਾਰ ਡੂੰਘੀ ਦੁਫੇੜ ਨਜ਼ਰ ਆਉਂਦੀ ਹੈ। ਇਹ ਅਸਲ ਵਿੱਚ ਭਾਰਤੀ ਸਮਾਜਕ ਪ੍ਰਬੰਧ ਦਾ ਹੀ ਪ੍ਰਤੌਅ ਹੈ, ਜਿਹੜਾ ਸ਼ਹਿਰੀਕਰਨ ਦੇ ਬਾਵਜੂਦ ਜਾਤ-ਪਾਤੀ ਮਾਨਸਿਕਤਾ ਨੂੰ ਤਿਲਾਂਜਲੀ ਨਹੀਂ ਦੇ ਰਿਹਾ।

## ਮੁਹੰਮਦ ਮੁਸਤਫਾ ਦੇ ਬੇਟੇ ਦੀ ਮੌਤ ਦਾ ਮਾਮਲਾ

ਪੰਜਾਬ ਪੁਲਿਸ ਵਿੱਚੋਂ ਐਡੀਸ਼ਨਲ ਡੀ.ਜੀ.ਪੀ. ਵਜੋਂ ਰਿਟਾਇਰ ਹੋਏ ਸੀਨੀਅਰ ਪੁਲਿਸ ਅਫਸਰ ਮੁਹੰਮਦ ਮੁਸਤਫਾ ਦੇ ਪੁੱਤਰ ਐਡਵੋਕੇਟ ਅਕੀਲ ਅਖਤਰ ਦੀ ਬੀਤੀ 17 ਅਕਤੂਬਰ ਨੂੰ ਕਿਸੇ ਦਵਾਈ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਉਹ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਵਕੀਲ ਵਜੋਂ ਪ੍ਰੈਕਟਿਸ ਕਰਦਾ ਸੀ। ਇਸ ਦੌਰਾਨ ਪੰਚਕੂਲਾ ਪੁਲਿਸ ਨੇ ਮੁਹੰਮਦ ਮੁਸਤਫਾ ਅਤੇ ਉਨ੍ਹਾਂ ਦਾ ਪਤਨੀ ਤੇ ਸਾਬਕਾ ਮੰਤਰੀ ਰਜੀਆ ਸੁਲਤਾਨਾ ਖਿਲਾਫ ਪੁੱਤਰ ਦੇ ਕਤਲ ਦੀ ਸਾਜ਼ਿਸ਼ ਘੜਨ ਦਾ ਮੁਕੱਦਮਾ ਦਰਜ ਕਰ ਲਿਆ ਹੈ। ਪੰਚਕੂਲਾ ਦੇ ਮਨਸਾ ਦੇਵੀ ਥਾਣੇ ਵਿਚ ਕਿਸੇ ਗੁਆਂਢੀ ਦੀ ਸ਼ਿਕਾਇਤ 'ਤੇ ਇਹ ਮੁਕੱਦਮਾ ਦਰਜ ਕੀਤਾ ਗਿਆ ਹੈ।ਅਖ਼ਬਾਰੀ ਰਿਪੋਰਟਾਂ ਅਨੁਸਾਰ ਅਕੀਲ ਪੰਚਕੂਲਾ ਸਥਿਤ ਆਪਣੇ ਘਰ ਵਿੱਚ ਹੀ ਬੇਹੋਸ਼ ਮਿਲਿਆ ਸੀ। ਹਸਪਤਾਲ ਪਹੁੰਚਣ ਤੋਂ ਪਹਿਲਾਂ ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ। ਮੁਹੰਮਦ ਮੁਸਤਫਾ ਪੰਜਾਬ ਵਿੱਚ ਸਿੱਖ ਖਾੜਕੂਵਾਦ ਵੇਲੇ ਚਰਚਿਤ ਅਫਸਰਾਂ ਵਿੱਚੋਂ ਰਹੇ ਹਨ। ਉਨ੍ਹਾਂ ਉਤੇ ਸਿੱਖ ਨੌਜੁਆਨਾਂ 'ਤੇ ਤਸ਼ੱਦਦ ਕਰਵਾਉਣ ਅਤੇ ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਨ/ਮਰਾਉਣ ਦੇ ਵੀ ਦੋਸ਼ ਲਗਦੇ ਰਹੇ ਹਨ। ਉਹ 2021 ਵਿੱਚ ਪੰਜਾਬ ਪੁਲਿਸ ਵਿੱਚੋਂ ਰਿਟਾਇਰ ਹੋਏ ਅਤੇ ਕਾਂਗਰਸ ਪਾਰਟੀ ਦੇ ਨੇੜੇ ਰਹੇ। ਉਨ੍ਹਾਂ ਦੀ ਪਤਨੀ ਰਜ਼ੀਆ ਸੁਲਤਾਨਾ ਮਲੇਰਕੋਟਲਾ ਤੋਂ ਤਿੰਨ ਵਾਰ ਪੰਜਾਬ ਅਸੈਂਬਲੀ ਦੇ ਮੈਂਬਰ ਰਹਿ ਚੁੱਕੇ ਹਨ। ਕਾਂਗਰਸ ਸਰਕਾਰ ਵਿੱਚ ਮੰਤਰੀ ਵੀ ਰਹੇ। ਉਨ੍ਹਾਂ ਦੇ ਬੇਟੇ ਅਕੀਲ ਅਖਤਰ ਦੀ ਮਰਨ ਤੋਂ ਪਹਿਲਾਂ ਨੈਟ 'ਤੇ ਪਾਈ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿੱਚ ਉਹਨੇ ਮੁਹੰਮਦ ਮੁਸਤਫਾ ਦੇ ਆਪਣੀ ਨੂੰਹ (ਅਕੀਲ ਦੀ ਪਤਨੀ) ਨਾਲ ਜਿਸਮਾਨੀ ਸੰਬੰਧਾਂ ਦੇ ਦੋਸ਼ ਲਾਏ ਹਨ। ਅਕੀਲ ਇਸ ਵੀਡੀਓ ਵਿੱਚ ਡੂੰਘੇ ਡਿਪਰੈਸ਼ਨ ਵਿੱਚ ਨਜ਼ਰ ਆਇਆ। ਉਸ ਨੇ ਕਿਹਾ ਕਿ ਮੁਹੰਮਦ ਮੁਸਤਫਾ ਇਸ ਨਾਜਾਇਜ਼ ਰਿਸ਼ਤੇ 'ਤੇ ਮਾਣ ਵੀ ਕਰਦੇ ਹਨ। ਇਹ ਵੀਡੀਓ ਕਾਫੀ ਲੰਮੀ ਹੈ ਅਤੇ ਅਕੀਲ ਇਸ ਵਿੱਚ ਹੋਰ ਵੀ ਬਹੁਤ ਕੁਝ ਕਹਿੰਦਾ ਹੈ। ਅਕੀਲ ਦੀ ਦੇਹ ਦਾ ਪੋਸਟਮਾਰਟਮ ਹੋਣ ਤੋਂ ਬਾਅਦ ਉੱਤਰ ਪ੍ਰਦੇਸ਼ ਵਿੱਚ ਸਹਾਰਨਪੁਰ ਲਾਗੇ ਉਨ੍ਹਾਂ ਦੇ ਜੱਦੀ ਪਿੰਡ ਵਿੱਚ ਦਫਨਾ ਦਿੱਤਾ ਗਿਆ। 33 ਸਾਲਾ ਅਕੀਲ ਆਪਣੇ ਪਿੱਛੇ ਪਤਨੀ ਅਤੇ ਦੋ ਬੱਚੇ ਛੱਡ ਗਿਆ ਹੈ। ਇਸ ਮਾਮਲੇ ਵਿੱਚ ਇਹ ਸ਼ੰਕੇ ਵੀ ਉਠ ਰਹੇ ਹਨ ਕਿ ਇਹ ਕਿਧਰੇ ਕਤਲ ਦਾ ਮਾਮਲਾ ਤਾਂ ਨਹੀਂ ਹੈ?



# ਵੈਨੇਜ਼ੂਏਲਾ ਦੀ 'ਆਇਰਨ ਲੇਡੀ'

## ਮਾਰੀਆ ਕੋਰੀਨਾ ਮਚਾਡੋ ਨੂੰ 2025 ਦਾ ਸ਼ਾਂਤੀ ਨੋਬਲ ਪੁਰਸਕਾਰ

### *ਨੋਬਲ ਪੁਰਸਕਾਰ ਦਾ ਪ੍ਰਭਾਵ ਅਤੇ ਅੰਤਰਰਾਸ਼ਟਰੀ ਪ੍ਰਤੀਕਿਰਿਆਵਾਂ*

**ਮਾਰੀਆ ਕੋਰੀਨਾ ਮਚਾਡੋ ਨੂੰ ਨੋਬਲ ਪੁਰਸਕਾਰ ਦੇ ਐਲਾਨ ਨੇ ਵਿਸ਼ਵਵਿਆਪੀ ਚਰਚਾ ਹਾਸਲ ਕੀਤੀ ਹੈ। ਅਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ ਇਹ ਪੁਰਸਕਾਰ 'ਵੈਨੇਜ਼ੂਏਲਾ ਵਿੱਚ ਪ੍ਰੋ-ਡੈਮੋਕਰੇਸੀ ਅੰਦੋਲਨ ਨੂੰ ਸਨਮਾਨਿਤ ਕਰਦਾ ਹੈ।' ਮਚਾਡੋ ਨੇ ਐਲਾਨ ਸੁਣਨ 'ਤੇ ਭਾਵੁਕ ਹੁੰਦਿਆਂ ਕਿਹਾ, 'ਮੇਰੇ ਕੋਲ ਸ਼ਬਦ ਨਹੀਂ ਹਨ। ਇਹ ਸਾਰੇ ਵੈਨੇਜ਼ੂਏਲਾ ਦੇ ਲੋਕਾਂ ਲਈ ਹੈ।'**

ਪੰਜਾਬੀ ਪਰਵਾਜ਼ ਬਿਊਰੋ

ਨਾਰਵੇਜ਼ੀਅਨ ਨੋਬਲ ਕਮੇਟੀ ਨੇ ਵੈਨੇਜ਼ੂਏਲਾ ਦੀ ਵਿਰੋਧੀ ਧਿਰ ਦੀ ਆਗੂ ਮਾਰੀਆ ਕੋਰੀਨਾ ਮਚਾਡੋ ਨੂੰ ਲੰਘੀ 10 ਅਕਤੂਬਰ ਨੂੰ ਸਾਲ 2025 ਦਾ ਸ਼ਾਂਤੀ ਨੋਬਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ। ਕਮੇਟੀ ਨੇ ਉਨ੍ਹਾਂ ਨੂੰ 'ਵੈਨੇਜ਼ੂਏਲਾ ਦੇ ਲੋਕਾਂ ਦੇ ਜਮਹੂਰੀ ਅਧਿਕਾਰਾਂ ਦੀ ਰਾਖੀ ਕਰਨ ਅਤੇ ਨਿਆਂਪੂਰਨ ਤੇ ਸ਼ਾਂਤੀਪੂਰਨ ਤਰੀਕੇ ਨਾਲ ਤਾਨਾਸ਼ਾਹੀ ਦੇ ਸਾਹਮਣੇ ਲੋਕਤੰਤਰ ਲਈ ਸੰਘਰਸ਼ ਕਰਨ' ਲਈ ਸਨਮਾਨਿਤ ਕੀਤਾ ਹੈ। ਇਹ ਪੁਰਸਕਾਰ ਨਾ ਸਿਰਫ਼ ਮਚਾਡੋ ਦੇ ਨਿੱਜੀ ਸੰਘਰਸ਼ ਨੂੰ ਮਾਨਤਾ ਦਿੰਦਾ ਹੈ, ਸਗੋਂ ਵੈਨੇਜ਼ੂਏਲਾ ਵਿੱਚ ਲੋਕਤੰਤਰ ਦੀ ਲੜਾਈ ਨੂੰ ਵੀ ਵਿਸ਼ਵ ਪੱਧਰ 'ਤੇ ਉਜਾਗਰ ਕਰਦਾ ਹੈ।

58 ਸਾਲਾਂ ਦੀ ਮਾਰੀਆ ਕੋਰੀਨਾ ਮਚਾਡੋ ਇੱਕ ਇੰਡਸਟਰੀਅਲ ਇੰਜੀਨੀਅਰ ਹਨ, ਜੋ ਵੈਨੇਜ਼ੂਏਲਾ ਦੀ ਹਕੂਮਤੀ ਰਾਜਨੀਤੀ ਦੀ ਸਖ਼ਤ ਵਿਰੋਧੀ ਹਨ। ਉਹ ਵੇਂਤੇ ਵੈਨੇਜ਼ੂਏਲਾ ਪਾਰਟੀ ਦੇ ਆਗੂ ਹਨ ਅਤੇ ਨਿਕੋਲਸ ਮਾਡੂਰੋ ਦੀ ਯੂਨਾਈਟਿਡ ਸੋਸ਼ਲਿਸਟ ਪਾਰਟੀ ਆਫ਼ ਵੈਨੇਜ਼ੂਏਲਾ (ਫੂੰੜ) ਦੇ ਵਿਰੋਧੀ ਹਨ। ਉਨ੍ਹਾਂ ਨੂੰ ਵੈਨੇਜ਼ੂਏਲਾ ਦੀ 'ਆਇਰਨ ਲੇਡੀ' ਵੀ ਕਿਹਾ ਜਾਂਦਾ ਹੈ, ਜੋ ਉਨ੍ਹਾਂ ਦੀ ਅਟੱਲ ਹਿੰਮਤ ਅਤੇ ਅਣਥੱਕ ਸੰਘਰਸ਼ ਨੂੰ ਦਰਸਾਉਂਦਾ ਹੈ। ਨੋਬਲ ਕਮੇਟੀ ਨੇ ਉਨ੍ਹਾਂ ਨੂੰ 'ਲਾਤੀਨੀ ਅਮਰੀਕਾ ਵਿੱਚ ਇਨ੍ਹਾਂ ਸਮਿਆਂ ਦੀ ਨਾਗਰਿਕ ਹਿੰਮਤ ਦਾ ਸਭ ਤੋਂ ਵਿਲੱਖਣ ਉਦਾਹਰਣ' ਕਿਹਾ ਹੈ।

ਮਚਾਡੋ 'ਲੋਕਪ੍ਰਿਆ ਪੂੰਜੀਵਾਦ' ਦੀ ਸਮਰਥਕ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਨਿੱਜੀ ਉੱਦਮ ਅਤੇ ਨਿੱਜੀ ਜਾਇਦਾਦ ਦੇ ਅਧਿਕਾਰ ਆਰਥਿਕ ਵਿਕਾਸ ਦੀ ਕੁੰਜੀ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਵੈਨੇਜ਼ੂਏਲਾ ਦੇ ਆਰਥਿਕ ਸੰਕਟ ਨੂੰ ਹੱਲ ਕਰਨ ਲਈ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਵਪਾਰਕ ਸੁਤੰਤਰਤਾ ਨੂੰ ਵਧਾਉਣ ਦੀ ਗੱਲ ਕੀਤੀ ਹੈ। ਉਨ੍ਹਾਂ ਅਨੁਸਾਰ, ਵਰਤਮਾਨ ਸਰਕਾਰੀ ਨੀਤੀਆਂ ਨੇ ਦੇਸ਼ ਨੂੰ ਹਾਈਪਰਇਨਫਲੇਸ਼ਨ ਅਤੇ ਭੁੱਖਮਰੀ ਵੱਲ ਧੱਕਿਆ ਹੈ, ਜਿਸ ਨਾਲ ਲੱਖਾਂ ਲੋਕ ਵਿਦੇਸ਼ਾਂ ਵੱਲ ਹਿਜਰਤ ਨੂੰ ਮਜਬੂਰ ਹੋ ਗਏ ਹਨ।

### ਬਚਪਨ ਅਤੇ ਸਿੱਖਿਆ

ਮਾਰੀਆ ਕੋਰੀਨਾ ਮਚਾਡੋ ਦਾ ਜਨਮ 7 ਅਕਤੂਬਰ 1967 ਨੂੰ ਕਾਰਾਕਾਸ, ਵੈਨੇਜ਼ੂਏਲਾ ਵਿੱਚ ਹੋਇਆ ਸੀ। ਉਹ ਚਾਰ ਧੀਆਂ ਵਿੱਚ ਸਭ ਤੋਂ ਵੱਡੀ ਹੈ ਅਤੇ ਉਨ੍ਹਾਂ ਦੇ ਪਿਤਾ ਇੱਕ ਪ੍ਰਮੁੱਖ ਇਸਪਾਤ ਵਪਾਰੀ ਸਨ। ਉਨ੍ਹਾਂ ਨੇ ਇੰਡਸਟਰੀਅਲ ਇੰਜੀਨੀਅਰਿੰਗ ਵਿੱਚ ਡਿਗਰੀ ਅਤੇ ਫਾਈਨੈਂਸ ਵਿੱਚ ਮਾਸਟਰਜ਼ ਕੀਤੀ। ਸਿੱਖਿਆ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੇ ਥੋੜ੍ਹਾ ਸਮਾਂ ਵਪਾਰ ਵਿੱਚ ਬਿਤਾਇਆ, ਪਰ ਫੇਰ ਤੇਜ਼ੀ ਨਾਲ ਸਮਾਜਿਕ ਕਾਰਜਾਂ ਵੱਲ ਆ ਗਏ। 1992 ਵਿੱਚ ਉਨ੍ਹਾਂ ਨੇ ਅਥੇਨਾ ਫਾਊਂਡੇਸ਼ਨ ਦੀ ਸਥਾਪਨਾ ਕੀਤੀ, ਜੋ ਗਰੀਬ ਬੱਚਿਆਂ ਲਈ ਕੰਮ ਕਰਦੀ ਹੈ ਅਤੇ ਉਨ੍ਹਾਂ ਨੂੰ ਸਿੱਖਿਆ ਤੇ ਸਿਹਤ ਸੇਵਾਵਾਂ ਪ੍ਰਦਾਨ ਕਰਦੀ ਹੈ। ਇਹ ਫਾਊਂਡੇਸ਼ਨ ਅੱਜ ਵੀ ਵੈਨੇਜ਼ੂਏਲਾ ਵਿੱਚ ਸਮਾਜਿਕ ਨਿਆਂ ਦੇ ਯਤਨਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ। ਇਨ੍ਹਾਂ ਕਾਰਜਾਂ ਕਰ ਕੇ ਮਾਰੀਆ ਕੋਰੀਨਾ ਮਚਾਡੋ ਨੂੰ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਹੀ ਲੋਕਾਂ ਵਿੱਚ ਪ੍ਰਸਿੱਧੀ ਮਿਲ ਗਈ। ਉਨ੍ਹਾਂ ਦੀ ਇਹ ਸਮਾਜਿਕ ਸੇਵਾ ਨੇ ਉਨ੍ਹਾਂ ਨੂੰ ਇੱਕ ਨੈਤਿਕ ਅਤੇ ਨਿਰਪੱਖ ਨੇਤਾ ਵਜੋਂ ਸਥਾਪਿਤ ਕੀਤਾ, ਜੋ ਬਾਅਦ ਵਿੱਚ ਉਨ੍ਹਾਂ ਦੇ ਰਾਜਨੀਤਕ ਸੰਘਰਸ਼ ਦੀ ਨੀਂਹ ਬਣ ਗਈ।

### ਰਾਜਨੀਤਕ ਕਰੀਅਰ ਅਤੇ ਸੰਘਰਸ਼

ਮਚਾਡੋ ਨੇ 2002 ਵਿੱਚ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ, ਜਦੋਂ ਉਨ੍ਹਾਂ ਨੇ ਸੂਮੇਟੇ ਨਾਮਕ ਵੋਟਰ ਅਧਿਕਾਰ ਸੰਸਥਾ ਦੀ ਸਥਾਪਨਾ ਕੀਤੀ। ਇਹ ਸੰਸਥਾ ਵੋਟਿੰਗ ਪ੍ਰਕਿਰਿਆ ਨੂੰ ਨਿਰਪੱਖ ਅਤੇ ਪਾਰਦਰਸ਼ੀ ਬਣਾਉਣ ਲਈ ਕੰਮ ਕਰਦੀ ਹੈ। 2010 ਵਿੱਚ ਉਹ ਰਾਸ਼ਟਰੀ ਸਭਾ ਲਈ ਚੁਣੀ ਗਈ, ਪਰ 2014 ਵਿੱਚ ਮਾਡੂਰੋ ਸਰਕਾਰ ਨੇ ਉਨ੍ਹਾਂ ਨੂੰ ਬਰਖ਼ਾਸਤ ਕਰ ਦਿੱਤਾ। ਉਹ ਹਿਊਗੋ ਚਾਵੇਜ਼ ਅਤੇ ਬਾਅਦ ਵਿੱਚ ਨਿਕੋਲਸ ਮਾਡੂਰੋ ਦੀਆਂ ਨੀਤੀਆਂ ਦੀ ਸਖ਼ਤ ਆਲੋਚਕ ਰਹੀ, ਜਿਸ ਕਰ ਕੇ ਉਨ੍ਹਾਂ ਨੂੰ ਕਈ ਵਾਰ ਗ੍ਰਿਫ਼ਤਾਰੀਆਂ ਦਾ ਸਾਹਮਣਾ ਵੀ ਕਰਨਾ ਪਿਆ। 2012 ਵਿੱਚ ਉਨ੍ਹਾਂ ਨੇ ਵੇਂਤੇ ਵੈਨੇਜ਼ੂਏਲਾ ਪਾਰਟੀ ਦੀ ਸਥਾਪਨਾ ਕੀਤੀ, ਜੋ ਆਜ਼ਾਦੀ ਅਤੇ ਲਿਬਰਲ ਰਾਜਨੀਤੀ 'ਤੇ ਅਧਾਰਿਤ ਹੈ ਤੇ ਅੱਜ ਵੀ ਵਿਰੋਧੀ ਧਿਰ ਦੀ ਭੂਮਿਕਾ ਵਿੱਚ ਹੈ।

2023 ਵਿੱਚ ਉਨ੍ਹਾਂ ਨੇ ਰਾਸ਼ਟਰਪਤੀ ਅਹੁਦੇ ਲਈ ਵਿਰੋਧੀ ਪ੍ਰਾਇਮਰੀ ਵਿੱਚ 92% ਵੋਟਾਂ ਨਾਲ ਜਿੱਤ ਹਾਸਲ ਕੀਤੀ, ਪਰ ਮਾਡੂਰੋ ਸਰਕਾਰ ਨੇ ਉਨ੍ਹਾਂ ਦੇ 2024 ਦੀਆਂ ਚੋਣਾਂ ਵਿੱਚ ਹਿੱਸਾ ਲੈਣ 'ਤੇ ਪਾਬੰਦੀ ਲਗਾ ਦਿੱਤੀ। ਇਸ ਤੋਂ ਬਾਅਦ ਉਨ੍ਹਾਂ ਨੇ ਐਡਮੁੰਡੋ ਗੋਨਜ਼ਾਲੇਜ਼ ਉਰੂਟੀਆ ਦਾ ਸਮਰਥਨ ਕੀਤਾ, ਜੋ ਉਨ੍ਹਾਂ ਦੀ ਜਗ੍ਹਾ ਵਿਰੋਧੀ ਉਮੀਦਵਾਰ ਬਣੇ। ਗੋਨਜ਼ਾਲੇਜ਼ ਨੂੰ ਵਿਰੋਧੀ ਧਿਰ ਨੇ 'ਸ਼ਾਂਤੀਪੂਰਨ ਬਦਲਾਅ' ਦਾ ਪ੍ਰਤੀਕ ਮੰਨਿਆ। ਇਸ ਤੋਂ ਇਲਾਵਾ ਮਚਾਡੋ ਨੇ ਵਿਰੋਧੀ ਧਿਰ ਨੂੰ ਏਕਤਾ ਵਿੱਚ ਪਰੋਣ ਲਈ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸ ਨਾਲ ਵੈਨੇਜ਼ੂਏਲਾ ਵਿੱਚ ਲੱਖਾਂ ਲੋਕ ਚੋਣਾਂ ਵਿੱਚ ਵੋਟ ਪਾਉਣ ਲਈ ਉਤਸ਼ਾਹਿਤ ਹੋਏ। ਉਨ੍ਹਾਂ ਨੇ ਕੌਮਾਂਤਰੀ ਪੱਧਰ 'ਤੇ ਵੀ ਆਪਣੀ ਆਵਾਜ਼ ਉਠਾਈ ਹੈ।

### ਵੈਨੇਜ਼ੂਏਲਾ ਚੋਣਾਂ ਦਾ ਵਿਵਾਦ ਤੇ ਨਤੀਜੇ

2024 ਦੀਆਂ ਵੈਨੇਜ਼ੂਏਲਾ ਦੀਆਂ ਰਾਸ਼ਟਰਪਤੀ ਚੋਣਾਂ ਨੇ ਦੇਸ਼ ਨੂੰ ਡੂੰਘੇ ਸੰਕਟ ਵਿੱਚ ਧੱਕ ਦਿੱਤਾ। 28 ਜੁਲਾਈ 2024 ਨੂੰ ਹੋਈਆਂ ਚੋਣਾਂ ਵਿੱਚ ਮਾਡੂਰੋ ਦੀ ਜਿੱਤ ਦਾ ਐਲਾਨ ਕੀਤਾ ਗਿਆ, ਪਰ ਵਿਰੋਧੀ ਧਿਰ ਨੇ ਨਤੀਜਿਆਂ 'ਤੇ ਸਵਾਲ ਉਠਾਏ। ਵਿਰੋਧੀ ਧਿਰ ਨੇ ਚੋਣ ਵੋਟਾਂ ਦੇ ਟੈਲੀ ਫਾਰਮਾਂ ਨੂੰ ਜਾਰੀ ਕੀਤਾ, ਜੋ ਦਰਸਾਉਂਦੇ ਸਨ ਕਿ ਗੋਨਜ਼ਾਲੇਜ਼ ਨੇ 67% ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ, ਜਦਕਿ ਮਾਡੂਰੋ ਨੂੰ ਸਿਰਫ਼ 30% ਵੋਟਾਂ ਮਿਲੀਆਂ। ਇਹ ਟੈਲੀਆਂ ਚੋਣ ਵੋਟਿੰਗ ਸਿਸਟਮ ਤੋਂ ਲਈਆਂ ਗਈਆਂ ਸਨ ਅਤੇ ਅੰਤਰਰਾਸ਼ਟਰੀ ਨਿਗਰਾਨੀ ਅਦਾਰਿਆਂ ਨੇ ਉਨ੍ਹਾਂ ਦੀ ਪ੍ਰਮਾਣਿਕਤਾ ਨੂੰ ਮਾਨਤਾ ਦਿੱਤੀ।

ਅਮਰੀਕਾ ਅਤੇ ਯੂਰਪੀ ਯੂਨੀਅਨ ਦੇ ਕਈ ਦੇਸ਼ਾਂ ਤੇ ਲਾਤੀਨੀ ਅਮਰੀਕਾ ਦੇ ਕਈ ਨੇਤਾਵਾਂ ਨੇ ਗੋਨਜ਼ਾਲੇਜ਼ ਨੂੰ ਜੇਤੂ ਮੰਨਿਆ। ਉਦਾਹਰਣ ਵਜੋਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ 'ਮਾਡੂਰੋ ਨੇ ਚੋਣਾਂ ਚੋਰੀ ਕੀਤੀਆਂ ਹਨ ਅਤੇ ਉਨ੍ਹਾਂ ਨੂੰ ਰਾਸ਼ਟਰਪਤੀ ਬਣਨ ਦਾ ਅਧਿਕਾਰ ਨਹੀਂ।' ਜਦਕਿ ਰੂਸ, ਚੀਨ, ਈਰਾਨ ਅਤੇ ਕਿਊਬਾ ਵਰਗੇ ਦੇਸ਼ਾਂ ਨੇ ਮਾਡੂਰੋ ਦੀ ਜਿੱਤ ਨੂੰ ਮਾਨਤਾ ਦਿੱਤੀ। ਚੋਣਾਂ ਤੋਂ ਬਾਅਦ ਹਜ਼ਾਰਾਂ ਵਿਰੋਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਇੰਟਰਨੈੱਟ ਬੰਦ ਕੀਤਾ ਗਿਆ ਅਤੇ ਸੈਂਕੜੇ ਲੋਕ ਮਾਰੇ ਗਏ। ਹਿਊਮਨ ਰਾਈਟਸ ਵਾਚ ਨੇ ਇਸ ਨੂੰ 'ਜ਼ਾਲਮਾਨਾ ਕਾਰਵਾਈ' ਕਿਹਾ ਹੈ। ਇਸ ਵਿਵਾਦ ਨੇ ਵੈਨੇਜ਼ੂਏਲਾ ਨੂੰ ਰਾਜਨੀਤਿਕ ਅਤੇ ਆਰਥਿਕ ਤੌਰ 'ਤੇ ਹੋਰ ਅਸਥਿਰ ਬਣਾ ਦਿੱਤਾ, ਜਿਸ ਨਾਲ 2025 ਵਿੱਚ ਵੀ ਪ੍ਰਦਰਸ਼ਨ ਜਾਰੀ ਹਨ।

# ਦਲੀਪ ਸਿੰਘ ਦੀ ਧੀ ਸੋਫ਼ੀਆ

ਸੁਖਦੇਵ ਸਿੱਧੂ
sidhu@ntlworld.com

ਦਲੀਪ ਸਿੰਘ ਦੀਆਂ ਤਿੰਨਾਂ ਧੀਆਂ 'ਚੋਂ ਛੋਟੀ ਧੀ ਹੋਈ ਸੋਫ਼ੀਆ। ਇਹ ਲਾਡ.ਲੀ ਸੀ, ਪਰ ਹੌਂਸਲੇ ਤੇ ਜੋਖ਼ਮ ਭਰੇ ਕੰਮ ਕਰਨ ਵਾ.ਲੀ ਨਿਕਲੀ। ਮਲਿਕਾ ਵਿਕਟੋਰੀਆ ਨੇ ਇਸ ਨੂੰ ਧਰਮ ਪੁਤਰੀ ਬਣਾਇਆ ਹੋਇਆ ਸੀ ਅਤੇ ਰਿਸ਼ਤਾ ਨਿਭਾਇਆ ਵੀ। ਪਹਿਲ ਉਮਰੇ ਸੋਫ਼ੀਆ ਵਧੀਆ ਘੋੜ ਸਵਾਰ, ਫ਼ੋਟੋਗ੍ਰਾਫ਼ਰ ਤੇ ਹਾਕੀ ਦੀ ਖਿਡਾਰਨ ਸੀ। ਇਹਨੇ ਨਸਲੀ ਕੁੱਤਿਆਂ ਦੇ ਮੁਕਾਬਲੇ 'ਚੋਂ ਵੀ ਕਈ ਇਨਾਮ ਜਿੱਤੇ ਸੀ। ਫੈਸ਼ਨ ਦੀ ਦੁਨੀਆ 'ਚ ਇਹਦਾ ਨਾਂ ਸੀ।

ਜਦੋਂ ਇਹਦਾ ਕਾਇਆ ਕਲਪ ਹੋਇਆ ਤਾਂ ਪਹਿਲਾਂ ਇਹ ਖਲਾਸੀਆਂ (ਲਸ਼ਕਰ) ਦੇ ਭਲੇ ਲਈ ਕੰਮ ਕਰਨ ਲੱਗ ਪਈ। ਸੋਫ਼ੀਆ ਨੇ ਦੋ ਹੋਰ ਦੋਸਤਾਂ ਨਾ.ਲ ਰ.ਲ ਕੇ ਖ਼ਲਾਸੀਆਂ ਲਈ ਨਵੀਂ ਰਿਹਾਇਸ਼ ਦਾ ਪ੍ਰਬੰਧ ਕੀਤਾ ਸੀ। ਇੰਗਲੈਂਡ ਦੀਆਂ ਬੰਦਰਗਾਹਾਂ 'ਤੇ ਕੰਮ ਕਰਦੇ ਖਲਾਸੀਆਂ ਦੀ ਜ਼ਿੰਦਗੀ ਨਿਰ੍ਹਾ ਨਰਕ ਸੀ। ਜ਼ਿਆਦਾ ਕਰ ਕੇ ਖਲਾਸੀ ਪੰਜਾਬ, ਬੰਗਾਲ ਜਾਂ ਚੀਨ ਤੋਂ ਲਿਆਂਦੇ ਜਾਂਦੇ ਸੀ।

ਬਾਕੀ ਦੀ ਸਾਰੀ ਉਮਰ ਇਹਨੇ ਹਿੱਕ ਧੱਕਿਆਂ ਤੇ ਬੇਇਨਸਾਫ਼ੀ ਖ਼ਿਲਾਫ਼ ਲੜਦਿਆਂ ਲਾਈ। ਸੋਫ਼ੀਆ ਦਾ ਜੁੱਗਪਲਟਾਊ ਕੰਮ ਸੱਫ਼ਰਾਜੈੱਟ ਲਹਿਰ ਨੂੰ ਤਨੋਂ ਮਨੋਂ ਧਨੋਂ ਸਮਰਪਤ ਹੋਣਾ ਸੀ। ਲਹਿਰ ਦੀ ਜੱਦੋਜਹਿਦ ਅਨਿਆਂ, ਧੌਂਸ ਤੇ ਸਥਾਪਤੀ ਦੇ ਖ਼ਿਲਾਫ਼ ਸੀ। ਔਰਤਾਂ ਦੇ ਹੱਕਾਂ ਲਈ ਲੜਨ ਵਾਲੀ ਜਥੇਬੰਦੀ ਨੇ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਲੈ ਕੇ ਨਵਾਂ ਇਤਿਹਾਸ ਸਿਰਜਿਆ ਸੀ।

ਪਹਿਲੀ ਆਲਮੀ ਜੰਗ 'ਚ ਜ਼ਖ਼ਮੀ ਪੰਜਾਬੀ ਫ਼ੌਜੀ ਵਲੈਤ ਆਉਣ ਲੱਗੇ ਤਦ ਉਨ੍ਹਾਂ ਦੀ ਸੇਵਾ ਸੰਭਾਲ ਦਾ ਮਸਲਾ ਬਣ ਗਿਆ। ਇਹ ਮੂਹਰੇ ਹੋ ਕੇ ਉਨ੍ਹਾਂ ਦੀ ਮਦਦ ਲਈ ਬਹੁੜੀ; ਇਹਦੇ ਨਾ.ਲ ਹੌ.ਲੀ-ਹੌ.ਲੀ ਹੋਰ ਔਰਤਾਂ ਵੀ ਰ.ਲ ਗਈਆਂ। ਫੌਜੀਆਂ ਕੋਲ ਗਰਮ ਕੱਪੜੇ ਵੀ ਨਹੀਂ ਸੀ; ਇਹਨੇ ਉਨ੍ਹਾਂ ਲਈ ਗਰਮ ਕੱਪੜਿਆਂ ਦਾ ਬੰਦੋਬਸਤ ਕੀਤਾ ਸੀ; ਨਰਸ ਬਣ ਕੇ ਭਾਈਬੰਦਾਂ ਦੀ ਸੇਵਾ ਵੀ ਕੀਤੀ। ਜ਼ਖ਼ਮੀ ਫ਼ੌਜੀ, ਗੋਰਿਆਂ ਦੇ ਠੰਡੇ ਮੁਲਕ 'ਚ ਭਾਰਤੀ ਲਗਦੀ ਔਰਤ ਨੂੰ ਦੇਖ ਕੇ ਖ਼ੁਸ਼ ਹੁੰਦੇ।

ਸੱਫ਼ਰਾਜੈੱਟ ਜਥੇਬੰਦੀ ਲਈ ਪੈਸੇ ਆਪ ਵੀ ਦਿੰਦੀ ਰਹੀ ਤੇ ਫ਼ੰਡਾਂ 'ਚ ਵਾਧਾ ਕਰਨ ਲਈ ਕੇਕ ਬਣਾ ਬਣਾ ਕੇ ਵੀ ਵੇਚਦੀ ਸੀ। ਲਹਿਰ ਲਈ ਫ਼ੰਡ 'ਕੱਠੇ ਕਰਨ ਲਈ ਮੀਟਿੰਗਾਂ ਕਰਦੀ। ਮੀਟਿੰਗਾਂ ਦੀ ਹਾਜ਼ਰੀ 'ਚ ਵਾਧਾ ਕਰਨ ਲਈ ਹੋਰ ਕਈ ਔਰਤਾਂ ਨੂੰ ਵੀ ਨਾ.ਲ ਲੈ ਕੇ ਪਹੁੰਚਦੀ। ਲਹਿਰ ਦੇ ਖਰਚ ਲਈ ਇੱਕ ਸਾਲ ਤਾਂ ਇਹਨੇ 'ਕੱਲੀ ਨੇ ਹੀ ਪਚਵੰਜਾ ਪੌਂਡ ਦਿੱਤੇ ਸੀ; ਉਦੋਂ ਇਹ ਬਹੁਤ ਵੱਡੀ ਰਕਮ ਸੀ।

ਲਹਿਰ ਦੀ ਹਮਾਇਤ 'ਚ ਜਦੋਂ ਜਲੂਸ ਨਿਕਲਦੇ ਤਾਂ ਇਹ ਆਪਣੀ ਘੋੜਾ ਗੱਡੀ ਦੇ ਆ.ਲੇ-ਦੁਆ.ਲੇ ਕਈ ਤਰ੍ਹਾਂ ਦੇ ਪੋਸਟਰ ਲਾ ਕੇ ਸ਼ਹਿਰ ਵਿੱਚ ਦੀ ਨਿਕ.ਲਦੀ ਜਾਂ ਜਲੂਸਾਂ ਦੇ ਮੂਹਰੇ ਹੋ ਕੇ ਤੁਰਦੀ ਸੀ। ਸੋਫ਼ੀਆ ਲਹਿਰ






ਦੀ ਮਦਦ ਲਈ ਅਦਾਲਤਾਂ 'ਚ ਵੀ ਜਾਂਦੀ ਰਹੀ, ਮੀਟਿੰਗਾਂ 'ਚ ਵੀ ਜਾਂਦੀ ਅਤੇ ਹੈਂਪਟਨ ਕੋਰਟ ਮਹੱਲ ਦੇ ਐਨ ਸਾਹਮਣੇ ਲਹਿਰ ਦੇ ਪਰਚੇ ਵੇਚਦੀ ਰਹੀ। ਹੈਂਪਟਨ ਕੋਰਟ ਮਲਿਕਾ ਦੀ ਜਾਇਦਾਦ ਸੀ ਤੇ ਸ਼ਾਹੀ ਲੋਕਾਂ ਦੀ ਰਿਹਾਇਸ਼ਗਾਹ। ਇਹ ਆਪ ਵੀ ਏਥੇ ਹੀ ਰਹਿੰਦੀ ਸੀ।

ਸੱਫ਼ਰਾਜੈੱਟ 'ਚ ਸਰਗਰਮ ਬੀਬੀਆਂ ਦਾ ਸਾਂਝਾ ਫ਼ੈਸਲਾ ਸੀ ਕਿ ਜਿੰਨਾ ਚਿਰ ਔਰਤਾਂ ਨੂੰ ਵੋਟ ਦਾ ਹੱਕ ਨਹੀਂ ਮਿਲਦਾ, ਓਨਾ ਚਿਰ ਕੋਈ ਨਾ ਟੈਕਸ ਦੇਵੇ, ਤੇ ਨਾ ਹੀ ਜ਼ੁਰਮਾਨਾ। ਇਹਨੇ ਬਣਦੇ ਟੈਕਸ ਦੇਣੇ ਬੰਦ ਕਰ ਦਿੱਤੇ। ਸਿੱਟੇ ਵਜੋਂ ਅਦਲਾਤ ਨੇ ਜ਼ੁਰਮਨਾ ਕਰ ਦਿੱਤਾ; ਜਦੋਂ ਉਹ ਵੀ ਨਾ ਦਿੱਤਾ ਤਾਂ ਕੁਰਕੀ ਵਾਲੇ ਓਨੇ ਮੁੱਲ ਦੀਆਂ ਵਸਤਾਂ ਲੈ ਗਏ। ਰੋਸ ਵਜੋਂ ਇਹਨੇ ਮਰਦਮਸ਼ੁਮਾਰੀ ਦੇ ਕਾ.ਗਜ਼ ਫ਼ਾਰਮ ਬਿਨਾਂ ਭਰਿਆਂ ਹੀ ਮੋੜ ਦਿੱਤੇ। ਸਗੋਂ ਉੱਤੇ ਇਹ ਲਿਖ ਦਿੱਤਾ ਕਿ 'ਜਦ ਔਰਤਾਂ ਦੀ ਕੋਈ ਵੁੱਕਤ ਹੀ ਨਹੀਂ ਹੈ ਤਾਂ ਉਹ ਜਨਗਣਨਾ ਕਿਸ ਲਈ ਕਰਾਉਣ! ਮੈਂ ਪੂਰੀ ਈਮਾਨਦਾਰੀ ਨਾਲ ਫ਼ਾਰਮ ਭਰਨ ਤੋਂ ਇਨਕਾਰ ਕਰਦੀ ਹਾਂ। ਹੇਠਾਂ ਆਪਣੇ ਦਸਤਖ਼ਤ ਕਰ ਦਿੱਤੇ ਸੀ- ਸੋਫ਼ੀਆ ਏ. ਦਲੀਪ ਸਿੰਘ।

ਇੱਕ ਵਾਰ ਤਾਂ ਇਹਨੇ ਪ੍ਰਧਾਨ ਮੰਤਰੀ ਉਤੇ 'ਔਰਤਾਂ ਲਈ ਵੋਟ ਦੇ ਹੱਕ' ਵਾ.ਲੇ ਇਸ਼ਤਿਹਾਰ ਵੀ ਸੁੱਟੇ ਸੀ ਤੇ ਉਹਦੀ ਗੱਡੀ ਦੇ ਮੋਹਰੇ ਪੈਣ ਦੀ ਕੋਸਿਸ਼ ਕੀਤੀ ਸੀ। ਹਫੜਾ-ਦਫੜੀ ਮਚੀ ਤੇ ਪੁਲਿਸ ਨੇ ਇਹਨੂੰ ਫੜ ਲਿਆ। ਬਲੈਕ ਫ਼ਰਾਈਡੇ ਵਾ.ਲੇ ਦਿਖਾਵੇ 'ਚ ਚਾਰ ਸੌ ਔਰਤਾਂ ਦੇ ਜਲੂਸ ਦੇ ਮੋਹਰੀਆਂ 'ਚ ਸੀ। ਇਹਦੀ ਰੀਝ ਸੀ ਕਿ ਪੁਲਿਸ ਇਹਨੂੰ ਫੜ ਕੇ ਜੇਲ੍ਹ ਕਰੇ ਤੇ ਇਹ ਅੰਦਰ ਭੁੱਖ ਹੜਤਾਲ ਕਰੇ। ਸੱਫ਼ਰਾਜੈੱਟ ਲਹਿਰ ਦੀਆਂ ਮੈਂਬਰ ਮੁਜ਼ਾਹਰਾ ਕਰਦੀਆਂ ਔਰਤਾਂ ਨੂੰ ਪੁਲਿਸ ਨੇ ਕੁੱਟ ਮਾਰ ਕੀਤੀ ਸੀ। ਇਹਦੀ ਸਹੇਲੀ ਨੂੰ ਪੁਲਿਸ ਨੇ, ਸਣੇ ਕਈ ਹੋਰ ਔਰਤਾਂ ਦੇ, ਬਹੁਤ ਮਾਰਿਆ-ਕੁੱਟਿਆ; ਇਹ ਆਪ ਪੁਲਸੀਏ ਮੂਹਰੇ ਜਾ ਖੜੀ ਹੋਈ। ਪੁਲਸੀਏ ਨੇ ਇਹਨੂੰ ਪਛਾਣ ਲਿਆ ਤੇ ਓਥੋਂ ਭੱਜ ਗਿਆ; ਪਰ ਇਹਨੇ ਉਸਦਾ ਨੰਬਰ (ਵੀ 700) ਨੋਟ ਕਰ ਲਿਆ। ਇਹਨੇ ਚਰਚਿਲ (ਉਦੋਂ ਗ੍ਰਹਿ ਮੰਤਰੀ) ਤੇ ਹੋਰਾਂ ਨੂੰ ਪੁਲਿਸ ਵਧੀਕੀਆਂ ਬਾਰੇ ਲਗਾਤਾਰ ਸਖ਼ਤ ਚਿੱਠੀਆਂ ਲਿਖ ਕੇ ਉਹਦਾ ਜੀਣਾ ਹਰਾਮ ਕਰੀ ਰੱਖਿਆ। ਇਸਦੇ ਦਬਾਅ ਕਾਰਨ ਅਖ਼ੀਰ ਚਰਚਿਲ ਨੂੰ ਔਰਤਾਂ ਖ਼ਿਲਾਫ਼ ਤਫ਼ਤੀਸ਼ ਬੰਦ ਕਰਨ ਲਈ ਮਜਬੂਰ ਹੋਣਾ ਸੀ।

ਲੋਕ ਹਿਤਾਂ ਨੂੰ ਪ੍ਰਣਾਈ ਸੋਫ਼ੀਆਂ ਸਾਰੀ ਉਮਰ ਕੁਆਰੀ ਰਹੀ। ਜੁਗਪਲਟਾਊ ਕੰਮ ਕਰਨ ਵਾ.ਲੀ ਸੋਫ਼ੀਆ 25 ਅਗਸਤ 1947 ਨੂੰ ਪੂਰੀ ਹੋ ਗਈ। ਆਪਣੀ ਵਸੀਅਤ 'ਚ ਹਿੰਦੂ, ਸਿੱਖ ਤੇ ਮੁਸਲਿਮ ਕੁੜੀਆਂ ਦੇ ਸਕੂਲਾਂ ਲਈ ਪੈਸੇ ਛੱਡ ਕੇ ਗਈ।

ਸੱਚੋ-ਸੱਚ

ਵਿਜੈ ਗਰਗ, ਮਲੋਟ
ਸੇਵਾਮੁਕਤ ਪ੍ਰਿੰਸੀਪਲ



# ਗਣਿਤ ਵਿੱਚ ਨੋਬਲ ਪੁਰਸਕਾਰ ਨਹੀਂ

## ਅਲਫ੍ਰੇਡ ਨੋਬਲ ਨੇ ਗਣਿਤ ਖੇਤਰ ਨੂੰ ਸਨਮਾਨ ਤੋਂ ਕਿਉਂ ਬਾਹਰ ਰੱਖਿਆ?

ਨੋਬਲ ਪੁਰਸਕਾਰ ਦੁਨੀਆ ਭਰ ਦੇ ਸਭ ਤੋਂ ਵੱਕਾਰੀ ਪੁਰਸਕਾਰਾਂ ਵਿੱਚੋਂ ਇੱਕ ਹੈ, ਜਿਸਦੀ ਸਥਾਪਨਾ ਸਵੀਡਿਸ਼ ਖੋਜੀ, ਇੰਜੀਨੀਅਰ ਅਤੇ ਉਦਯੋਗਪਤੀ, ਡਾਇਨਾਮਾਈਟ ਦੀ ਕਾਢ ਕੱਢਣ ਲਈ ਮਸ਼ਹੂਰ ਅਲਫ੍ਰੇਡ ਨੋਬਲ ਦੁਆਰਾ ਕੀਤੀ ਗਈ ਸੀ। ਆਪਣੀ ਵਸੀਅਤ ਵਿੱਚ ਨੋਬਲ ਨੇ ਆਪਣੀ ਜਾਇਦਾਦ ਅਜਿਹੇ ਇਨਾਮ ਬਣਾਉਣ ਲਈ ਸਮਰਪਿਤ ਕੀਤੀ, ਜੋ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਦਵਾਈ, ਸਾਹਿਤ ਅਤੇ ਸ਼ਾਂਤੀ ਵਰਗੇ ਖੇਤਰਾਂ ਵਿੱਚ ਮਨੁੱਖਤਾ ਲਈ ਸ਼ਾਨਦਾਰ ਯੋਗਦਾਨ ਪਾਉਣ ਵਾਲਿਆਂ







ਨੂੰ ਇਨਾਮ ਦਿੰਦੇ ਹਨ।

ਇਹ ਇਨਾਮ ਹਰ ਸਾਲ ਉਨ੍ਹਾਂ ਖੋਜਾਂ ਅਤੇ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਲਈ ਦਿੱਤੇ ਜਾਂਦੇ ਹਨ, ਜਿਨ੍ਹਾਂ ਦਾ ਦੁਨੀਆ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਨੋਬਲ ਦੇ ਇਨਾਮ ਸਮਾਜ ਲਈ ਦੂਰਦਰਸ਼ੀ ਲਾਭਾਂ ਵਾਲੇ ਕੰਮ ਨੂੰ ਮਾਨਤਾ ਦੇਣ ਅਤੇ ਨਵੀਨਤਾ ਤੇ ਤਰੱਕੀ ਨੂੰ ਉਤਸ਼ਾਹਿਤ ਕਰਨ ਦੇ ਦ੍ਰਿਸ਼ਟੀਕੋਣ ਨੂੰ ਧਿਆਨ ਵਿੱਚ ਰੱਖਦੇ ਹੋਏ ਦਿੱਤੇ ਜਾਂਦੇ ਹਨ।




ਦਿਲਚਸਪ ਗੱਲ ਇਹ ਹੈ ਕਿ ਗਣਿਤ ਲਈ ਕੋਈ ਨੋਬਲ ਪੁਰਸਕਾਰ ਨਹੀਂ ਹੈ। ਨੋਬਲ ਦੁਆਰਾ ਸਨਮਾਨਿਤ ਕੀਤੇ ਗਏ ਵਿਭਿੰਨ ਵਿਸ਼ਿਆਂ ਦੇ ਬਾਵਜੂਦ ਉਸਨੇ ਕਦੇ ਵੀ ਇਨਾਮਾਂ ਵਿੱਚ ਗਣਿਤ ਨੂੰ ਸ਼ਾਮਲ ਨਹੀਂ ਕੀਤਾ। ਇਸ ਭੁੱਲ ਨੇ ਸਾਲਾਂ ਦੌਰਾਨ ਬਹੁਤ ਉਤਸੁਕਤਾ ਅਤੇ ਅਟਕਲਾਂ ਪੈਦਾ ਕੀਤੀਆਂ ਹਨ, ਖਾਸ ਕਰਕੇ ਵਿਗਿਆਨ ਅਤੇ ਤਕਨਾਲੋਜੀ ਵਿੱਚ ਗਣਿਤ ਦੀ ਮਹੱਤਵਪੂਰਨ ਭੂਮਿਕਾ ਨੂੰ ਧਿਆਨ ਵਿੱਚ ਰੱਖਦੇ ਹੋਏ।

**ਅਜਿਹਾ ਕਿਉਂ ਹੈ?**

ਇਹ ਸਮਝਣ ਲਈ ਕਿ ਖਾਸ ਤੌਰ 'ਤੇ ਗਣਿਤ ਲਈ ਕੋਈ ਨੋਬਲ ਪੁਰਸਕਾਰ ਕਿਉਂ ਨਹੀਂ ਹੈ, ਇਤਿਹਾਸ, ਇਨਾਮ ਦੇ ਅਸਲ ਉਦੇਸ਼ਾਂ ਅਤੇ ਗਣਿਤਿਕ ਪ੍ਰਤਿਭਾ ਨੂੰ ਮਾਨਤਾ ਦੇਣ ਵਾਲੇ ਵਿਕਲਪਕ ਪੁਰਸਕਾਰਾਂ ਦੇ ਵਿਕਾਸ 'ਤੇ ਇੱਕ ਨਜ਼ਰ ਮਾਰਨ ਦੀ ਲੋੜ ਹੈ।

ਅਲਫ੍ਰੇਡ ਨੋਬਲ ਦਾ ਗਣਿਤ ਨੂੰ ਆਪਣੀਆਂ ਇਨਾਮ ਸ਼੍ਰੇਣੀਆਂ ਵਿੱਚ ਸ਼ਾਮਲ ਨਾ ਕਰਨ ਦਾ ਫੈਸਲਾ ਜਾਣ-ਬੁੱਝ ਕੇ ਕੀਤਾ ਗਿਆ ਸੀ, ਹਾਲਾਂਕਿ ਸਹੀ ਕਾਰਨ ਇਤਿਹਾਸਕ ਸੰਦਰਭ ਅਤੇ ਅਟਕਲਾਂ ਦਾ ਮਿਸ਼ਰਣ ਹਨ। ਸਭ ਤੋਂ ਮਜਬੂਤ ਵਿਆਖਿਆਵਾਂ ਵਿੱਚੋਂ ਇੱਕ ਇਹ ਹੈ ਕਿ ਨੋਬਲ ਉਨ੍ਹਾਂ ਵਿਸ਼ਿਆਂ ਨੂੰ ਇਨਾਮ ਦੇਣਾ ਚਾਹੁੰਦਾ ਸੀ, ਜਿਨ੍ਹਾਂ ਦੇ ਮਨੁੱਖਤਾ ਲਈ ਤੁਰੰਤ ਅਤੇ ਵਿਹਾਰਕ ਲਾਭ ਸਨ, ਜਿਵੇਂ ਕਿ ਦਵਾਈ ਅਤੇ ਭੌਤਿਕ ਵਿਗਿਆਨ, ਜਦੋਂ ਕਿ ਵਾਟਰਲੂ ਯੂਨੀਵਰਸਿਟੀ ਅਨੁਸਾਰ ਉਸ ਸਮੇਂ ਗਣਿਤ ਨੂੰ ਵਧੇਰੇ ਅਮੂਰਤ ਅਤੇ ਸਿਧਾਂਤਕ ਤੌਰ 'ਤੇ ਦੇਖਿਆ ਜਾਂਦਾ ਸੀ।

ਪ੍ਰਸਿੱਧ ਮਿੱਥਾਂ ਨਿੱਜੀ ਕਾਰਨਾਂ ਦਾ ਸੁਝਾਅ ਦਿੰਦੀਆਂ ਹਨ, ਜਿਵੇਂ ਕਿ ਨੋਬਲ ਅਤੇ ਇਸ ਨਾਲ ਜੁੜੀ ਦੁਸ਼ਮਣੀ ਜਾਂ ਈਰਖਾ, ਪਰ ਇਤਿਹਾਸਕ ਖੋਜ ਅਨੁਸਾਰ ਇਨ੍ਹਾਂ ਕਹਾਣੀਆਂ ਦਾ ਸਮਰਥਨ ਕਰਨ ਵਾਲਾ ਕੋਈ ਠੋਸ ਸਬੂਤ ਨਹੀਂ ਹੈ। ਨੋਬਲ ਨੇ ਕਦੇ ਵਿਆਹ ਨਹੀਂ ਕੀਤਾ, ਹਾਲਾਂਕਿ ਉਸਦੀ ਇੱਕ ਪ੍ਰੇਮਿਕਾ ਸੀ ਅਤੇ ਨੋਬਲ ਦੇ ਜੀਵਨ ਤੇ ਇੱਛਾ ਨੂੰ ਦਸਤਾਵੇਜ਼ੀ ਰੂਪ ਦੇਣ ਵਾਲੇ ਵਿਦਵਾਨਾਂ ਅਨੁਸਾਰ ਇੱਕ ਪ੍ਰੇਮ ਤਿਕੋਣ ਜਾਂ ਪੇਸ਼ੇਵਰ ਈਰਖਾ ਬਾਰੇ ਕਹਾਣੀਆਂ ਨੂੰ ਰੱਦ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਕੁਝ ਇਤਿਹਾਸਕਾਰ ਇਹ ਸੁਝਾਅ ਦਿੰਦੇ ਹਨ ਕਿ, ਕਿਉਂਕਿ ਵੱਕਾਰੀ ਗਣਿਤ ਪੁਰਸਕਾਰ ਪਹਿਲਾਂ ਹੀ ਮੌਜੂਦ ਸਨ, ਜਿਵੇਂ ਕਿ ਸਵੀਡਿਸ਼ ਗਣਿਤ ਸ਼ਾਸਤਰੀ ਗੋਸਟਾ ਮਿਟਾਗ-ਲੇਫਲਰ ਦੁਆਰਾ ਸਥਾਪਿਤ ਕੀਤੇ ਗਏ, ਨੋਬਲ ਨੇ ਉਸ ਖੇਤਰ ਵਿੱਚ ਇੱਕ ਹੋਰ ਮੁਕਾਬਲਾ ਇਨਾਮ ਬਣਾਉਣਾ ਬੇਲੋੜਾ ਸਮਝਿਆ ਹੋਵੇਗਾ। ਗਣਿਤ ਵਿਗਿਆਨੀਆਂ ਨੂੰ ਨੋਬਲ ਪੁਰਸਕਾਰ ਲਈ ਮਾਨਤਾ ਦਿੱਤੀ ਗਈ ਹੈ। ਸਮਰਪਿਤ ਨੋਬਲ ਪੁਰਸਕਾਰ ਦੀ ਅਣਹੋਂਦ ਦੇ ਬਾਵਜੂਦ ਗਣਿਤ ਵਿਗਿਆਨੀਆਂ ਨੂੰ ਨੋਬਲ-ਸਬੰਧਤ ਸ਼੍ਰੇਣੀਆਂ ਦੇ ਤਹਿਤ ਮਾਨਤਾ ਦਿੱਤੀ ਗਈ ਹੈ। ਉਦਾਹਰਣ ਵਜੋਂ ਜੌਨ ਨੈਸ਼, ਜਿਸਨੂੰ ਗੇਮ ਥਿਊਰੀ ਵਿੱਚ ਆਪਣੇ ਕੰਮ ਲਈ ਆਰਥਿਕ ਵਿਗਿਆਨ ਵਿੱਚ ਨੋਬਲ ਮੈਮੋਰੀਅਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ, ਇਹ ਦਰਸਾਉਂਦਾ ਹੈ ਕਿ ਗਣਿਤਿਕ ਸੂਝਾਂ ਦੀ ਕਦਰ ਉਦੋਂ ਹੁੰਦੀ ਹੈ, ਜਦੋਂ ਉਨ੍ਹਾਂ ਕੋਲ ਵਿਹਾਰਕ, ਅਸਲ-ਸੰਸਾਰ ਦੇ ਉਪਯੋਗ ਹੁੰਦੇ ਹਨ।

ਗਣਿਤ ਭਾਈਚਾਰੇ ਦੇ ਆਪਣੇ ਪੁਰਸਕਾਰ ਹਨ। ਇਸ ਪਾੜੇ ਦੇ ਜਵਾਬ ਵਿੱਚ ਗਣਿਤ ਭਾਈਚਾਰੇ ਨੇ ਆਪਣੇ ਵਿਸ਼ੇਸ਼ ਸਨਮਾਨ ਵਿਕਸਤ ਕੀਤੇ। ਸਭ ਤੋਂ ਮਸ਼ਹੂਰ ਫੀਲਡਜ਼ ਮੈਡਲ ਹੈ, ਜੋ 1936 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਅਕਸਰ ਇਸਨੂੰ 'ਗਣਿਤ ਦਾ ਨੋਬਲ ਪੁਰਸਕਾਰ' ਕਿਹਾ ਜਾਂਦਾ ਹੈ। ਅੰਤਰਰਾਸ਼ਟਰੀ ਗਣਿਤ ਯੂਨੀਅਨ ਅਤੇ ਵਿਕੀਪੀਡੀਆ ਅਨੁਸਾਰ ਇਹ ਹਰ ਚਾਰ ਸਾਲਾਂ ਬਾਅਦ 40 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਗਣਿਤ ਵਿਗਿਆਨੀਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਸਦਾ ਉਦੇਸ਼ ਪ੍ਰਾਪਤੀ ਅਤੇ ਭਵਿੱਖ ਦੇ ਵਾਅਦੇ- ਦੋਵਾਂ ਨੂੰ ਮਾਨਤਾ ਦੇਣਾ ਹੈ। ਨੋਬਲ ਪੁਰਸਕਾਰ ਦੇ ਉਲਟ, ਇਸਦੀ ਇੱਕ ਉਮਰ ਸੀਮਾ ਹੈ ਅਤੇ ਹਰ ਚੱਕਰ ਵਿੱਚ ਕਈ ਪ੍ਰਾਪਤਕਰਤਾਵਾਂ ਨੂੰ ਪੁਰਸਕਾਰ ਦਿੱਤਾ ਜਾਂਦਾ ਹੈ।

ਏਬਲ ਪੁਰਸਕਾਰ ਗਣਿਤ ਦੇ ਖੇਤਰ ਵਿੱਚ ਵੀ ਇੱਕ ਸਤਿਕਾਰਯੋਗ ਸਨਮਾਨ ਹੈ। 2002 ਵਿੱਚ ਨਾਰਵੇਈ ਅਕੈਡਮੀ ਆਫ਼ ਸਾਇੰਸ ਐਂਡ ਲੈਟਰਜ਼ ਦੁਆਰਾ ਸਥਾਪਿਤ ਕੀਤਾ ਗਿਆ ਏਬਲ ਪੁਰਸਕਾਰ ਇੱਕ ਸਾਲਾਨਾ ਅੰਤਰਰਾਸ਼ਟਰੀ ਇਨਾਮ ਵਜੋਂ ਤਿਆਰ ਕੀਤਾ ਗਿਆ ਸੀ, ਜੋ ਸਿੱਧੇ ਤੌਰ 'ਤੇ ਨੋਬਲ ਦੇ ਮੁਕਾਬਲੇ ਜ਼ਿਆਦਾ ਹੈ। ਇਹ ਉਮਰ ਸੀਮਾਵਾਂ ਤੋਂ ਬਿਨਾਂ ਜੀਵਨ ਭਰ ਦੀਆਂ ਪ੍ਰਾਪਤੀਆਂ ਦਾ ਸਨਮਾਨ ਕਰਦਾ ਹੈ ਅਤੇ ਇਸਦਾ ਨੋਬਲ ਪੁਰਸਕਾਰ ਦੇ ਸਮਾਨ ਵਿੱਤੀ ਇਨਾਮ ਹੈ।

## 95 ਸਾਲਾਂ 'ਚ ਕਿਸੇ ਵੀ ਭਾਰਤੀ ਵਿਗਿਆਨੀ ਨੂੰ ਨਹੀਂ ਮਿਲਿਆ ਨੋਬਲ ਪੁਰਸਕਾਰ

ਭਾਰਤ ਵਿੱਚ ਕੰਮ ਕਰਨ ਵਾਲੇ ਕਿਸੇ ਵੀ ਵਿਗਿਆਨੀ ਨੂੰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਜਾਂ ਦਵਾਈ ਵਿੱਚ ਨੋਬਲ ਪੁਰਸਕਾਰ ਪ੍ਰਾਪਤ ਕੀਤੇ 95 ਸਾਲ ਹੋ ਗਏ ਹਨ। 1930 ਵਿੱਚ, ਸੀ.ਵੀ. ਰਮਨ ਨੂੰ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਮਿਲਿਆ ਸੀ, ਜੋ ਕਿ ਅੱਜ ਤੱਕ ਕਿਸੇ ਭਾਰਤੀ ਵਿਗਿਆਨੀ ਨੂੰ ਦਿੱਤਾ ਗਿਆ ਇੱਕੋ ਇੱਕ ਸਨਮਾਨ ਹੈ। ਇਸ ਤੋਂ ਬਾਅਦ ਹਰਗੋਬਿੰਦ ਖੁਰਾਨਾ (1968, ਦਵਾਈ), ਸੁਮਣਯਮ ਚੰਦਰਸ਼ੇਖਰ (1983, ਭੌਤਿਕ ਵਿਗਿਆਨ) ਅਤੇ ਵੈਂਕਟਰਮਨ ਰਾਮਾਕ੍ਰਿਸ਼ਨਨ (2009, ਰਸਾਇਣ ਵਿਗਿਆਨ) ਨੇ ਇਹ ਪੁਰਸਕਾਰ ਜਿੱਤਿਆ ਹੈ, ਪਰ ਉਹ ਸਾਰੇ ਆਪਣੇ ਕੰਮ ਦੇ ਸਮੇਂ ਭਾਰਤ ਤੋਂ ਬਾਹਰ ਰਹਿੰਦੇ ਸਨ ਤੇ ਭਾਰਤੀ ਨਾਗਰਿਕ ਨਹੀਂ ਸਨ। ਮੀਡੀਆ ਰਿਪੋਰਟਾਂ ਅਨੁਸਾਰ ਭਾਰਤ ਵਿੱਚ ਵਿਗਿਆਨਕ ਅਤੇ ਖੋਜ ਸਮਰੱਥਾਵਾਂ ਦੇ ਵਿਕਾਸ ਵਿੱਚ ਕਈ ਰੁਕਾਵਟਾਂ ਹਨ। ਬੁਨਿਆਦੀ ਖੋਜ 'ਤੇ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ, ਸਰਕਾਰੀ ਫੰਡਿੰਗ ਘੱਟ ਹੁੰਦੀ ਹੈ ਅਤੇ ਨੌਕਰਸ਼ਾਹੀ ਕੰਮ ਨੂੰ ਹੌਲੀ ਕਰ ਦਿੰਦੀ ਹੈ। ਨਿੱਜੀ ਖੇਤਰ ਵਿੱਚ ਖੋਜ ਲਈ ਪ੍ਰੋਤਸਾਹਨ ਅਤੇ ਮੌਕੇ ਸੀਮਤ ਹਨ। ਯੂਨੀਵਰਸਿਟੀਆਂ 'ਚ ਖੋਜ ਸਮਰੱਥਾ ਕਮਜ਼ੋਰ ਹੈ ਅਤੇ ਆਬਾਦੀ ਦੇ ਮੁਕਾਬਲੇ ਖੋਜਕਰਤਾਵਾਂ ਦੀ ਗਿਣਤੀ ਵਿਸ਼ਵ ਔਸਤ ਨਾਲੋਂ ਪੰਜ ਗੁਣਾ ਘੱਟ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚ ਨੋਬਲ ਪੁਰਸਕਾਰ ਲਈ ਯੋਗ ਵਿਗਿਆਨੀਆਂ ਦਾ ਪੂਲ ਬਹੁਤ ਘੱਟ ਹੈ।

ਭਾਰਤ ਦੇ ਬਹੁਤ ਸਾਰੇ ਵਿਗਿਆਨੀਆਂ ਨੂੰ ਨੋਬਲ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ, ਪਰ ਕਦੇ ਵੀ ਇਹ ਪ੍ਰਾਪਤ ਨਹੀਂ ਹੋਇਆ। ਮੇਘਨਾਦ ਸਾਹਾ, ਹੋਮੀ ਭਾਭਾ, ਤੇ ਸਤੇਂਦਰਨਾਥ ਬੋਸ ਨੂੰ ਭੌਤਿਕ ਵਿਗਿਆਨ ਵਿੱਚ; ਜੀ.ਐਨ. ਰਾਮਚੰਦਰਨ ਤੇ ਟੀ. ਸ਼ੇਸ਼ਾਦਰੀ ਨੂੰ ਰਸਾਇਣ ਵਿਗਿਆਨ ਵਿੱਚ ਅਤੇ ਉਪੇਂਦਰਨਾਥ ਬ੍ਰਹਮਚਾਰੀ ਨੂੰ ਦਵਾਈ ਵਿੱਚ ਨਾਮਜ਼ਦ ਕੀਤਾ ਗਿਆ ਸੀ। ਜਗਦੀਸ਼ ਚੰਦਰ ਬੋਸ ਅਤੇ ਕੇ.ਐਸ. ਕ੍ਰਿਸ਼ਨਨ ਵਰਗੇ ਵਿਗਿਆਨੀਆਂ ਨੂੰ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਦੇ ਬਾਵਜੂਦ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਈ.ਸੀ.ਜੀ. ਸੁਦਰਸ਼ਨ ਨੂੰ 1979 ਅਤੇ 2005 ਵਿੱਚ ਦੋ ਵਾਰ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਤੋਂ ਇਨਕਾਰ ਕੀਤਾ ਗਿਆ ਸੀ। ਸੀ.ਐਨ.ਆਰ. ਰਾਓ ਦੇ ਠੋਸ-ਅਵਸਥਾ ਰਸਾਇਣ ਵਿਗਿਆਨ ਵਿੱਚ ਯੋਗਦਾਨ ਨੂੰ ਵੀ ਨੋਬਲ-ਯੋਗ ਮੰਨਿਆ ਗਿਆ ਸੀ, ਪਰ ਉਨ੍ਹਾਂ ਨੂੰ ਅਜੇ ਤੱਕ ਇਹ ਸਨਮਾਨ ਨਹੀਂ ਮਿਲਿਆ ਹੈ।

ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਨੇ ਵਿਗਿਆਨਕ ਪੁਰਸਕਾਰਾਂ 'ਤੇ ਦਬਦਬਾ ਬਣਾਇਆ ਹੈ। ਉੱਤਰੀ ਅਮਰੀਕਾ ਅਤੇ ਯੂਰਪ ਤੋਂ ਇਲਾਵਾ ਸਿਰਫ਼ ਨੌਂ ਦੇਸ਼ਾਂ ਦੇ ਖੋਜਕਰਤਾਵਾਂ ਨੇ ਵਿਗਿਆਨ ਵਿੱਚ ਨੋਬਲ ਪੁਰਸਕਾਰ ਜਿੱਤੇ ਹਨ। 21 ਦੇ ਨਾਲ, ਜਪਾਨ ਕੋਲ ਏਸ਼ੀਆ ਵਿੱਚ ਸਭ ਤੋਂ ਵੱਧ ਪੁਰਸਕਾਰ ਹਨ। ਅਮਰੀਕਾ ਅਤੇ ਯੂਰਪ ਵਿੱਚ ਮਜਬੂਤ ਖੋਜ ਬੁਨਿਆਦੀ ਢਾਂਚਾ, ਵਿੱਤੀ ਸਹਾਇਤਾ ਅਤੇ ਇੱਕ ਬਿਹਤਰ ਵਾਤਾਵਰਣ ਪ੍ਰਣਾਲੀ ਨੇ ਉੱਥੋਂ ਦੇ ਵਿਗਿਆਨੀਆਂ ਨੂੰ ਨੋਬਲ ਪੁਰਸਕਾਰ ਜਿੱਤਣ ਦਾ ਕਾਰਨ ਬਣਾਇਆ ਹੈ। ਭਾਰਤੀ ਵਿਗਿਆਨੀਆਂ ਨੂੰ ਮਾਨਤਾ ਨਾ ਮਿਲਣ ਦਾ ਇੱਕੋ ਇੱਕ ਕਾਰਨ ਪੁਰਸਕਾਰ ਪ੍ਰਣਾਲੀ ਨਹੀਂ ਹੈ। ਖੋਜ ਫੰਡਿੰਗ, ਬੁਨਿਆਦੀ ਢਾਂਚੇ ਅਤੇ ਸਰਕਾਰੀ ਸਹਾਇਤਾ ਦੀ ਘਾਟ ਨੇ ਵਿਗਿਆਨੀਆਂ ਨੂੰ ਆਪਣੇ ਕੰਮ ਨੂੰ ਪੂਰੀ ਤਰ੍ਹਾਂ ਵਿਕਸਤ ਕਰਨ ਤੋਂ ਰੋਕਿਆ ਹੈ। ਭਵਿੱਖ ਵਿੱਚ ਭਾਰਤੀ ਵਿਗਿਆਨੀਆਂ ਦੁਆਰਾ ਨੋਬਲ ਪੁਰਸਕਾਰ ਜਿੱਤਣਾ ਮੁੱਖ ਤੌਰ 'ਤੇ ਉਨ੍ਹਾਂ ਦੀ ਵਿਅਕਤੀਗਤ ਪ੍ਰਤਿਭਾ ਅਤੇ ਚਤੁਰਾਈ 'ਤੇ ਨਿਰਭਰ ਕਰੇਗਾ, ਨਾ ਕਿ ਪ੍ਰਣਾਲੀਗਤ ਸਹਾਇਤਾ 'ਤੇ।

# ਨੌਂ ਵਾਰ ਨੋਬਲ ਪੁਰਸਕਾਰ ਲਈ ਨਾਮਜ਼ਦ ਹੋਣ ਵਾਲਾ ਭੌਤਿਕ ਵਿਗਿਆਨੀ ਈ.ਸੀ. ਜਾਰਜ ਸੁਦਰਸ਼ਨ

ਭੌਤਿਕ ਵਿਗਿਆਨ ਦੇ ਖੇਤਰ 'ਚ ਮੀਲ ਪੱਥਰ ਦੀ ਤਰ੍ਹਾਂ ਸਥਾਪਿਤ ਵਿਸ਼ਵ ਪ੍ਰਸਿੱਧ ਭਾਰਤੀ ਭੌਤਿਕ ਵਿਗਿਆਨੀ ਪ੍ਰੋਫੈਸਰ ਈ.ਸੀ. ਜਾਰਜ ਸੁਦਰਸ਼ਨ, ਜਿਨ੍ਹਾਂ ਨੂੰ ਐਨਾਕਾਨ ਚਾਂਡੀ ਜਾਰਜ ਸੁਦਰਸ਼ਨ ਵੀ ਕਿਹਾ ਜਾਂਦਾ ਹੈ, ਦਾ ਭੌਤਿਕ ਵਿਗਿਆਨ ਦੇ ਖੇਤਰ 'ਚ ਯੋਗਦਾਨ ਅਤੇ ਸਮਰਪਣ ਬੇਮਿਸਾਲ ਹੈ। ਉਨ੍ਹਾਂ ਬਾਰੇ ਅਕਸਰ ਇਹ ਕਿਹਾ ਜਾਂਦਾ ਹੈ ਕਿ ਉਹ ਭੌਤਿਕ ਵਿਗਿਆਨ ਨਾਲ ਦਿਲੋਂ ਜੁੜੇ ਹੋਏ ਸਨ, ਉਨ੍ਹਾਂ ਦੀਆਂ ਖੋਜਾਂ ਆਪਣੇ-ਆਪ ਵਿੱਚ ਵੱਡੇ ਕੀਰਤੀਮਾਨ ਹਨ। ਉਨ੍ਹਾਂ ਦਾ ਜਨਮ ਕੇਰਲ ਪ੍ਰਾਂਤ ਦੇ ਜ਼ਿਲ੍ਹਾ ਕੋਟਾਯਮ ਦੇ ਪਿੰਡ ਪੱਲੋਮ 'ਚ 16 ਸਤੰਬਰ 1931 ਨੂੰ ਹੋਇਆ ਸੀ। ਉਨ੍ਹਾਂ ਦਾ ਸੰਬੰਧ ਪਿਤਾ ਆਈ.ਪੀ.ਈ. ਚਾਂਡੀ ਅਤੇ ਮਾਤਾ ਅਚੱਮਾ ਦੇ ਸੀਰੀਆਈ ਸੈਂਟ ਥਾਮਸ ਕ੍ਰਿਸਚਨ ਪਰਿਵਾਰ ਨਾਲ ਸੀ, ਪਰ ਬਾਅਦ 'ਚ ਭਾਰਤੀ ਵੇਦਾਂਤ ਦਾ ਅਧਿਐਨ ਕਰਨ ਦੇ ਕਾਰਨ ਉਨ੍ਹਾਂ ਨੇ ਹਿੰਦੂ ਧਰਮ ਅਪਨਾ ਲਿਆ ਸੀ। ਉਨ੍ਹਾਂ ਨੇ ਆਪਣੀ ਸਕੂਲੀ ਸਿੱਖਿਆ ਕੋਟਾਯਮ ਦੇ ਸਕੂਲਾਂ ਅਤੇ ਗ੍ਰੈਜੂਏਸ਼ਨ ਸੀ.ਐਮ. ਕਾਲਜ ਕੋਟਾਯਮ ਤੋਂ ਹਾਸਲ ਕੀਤੀ। 1951 'ਚ ਉਨ੍ਹਾਂ ਨੇ ਮਦਰਾਸ ਦੇ ਕ੍ਰਿਸਚੀਅਨ ਕਾਲਜ ਤੋਂ ਭੌਤਿਕ ਵਿਗਿਆਨ 'ਚ ਆਨਰਜ਼ ਦੀ ਡਿਗਰੀ ਹਾਸਲ ਕੀਤੀ। 1952 'ਚ ਉਨ੍ਹਾਂ ਨੇ ਮਦਰਾਸ ਯੂਨੀਵਰਸਿਟੀ ਤੋਂ ਭੌਤਿਕ ਵਿਗਿਆਨ 'ਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ (ਟੀ.ਆਈ.ਐੱਫ.ਆਰ) 'ਚ ਉਨ੍ਹਾਂ ਨੇ ਹੋਮੀਓ ਭਾਬਾ ਨਾਲ ਕੰਮ ਕੀਤਾ। 1958 ਵਿੱਚ ਉਨ੍ਹਾਂ ਨੇ ਨਿਊ ਯਾਰਕ ਦੀ ਰੌਚੈਸਟਰ ਯੂਨੀਵਰਸਿਟੀ ਤੋਂ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।



ਆਪਣੇ ਖੋਜ ਕਾਰਜਾਂ ਵਿੱਚ ਉਨ੍ਹਾਂ ਨੇ ਆਪਣੇ ਡਾਕਟੋਰਲ ਸਲਾਹਕਾਰ ਰੋਬਰਟ ਮਾਰਸ਼ਕ ਨਾਲ ਮਿਲ ਕੇ ਕਮਜ਼ੋਰ ਪਰਸਪਰ ਕਿਰਿਆਵਾਂ ਦੀ 'ਵੀ-ਏ ਥਿਊਰੀ' ਦੀ ਖੋਜ ਕੀਤੀ ਜੋ ਕਿ ਭੌਤਿਕ ਵਿਗਿਆਨ ਵਿੱਚ ਮੀਲ ਪੱਥਰ ਸਿੱਧ ਹੋਈ। ਉਨ੍ਹਾਂ ਦਾ ਮਹੱਤਵ ਪੂਰਨ ਯੋਗਦਾਨ ਗਲਾਊਬਰ-ਸੁਦਰਸ਼ਨ-ਪੀ-ਪ੍ਰਤੀਨਿਧਤਾ ਸੀ, ਜੋ ਕਿ ਕੁਆਂਟਮ ਔਪਟਿਕ ਵਿੱਚ ਬੁਨਿਆਦੀ ਸੰਕਲਪ ਸੀ। ਗਲਾਊਬਰ-ਸੁਦਰਸ਼ਨ ਪੇਸ਼ਕਾਰੀ ਵਜੋਂ ਜਾਣੀ ਗਈ ਇਸ ਪ੍ਰਸਿੱਧ ਖੋਜ ਲਈ ਜਾਰਜ ਸੁਦਰਸ਼ਨ ਨੂੰ ਅਣਗੌਲਿਆ ਕਰਕੇ 2005 ਦਾ ਨੋਬਲ ਪੁਰਸਕਾਰ ਰੋਏ ਜੇ. ਗਲਾਊਬਰ ਨੂੰ ਦੇ ਦਿੱਤਾ ਗਿਆ, ਜਿਸ ਉੱਤੇ ਵਾਦ-ਵਿਵਾਦ ਵੀ ਖੜ੍ਹਾ ਹੋਇਆ ਸੀ। ਉਨ੍ਹਾਂ ਨੇ ਟੈਕੀਓਨਜ਼ ਦੀ ਹੋਂਦ ਦੀ ਧਾਰਨਾ ਪੇਸ਼ ਕੀਤੀ, ਜੋ ਕਿ ਪ੍ਰਕਾਸ਼ ਦੀ ਗਤੀ ਤੋਂ ਤੇਜ਼ ਚੱਲਣ ਵਾਲੇ ਅਨੁਮਾਨਤ ਕਣ ਹਨ। ਉਨ੍ਹਾਂ ਨੇ ਬੈਦਿਆਨ ਮਿਸ਼ਰਾ ਨਾਲ ਮਿਲ ਕੇ ਕੁਆਂਟਮ ਜੈਨੋ ਪ੍ਰਭਾਵ ਦਾ ਪ੍ਰਸਤਾਵ ਦਿੱਤਾ। ਓਪਨ ਕੁਆਂਟਮ ਸਿਸਟਮਜ਼ ਦੇ ਅਧਿਐਨ ਲਈ ਉਨ੍ਹਾਂ ਨੇ ਡਾਇਨਾਮਿਕ ਮੈਥਮ ਵਰਗਾ ਫਾਰਮੂਲੇਸ਼ਨ ਵਿਕਸਿਤ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਕੁਆਂਟਮ ਫੀਲਡ ਥਿਊਰੀ, ਸਪਿਨ ਸਟੇਟਕਟਿਕਸ ਉੱਤੇ ਵੀ ਕੰਮ ਕੀਤਾ। ਉਨ੍ਹਾਂ ਨੇ ਟਾਟਾ ਇੰਸਟੀਚਿਊਟ ਰੌਚੈਸਟਰ ਯੂਨੀਵਰਸਿਟੀ, ਹਾਰਵਰਡ ਯੂਨੀਵਰਸਿਟੀ, ਟੈਕਸਸ ਯੂਨੀਵਰਸਿਟੀ ਵਰਗੀਆਂ ਵੱਕਾਰੀ ਸੰਸਥਾਵਾਂ ਵਿੱਚ ਪੜ੍ਹਾਇਆ।

ਭੌਤਿਕ ਵਿਗਿਆਨ ਦੇ ਖੇਤਰ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਲਈ ਨੌਂ ਵਾਰ ਉਨ੍ਹਾਂ ਦਾ ਨਾਮ ਨੋਬਲ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ 1976 ਵਿੱਚ ਪਦਮ ਭੂਸ਼ਨ, 1977 ਵਿੱਚ ਬੋਸ ਮੈਡਲ, 2006 ਵਿੱਚ ਮੋਜੋਰਾਨ ਮੈਡਲ, 2007 ਵਿੱਚ ਪਦਮ ਵਿਭੂਸ਼ਣ ਅਤੇ 2010 ਵਿੱਚ ਡੀਰਾਕ ਮੈਡਲ ਨਾਲ ਸਨਮਨਿਆ ਕੀਤਾ ਗਿਆ। ਉਹ ਚੇਨੱਈ ਦੇ ਇੰਸਟੀਚਿਊਟ ਆਫ ਮੈਥੀਮੈਟਿਕਲ ਸਾਇੰਸਜ਼ ਦੇ ਡਾਇਰੈਕਟਰ ਵੀ ਰਹੇ। ਉਨ੍ਹਾਂ ਦਾ ਵਿਆਹ ਲਲਿਤਾ ਰਾਓ ਨਾਲ ਹੋਇਆ। ਉਨ੍ਹਾਂ ਦੇ ਤਿੰਨ ਬੱਚੇ ਸਨ। 14 ਮਈ 2018 ਨੂੰ 86 ਸਾਲ ਦੀ ਉਮਰ ਵਿੱਚ ਅਮਰੀਕਾ ਵਿੱਚ ਉਨ੍ਹਾਂ ਦੀ ਮੌਤ ਹੋ ਗਈ।

# ਸਤਨਾਮ ਸਿੰਘ ਮਾਗੋ ਇਲੀਨਾਏ ਸਟੇਟ ਸੈਨੇਟ ਡਿਸਟ੍ਰਿਕਟ 33 ਲਈ ਚੋਣ ਲੜਨਗੇ



ਸ. ਸਤਨਾਮ ਸਿੰਘ ਮਾਗੋ

ਸ਼ਿਕਾਗੋ: ਸਤਨਾਮ ਸਿੰਘ ਮਾਗੋ ਇਲੀਨਾਏ ਸਟੇਟ ਸੈਨੇਟ ਡਿਸਟ੍ਰਿਕਟ 33 ਲਈ ਡੈਮੋਕ੍ਰੇਟ ਵਜੋਂ ਚੋਣ ਲੜ ਰਹੇ ਹਨ। ਇਹ ਚੋਣ ਜ਼ਿਲ੍ਹਾ ਸ਼ਿਕਾਗੋ ਐਲਬਰਨ ਦੇ ਦੂਰ ਪੱਛਮੀ ਅਤੇ ਨਾਰਦਰਨ ਸਬਅਰਬਾਂ ਤੋਂ ਕ੍ਰਿਸਟਲ ਲੇਕ ਤੱਕ ਸਥਿਤ ਹੈ। ਜ਼ਿਲ੍ਹਾ 33 ਵਿੱਚ ਐਲਗੌਂਨਕੁਇਨ, ਬਟਾਵੀਆ, ਕਾਰਪੇਂਟਰਸਵਿਲ, ਕ੍ਰਿਸਟਲ ਲੇਕ, ਈਸਟ ਡੰਡੀ, ਐਲਬਰਨ, ਐਲਜਿਨ, ਜਿਨੇਵਾ, ਗਿਲਬਰਟਸ, ਹੈਂਪਸ਼ਾਇਰ, ਹੰਟਲੀ, ਲੇਕ ਇਨ ਦ ਹਿਲਜ਼, ਲੇਕਵੁੱਡ, ਪਿੰਗਰੀ ਗਰੋਵ, ਸੇਂਟ ਚਾਰਲਸ, ਸਲੀਪੀ ਹੋਲੋ, ਸਾਊਥ ਐਲਜਿਨ, ਵੇਨ ਅਤੇ ਵੈਸਟ ਡੰਡੀ ਦਾ ਸਾਰਾ ਜਾਂ ਕੁਝ ਹਿੱਸਾ ਸ਼ਾਮਲ ਹੈ।

ਸਤਨਾਮ ਸਿੰਘ ਮਾਗੋ ਨੇ ਕਿਹਾ ਕਿ ਉਹ ਕੋਈ ਕਾਰਪੋਰੇਟ ਪੋਲੀਟੀਕਲ ਐਕਸ਼ਨ ਕਮੇਟੀ (ਪੀ.ਏ.ਸੀ.) ਤੋਂ ਪੈਸੇ ਨਹੀਂ ਲੈ ਰਹੇ, ਕਿਉਂਕਿ ਇਹ ਸਭ ਰਿਸ਼ਵਤ ਬਣ ਕੇ ਸਾਡੇ ਜਨਤਕ ਅਧਿਕਾਰੀਆਂ ਨੂੰ ਪ੍ਰਭਾਵਿਤ ਕਰਦਾ ਹੈ। ਸਾਨੂੰ ਆਪਣੇ ਭਾਈਚਾਰਿਆਂ ਨੂੰ ਆਈ.ਸੀ.ਈ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਤੋਂ ਸੁਰੱਖਿਅਤ ਰੱਖਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਕਮਿਊਨਿਟੀ ਕਾਲਜ (ਵਰਤਮਾਨ ਵਿੱਚ 2 ਸਾਲ ਦੇ ਐਸੋਸੀਏਟ ਡਿਗਰੀ ਕਾਲਜ) ਵਧੇਰੇ ਕਿੱਤਾਮੁਖੀ ਸਿਖਲਾਈ ਦੇ ਨਾਲ-ਨਾਲ ਚਾਰ ਸਾਲ ਦੀਆਂ ਡਿਗਰੀਆਂ ਪ੍ਰਦਾਨ ਕਰਨ ਤਾਂ ਜੋ ਪੂਰੇ ਬੋਰਡ ਵਿੱਚ ਟਿਊਸ਼ਨ ਘੱਟ ਕੀਤੀ ਜਾ ਸਕੇ। ਨਾਲ ਹੀ, ਸਾਡੀ ਰਾਜ ਪੈਨਸ਼ਨ ਯੋਜਨਾ ਨੂੰ ਇਜ਼ਰਾਈਲੀ ਬਾਂਡਾਂ ਦੀ ਬਜਾਏ ਇਲੀਨੋਏ ਵਿੱਚ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਅਸੀਂ ਫਲਿਸਤੀਨ ਦੀ ਮੌਤ ਅਤੇ ਤਬਾਹੀ ਦੀ ਬਜਾਏ ਅਮਰੀਕਾ ਵਿੱਚ ਜੀਵਨ ਨੂੰ ਉਤਸ਼ਾਹਿਤ ਕਰ ਸਕੀਏ।

ਸਤਨਾਮ ਸਿੰਘ ਮਾਗੋ ਦਾ ਮੰਨਣਾ ਹੈ ਕਿ ਸਿਹਤ ਸੰਭਾਲ ਇੱਕ ਮਨੁੱਖੀ ਅਧਿਕਾਰ ਹੈ, ਪਰ ਅਰਬਪਤੀਆਂ ਦੇ ਹਿੱਤ ਹਮੇਸ਼ਾ ਜਿੱਤਦੇ ਹਨ ਅਤੇ ਸਾਨੂੰ ਉਹ ਪ੍ਰਾਪਤ ਕਰਨ ਤੋਂ ਰੋਕਦੇ ਹਨ, ਜੋ ਬਾਕੀ ਉਦਯੋਗਿਕ ਦੁਨੀਆ ਆਪਣੇ ਯੂਨੀਵਰਸਲ ਸਿਹਤ ਸੰਭਾਲ ਪ੍ਰਣਾਲੀਆਂ ਨਾਲ ਸਮਝਦੀ ਹੈ। ਸਤਨਾਮ ਸਿੰਘ ਨੂੰ ਪਹਿਲਾਂ ਹੀ ਵੈਸਟ ਸਬਅਰਬਨ ਇਲੀਨਾਏ ਡੀ.ਐਸ.ਏ. ਦਾ ਸਮਰਥਨ ਮਿਲ ਚੁੱਕਾ ਹੈ, ਕਿਉਂਕਿ ਉਹ ਕਫਾਇਤੀਤਾ ਪ੍ਰਤੀ ਉਸਦੀ ਪਹੁੰਚ ਨੂੰ ਦੇਖਦੇ ਹਨ, ਇਹ ਆਖਰੀ ਮੁੱਦਾ ਹੈ ਜੋ ਸਾਡੀ ਅਤਿ ਸੱਜੇ ਸਰਕਾਰ ਦੇ ਵਿਰੁੱਧ ਲੜੇਗਾ। ਇਲੀਨਾਏ ਵਿੱਚ ਪੰਜਾਬੀ ਪਰਵਾਸੀ ਮਾਪਿਆਂ ਦੇ ਘਰ ਜਨਮੇ ਸਤਨਾਮ ਸਿੰਘ ਸੰਯੁਕਤ ਰਾਜ ਦੇ ਇਤਿਹਾਸ ਵਿੱਚ ਸਿੱਖ ਸਟੇਟ ਸੈਨੇਟਰ ਦਾ ਪਹਿਲਾ ਦਸਤਾਰ ਪਹਿਨਣ ਵਾਲਾ ਹੋਵੇਗਾ। ਇਸ ਮੁਹਿੰਮ ਨੂੰ ਭਾਈਚਾਰੇ ਦੇ ਸਹਿਯੋਗ ਦੀ ਲੋੜ ਹੈ ਤਾਂ ਜੋ ਉਹ ਸਾਡੇ ਸਿਸਟਮ ਨੂੰ ਭ੍ਰਿਸ਼ਟ ਕਰਨ ਵਾਲੇ ਮੁਦਰਾ ਹਿੱਤਾਂ ਦੇ ਵਿਰੁੱਧ ਮੁਕਾਬਲਾ ਕਰ ਸਕਣ। ਇਸ ਸਬੰਧੀ ਹੋਰ ਜਾਣਨ ਲਈ ਅਤੇ ਤੁਸੀਂ ਕਿਵੇਂ ਮਦਦ ਕਰ ਸਕਦੇ ਹੋ, ਲਈ ਇਸ ਵੈਬਸਾਈਟ ਉਤੇ ਕਲਿੱਕ ਕਰ ਸਕਦੇ ਹੋ: www.letsgomago.com

# ਬੰਦੀਛੋੜ ਦਿਵਸ ‘ਤੇ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਉੱਠੀ

**ਸਫਾ ਇੱਕ ਦੀ ਬਾਕੀ...**

ਚੇਅਰਮੈਨ ਤਰਲੋਚਨ ਸਿੰਘ ਨੇ ਵੀ ਦਿੱਲੀ ਦੀ ਭਾਜਪਾ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਪੱਤਰ ਲਿਖ ਕੇ ਪ੍ਰੋ. ਭੁੱਲਰ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਦੌਰਾਨ ਭਾਜਪਾ ਆਗੂ ਆਰ.ਪੀ. ਸਿੰਘ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ 2022 ਤੋਂ ਬਾਅਦ ਉਨ੍ਹਾਂ ਨੇ ਦੀਵਾਲੀ ਨਹੀਂ ਮਨਾਈ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਦੀ ਰਿਹਾਈ ਤੱਕ ਉਹ ਦੀਵਾਲੀ ਨਹੀਂ ਮਨਾਉਣਗੇ। ਯਾਦ ਰਹੇ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ 28 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ। ਇਸ ਦੌਰਾਨ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ ਅਤੇ ਅੰਮ੍ਰਿਤਸਰ ਵਿਖੇ ਮਾਨਸਿਕ ਰੋਗਾਂ ਦੇ ਹਸਪਤਾਲ ਵਿੱਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੀ ਦ੍ਰਿਸ਼ਟੀ ਤੋਂ ਕੌਮੀ ਇਨਸਾਫ ਮੋਰਚੇ ਵੱਲੋਂ 21 ਅਕਤੂਬਰ ਨੂੰ ਬੰਦੀਛੋੜ ਦਿਵਸ ਮੌਕੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਲਈ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਤੱਕ ਇੱਕ ਮਾਰਚ ਕੀਤਾ ਗਿਆ, ਜਿਸ ਵਿੱਚ ਕਿਸਾਨ ਆਗੂ ਦਰਸ਼ਨਪਾਲ ਨੇ ਵੀ ਸ਼ਮੂਲੀਅਤ ਕੀਤੀ; ਪਰ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਬੁੜੈਲ ਜੇਲ੍ਹ ਤੋਂ ਕਾਫੀ ਉਰ੍ਹਾਂ ਹੀ ਬੈਰੀਕੇਡ ਲਗਾ ਕੇ ਮਾਰਚ ਨੂੰ ਰੋਕ ਲਿਆ ਗਿਆ। ਕੌਮੀ ਇਨਸਾਫ ਮੋਰਚੇ ਦੇ ਸਰਪ੍ਰਸਤ ਗੁਰਚਰਨ ਸਿੰਘ ਹਵਾਰਾ ਦੀ ਅਗਵਾਈ ਵਿੱਚ ਪ੍ਰਦਰਸ਼ਨਕਾਰੀ ਇੱਥੇ ਹੀ ਧਰਨਾ ਲਗਾ ਕੇ ਬੈਠ ਗਏ ਅਤੇ ਗੁਰਬਾਣੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਬੰਦੀ ਸਿੰਘਾਂ ਦੀ ਰਿਹਾਈ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਨ ਮਗਰੋਂ ਇਹ ਮਾਰਚ ਸਮਾਪਤ ਕਰ ਦਿੱਤਾ ਗਿਆ।

ਇਸ ਮੌਕੇ ਕੌਮੀ ਇਨਸਾਫ ਮੋਰਚੇ ਦੇ ਆਗੂਆਂ ਨੇ ਸੰਘਰਸ਼ ਨੂੰ ਤੇਜ਼ ਕਰਨ ਦਾ ਐਲਾਨ ਕਰਦਿਆਂ ਦੱਸਿਆ ਕਿ ਪਹਿਲੀ ਨਵੰਬਰ ਨੂੰ ਅਰਦਾਸ ਦਿਵਸ ਮਨਾਇਆ ਜਾਵੇਗਾ ਅਤੇ 14 ਨਵੰਬਰ ਨੂੰ ਦਿੱਲੀ ਵੱਲ ਮਾਰਚ ਕੀਤਾ ਜਾਵੇਗਾ। ਇਸ ਸੰਬੰਧੀ ਤਿਆਰੀਆਂ ਅਤੇ ਮੋਰਚੇ ਦੀਆਂ ਸਰਗਰਮੀਆਂ ਨੂੰ ਪਿੰਡ-ਪਿੰਡ ਪਹੁੰਚਾਉਣ ਲਈ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ। ਇਸ ਵਾਰ ਲਹਿੰਦੇ ਪੰਜਾਬ ਵਿੱਚ ਵੀ ਬੰਦੀਛੋੜ ਦਿਵਸ ਮਨਾਏ ਜਾਣ ਦੀਆਂ ਖ਼ਬਰਾਂ ਮਿਲੀਆਂ ਹਨ। ਫੈਸਲਾਬਾਦ (ਲਾਇਲਪੁਰ) ਜ਼ਿਲ੍ਹੇ ਦੇ ਪਿੰਡ ਖਿਆਲਾ ਕਲਾਂ ਜੇਬੀ 57 ਵਿਖੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਦਿੱਤ ਮੱਲ ਜੀ ਵਿਖੇ ਦੀਵਾਲੀ ਅਤੇ ਬੰਦੀਛੋੜ ਦਿਵਸ ਮਨਾਇਆ ਗਿਆ। ਇਸ ਸਮਾਗਮ ਵਿੱਚ ਮੁਸਲਿਮ ਭਾਈਚਾਰੇ ਨੇ ਵੀ ਸ਼ਮੂਲੀਅਤ ਕੀਤੀ।

ਪ੍ਰੋ. ਦਵਿੰਦਰਪਾਲ ਸਿੰਘ ਦਾ ਪਰਿਵਾਰ, ਖਾਸ ਕਰਕੇ ਉਨ੍ਹਾਂ ਦੀ ਪਤਨੀ ਪਿਛਲੇ ਲੰਮੇ ਸਮੇਂ ਤੋਂ ਉਨ੍ਹਾਂ ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਹਨ, ਪਰ ਨਾ ਤੇ ਅਕਾਲੀ ਦਲ ਦੀ ਸਰਕਾਰ ਨੇ ਅਤੇ ਨਾ ਹੀ ਦਿੱਲੀ ਦੀ ‘ਆਪ’ ਤੇ ਭਾਜਪਾ ਸਰਕਾਰ ਨੇ ਉਨ੍ਹਾਂ ਦੀ ਰਿਹਾਈ ਲਈ ਕੋਈ ਚਾਰਾ ਕੀਤਾ। ਇੱਥੇ ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸਾਢੇ ਪੰਜ ਸੌ ਸਾਲਾ ਸ਼ਤਾਬਦੀ ਮੌਕੇ ਕੇਂਦਰੀ ਗ੍ਰਹਿ ਮੰਤਰੀ ਨੇ ਸਿੱਖ ਬੰਦੀਆਂ ਦੀ ਰਿਹਾਈ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ। ਇਸ ਦੇ ਬਾਵਜੂਦ ਬੰਦੀ ਸਿੰਘ ਦੀ ਰਿਹਾਈ ਨਹੀਂ ਹੋ ਸਕੀ। ਸਿੱਖ ਸੰਗਠਨ ਮੰਗ ਕਰ ਰਹੇ ਹਨ ਕਿ ਗੁਰੂ ਨਾਨਕ ਸਾਹਿਬ ਦੀ ਸਾਢੇ ਪੰਜ ਸੌ ਸਾਲਾ ਸ਼ਤਾਬਦੀ ‘ਤੇ ਜਾਰੀ ਕੀਤਾ ਨੋਟੀਫਿਕੇਸ਼ਨ ਲਾਗੂ ਕੀਤਾ ਜਾਵੇ ਅਤੇ ਮਾਨਵੀ ਆਧਾਰ ‘ਤੇ ਸਿੱਖ ਬੰਦੀਆਂ ਨੂੰ ਰਿਹਾਅ ਕੀਤਾ ਜਾਵੇ।

ਦਿੱਲੀ ਵਿੱਚ ਜਦੋਂ ‘ਆਪ’ ਸਰਕਾਰ ਮੌਜੂਦ ਸੀ ਤਾਂ ਉਹ ਵੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ ਵਿੱਚ ਟਾਲ-ਮਟੋਲ ਹੀ ਕਰਦੀ ਰਹੀ। ਇੱਕ ਮਾਨਸਿਕ ਰੋਗੀ ਸਿੱਖ ਨੂੰ ਤੇ ਮਾਨਵਤਾ ਦੇ ਆਧਾਰ ‘ਤੇ ਹੀ ਰਿਹਾਅ ਕੀਤਾ ਜਾ ਸਕਦਾ ਹੈ। ਅਜਿਹਾ ਵਿਅਕਤ, ਜਿਸ ਨੂੰ ਹੁਣ ਆਪਣੇ ਆਪ ਦੀ ਵੀ ਸੁਧ-ਬੁਧ ਨਹੀਂ ਹੈ, ਕਿਸ ਸਰਕਾਰ ਲਈ ਕਿਹੋ ਜਿਹਾ ਖਤਰਾ ਹੋ ਸਕਦਾ ਹੈ? ਇਸ ਤੋਂ ਇਲਾਵਾ ਅਕਾਲੀ ਦਲ ਨਾਲੋਂ ਆਪਣਾ ਨਾਤਾ ਤੋੜਦਿਆਂ ਜਦੋਂ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਆਪਣੀ ਸਿਆਸੀ ਜ਼ਮੀਨ ਤਾਲਾਸ਼ ਰਹੀ ਹੈ ਤਾਂ ਉਸ ਨੂੰ ਆਪਣੀਆਂ ਜਵਾਨੀਆਂ ਜੇਲ੍ਹਾਂ ਵਿੱਚ ਬਿਤਾ ਚੁੱਕੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ।

ਸਿੱਖ ਬੰਦੀਆਂ ਦੇ ਮਾਮਲੇ ਵਿੱਚ ਭਾਰਤ ਸਰਕਾਰ ਦੱਖਣੀ ਅਫਰੀਕਾ ਦੀ ਨਸਲਵਾਦੀ ਗੋਰੀ ਸਰਕਾਰ ਨੂੰ ਵੀ ਮਾਤ ਪਾ ਚੁੱਕੀ ਹੈ। ਕੈਦ ਕੱਟਣ ਦੇ ਮਾਮਲੇ ਵਿੱਚ ਕਦੀ ਮਰਹੂਮ ਨੈਲਸਨ ਮੰਡੇਲਾ ਦੀ ਮਿਸਾਲ ਦਿੱਤੀ ਜਾਂਦੀ ਸੀ, ਪਰ ਭਾਰਤ ਵਿੱਚ ਬੰਦ ਕਈ ਸਿੱਖ ਕੈਦੀ ਉਸ ਤੋਂ ਵੀ ਵਧੇਰੇ ਸਮਾਂ ਜੇਲ੍ਹ ਵਿੱਚ ਬਿਤਾ ਚੁੱਕੇ ਹਨ। ਕਾਲਿਆਂ ਦੇ ਵੋਟ ਅਧਿਕਾਰ ਲਈ ਦੱਖਣੀ ਅਫਰੀਕਾ ਦੀ ਗੋਰੀ ਨਸਲਵਾਦੀ ਸਰਕਾਰ ਖਿਲਾਫ ਸੰਘਰਸ਼ ਕਰਨ ਵਾਲੇ ਮਹਾਨ ਆਗੂ ਨੈਸਲਨ ਮੰਡੇਲਾ ਨੇ 27 ਸਾਲ ਕੈਦ ਕੱਟੀ ਸੀ, ਪਰ ਦਵਿੰਦਰ ਸਿੰਘ ਭੁੱਲਰ ਪਿਛਲੇ 10-15 ਸਾਲਾਂ ਤੋਂ ਮਾਨਸਿਕ ਰੋਗ ਦਾ ਸ਼ਿਕਾਰ ਹੋਣ ਦੇ ਬਾਵਜੂਦ 28 ਸਾਲ ਜੇਲ੍ਹ ’ਚ ਬਿਤਾ ਚੁੱਕੇ ਹਨ।

ਜੇ ਬੰਦੀਛੋੜ ਦਿਵਸ ਦੇ ਅਸਲ ਸੁਨੇਹੇ ਵੱਲ ਜਾਈਏ, ਤਦ ਵੀ ਗੁਰੂ ਹਰਗੋਬਿੰਦ ਸਾਹਿਬ ਦਾ 52 ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਵਾਉਣਾ ਇਹੋ ਸੁਨੇਹਾ ਦਿੰਦਾ ਹੈ। ਗੁਰੂ ਸਾਹਿਬ ਨੇ ਆਪਣੇ ਨਾਲ ਮਾਲੀਆ ਨਾ ਦੇਣ ਦੇ ਇੱਕ ਰਾਜਨੀਤਿਕ ਮਾਮਲੇ ਕਾਰਨ ਗਵਾਲੀਅਰ ਜੇਲ੍ਹ ਵਿੱਚ ਬੰਦ ਹਿੰਦੂ ਰਾਜਿਆਂ ਨੂੰ ਰਿਹਾਅ ਕਰਵਾਇਆ ਸੀ। ਅਜੋਕੇ ਹਿੰਦੋਸਤਾਨ ਦੀਆਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀ ਵੀ ਰਾਜਨੀਤਿਕ ਕਾਰਨਾਂ ਕਰਕੇ 28-30 ਸਾਲਾਂ ਤੋਂ ਜੇਲ੍ਹਾਂ ਵਿੱਚ ਹਨ, ਇਸ ਲਈ ਮੌਜੂਦਾ ਸਰਕਾਰ ਸਿੱਖਾਂ ਦਾ ਇਤਿਹਾਸਕ ਕਰਜ਼ਾ ਮੋੜਨ ਦੇ ਮਕਸਦ ਨਾਲ ਹੀ ਸਿੱਖ ਰਾਜਨੀਤਿਕ ਬੰਦੀਆਂ ਨੂੰ ਰਿਹਾਅ ਕਰ ਸਕਦੀ ਹੈ; ਪਰ ਇਹਦੇ ਲਈ ਕਿਸੇ ਸਟੇਟਸਮੈਨ ਅਤੇ ਜਿਗਰੇ ਵਾਲੇ ਸਿਆਸਤਦਾਨ ਦੀ ਲੋੜ ਹੈ।

# ਕਈ ਪਾਰਟੀਆਂ ਦੇ ਭਵਿੱਖ ਦਾ ਫੈਸਲਾ ਕਰੇਗੀ ਤਰਨਤਾਰਨ ਦੀ ਜ਼ਿਮਨੀ ਚੋਣ

**ਸਫਾ ਇੱਕ ਦੀ ਬਾਕੀ...**

ਦੇ ਦੋਸ਼ਾਂ ਵਿੱਚ ਜੇਲ੍ਹ ਵਿੱਚ ਬੰਦ ਸੰਦੀਪ ਸਿੰਘ ਦੇ ਭਰਾ ਮਨਦੀਪ ਸਿੰਘ ਪੰਥਕ ਧਿਰਾਂ ਵੱਲੋਂ ਚੋਣਾਂ ਲੜ ਰਹੇ ਹਨ। ਦੂਜੇ ਪਾਸੇ ਅਕਾਲੀ ਦਲ (ਬਾਦਲ) ਵੱਲੋਂ ਇੱਕ ਧਰਮੀ ਫੌਜੀ ਪਰਿਵਾਰ ਨਾਲ ਸੰਬੰਧਤ ਔਰਤ ਸੁਖਵਿੰਦਰ ਕੌਰ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਭਾਰਤੀ ਜਨਤਾ ਪਾਰਟੀ ਨੇ ਇਸ ਚੋਣ ਵਿੱਚ ਆਪਣਾ ਵੱਖਰਾ ਉਮੀਦਵਾਰ ਐਲਾਨਿਆ ਹੈ। ਭਾਜਪਾ ਵੱਲੋਂ ਹਰਜੀਤ ਸਿੰਘ ਸੰਧੂ ਚੋਣ ਮੈਦਾਨ ਵਿੱਚ ਹਨ, ਜਦਕਿ ਆਮ ਆਦਮੀ ਪਾਰਟੀ ਨੇ ਅਕਾਲੀ ਦਲ ਵੱਲੋਂ ਦੋ ਵਾਰ ਅਤੇ ਇੱਕ ਵਾਰ ਆਜ਼ਾਦ ਅਸੈਂਬਲੀ ਮੈਂਬਰ ਰਹੇ ਹਰਮੀਤ ਸਿੰਘ ਸੰਧੂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਰਾਜੇਸ਼ ਵਾਲੀਆ ਹਰਮੀਤ ਸਿੰਘ ਸੰਧੂ ਦੇ ਕਵਰਿੰਗ ਉਮੀਦਵਾਰ ਹੋਣਗੇ। ਇੱਥੇ ਜ਼ਿਕਰਯੋਗ ਹੈ ਕਿ ਤਰਨਤਾਰਨ ਦੀ ਵਿਧਾਨ ਸਭਾ ਸੀਟ ਇੱਥੋਂ ਦੇ ਐਮ.ਐਲ.ਏ. ਡਾ. ਕਸ਼ਮੀਰ ਸਿੰਘ ਸੋਹਲ ਦੀ ਮੌਤ ਹੋ ਜਾਣ ਕਾਰਨ ਲੰਘੇ ਜੂਨ ਮਹੀਨੇ ਵਿੱਚ ਖਾਲੀ ਹੋਈ ਸੀ।

ਉਪਰੋਕਤ ਤੋਂ ਇਲਾਵਾ ਡਾ. ਸੋਹਲ ਦੇ ਇੱਕ ਰਿਸ਼ਤੇਦਾਰ ਵੱਲੋਂ ਵੀ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਇਸ ਤੋਂ ਲਗਦਾ ਹੈ ਕਿ ਤਰਨਤਾਰਨ ਦੀ ਇਹ ਜ਼ਿਮਨੀ ਚੋਣ ਸਾਰੀਆਂ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣ ਗਈ ਹੈ। ਇਸ ਨੂੰ 2027 ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾਂ ਲਈ ਇੱਕ ਤਰ੍ਹਾਂ ਨਾਲ ਸੈਮੀਫਾਈਨਲ ਸਮਝਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਬੀਬੀ ਸੁਖਵਿੰਦਰ ਕੌਰ, ਪੰਥਕ ਧਿਰਾਂ ਦੇ ਮਨਦੀਪ ਸਿੰਘ ਅਤੇ ‘ਆਪ’ ਵੱਲੋਂ ਹਰਮੀਤ ਸਿੰਘ ਸੰਧੂ ਦੇ ਚੋਣ ਮੈਦਾਨ ਵਿੱਚ ਹੋਣ ਨਾਲ ਇਹ ਮੁਕਾਬਲਾ ਦਿਲਚਸਪ ਬਣ ਗਿਆ ਹੈ। ਜੇ ਸਰਸਰੀ ਜਿਹਾ ਵੀ ਵਿਸ਼ਲੇਸ਼ਣ ਕਰੀਏ ਤਾਂ ਸਮਝ ਪੈਂਦਾ ਹੈ ਕਿ ਪੰਥਕ ਧਿਰਾਂ ਦੇ ਉਮੀਦਵਾਰ ਮਨਦੀਪ ਸਿੰਘ ਨੂੰ ਤਕਰੀਬਨ ਸਾਰੀਆਂ ਛੋਟੀਆਂ ਵੱਡੀਆਂ ਪੰਥਕ ਧਿਰਾਂ ਦੀ ਹਮਾਇਤ ਪ੍ਰਾਪਤ ਹੈ।

ਤਰਨਤਾਰਨ ਦੇ ਇੱਕ ਪੰਥਕ ਸੀਟ ਹੋਣ ਕਾਰਨ ਜਜ਼ਬਾਤੀ ਹਵਾ ਮਨਦੀਪ ਸਿੰਘ ਦੇ ਹੱਕ ਵਿੱਚ ਰਹਿਣ ਦੇ ਆਸਾਰ ਹਨ। ਭਾਵੇਂ ਕਿ ਅਕਾਲੀ ਦਲ (ਬਾਦਲ) ਵੱਲੋਂ ਵੀ ਆਪਣਾ ਉਮੀਦਵਾਰ ਧਰਮੀ ਫੌਜੀਆਂ ਦੇ ਪਰਿਵਾਰ ਵਿੱਚੋਂ ਉਤਾਰੇ ਜਾਣ ਕਾਰਨ ਕੁਝ ਨਾ ਕੁਝ ਪੰਥਕ ਵੋਟਾਂ ਖਿਚਣ ਦੀ ਹੈਸੀਅਤ ਵਿੱਚ ਹੈ, ਪਰ ਅਕਾਲੀ ਦਲ (ਬਾਦਲ) ਵੱਲੋਂ ਅਕਾਲ ਤਖਤ ਸਾਹਿਬ ਤੋਂ ਜਾਰੀ ਦੋ ਦਸੰਬਰ ਦੇ ਹੁਕਮਨਾਮੇ ਨੂੰ ਇੰਨਬਿੰਨ ਲਾਗੂ ਨਾ ਕੀਤੇ ਜਾਣ ਕਾਰਨ ਇਸ ਪੁਰਾਣੀ ਪੰਥਕ ਪਾਰਟੀ ਦਾ ਹਾਲੇ ਵੀ ਲੋਕਾਂ ਵਿੱਚ ਵਿਸ਼ਵਾਸ ਬਹਾਲ ਨਹੀਂ ਹੋਇਆ। ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਪੰਥਕ ਪਿਛੋਕੜ ਹੋਣ ਕਾਰਨ ਜਿੰਨੀਆਂ ਵੀ ਵੋਟਾਂ ਖਿੱਚੇਗੀ, ਉਸ ਦਾ ਸਿੱਧਾ ਘਾਟਾ ਪੰਥਕ ਉਮੀਦਵਾਰ ਨੂੰ ਪਵੇਗਾ। ਪਰ ਮੁਕੰਮਲ ਪੰਥਕ ਧਿਰਾਂ ਦੇ ਮਨਦੀਪ ਸਿੰਘ ਦੇ ਹੱਕ ਵਿੱਚ ਚਲੇ ਜਾਣ ਕਾਰਨ ਮੁੱਖ ਟੱਕਰ ਮਨਦੀਪ ਸਿੰਘ, ਕਾਂਗਰਸੀ ਉਮੀਦਵਾਰ ਕਰਨ ਬਰਾੜ ਅਤੇ ‘ਆਪ’ ਉਮੀਦਵਾਰ ਹਰਮੀਤ ਸੰਧੂ ਵਿਚਾਲੇ ਵਿਖਾਈ ਦੇ ਰਹੀ ਹੈ।

ਚੋਣ ਮਹਿੰਮ ਜਦੋਂ ਅੱਗੇ ਵਧੇਗੀ ਅਤੇ ਵੋਟਾਂ ਦੀ ਤਰੀਕ ਦੇ ਨੇੜੇ ਜਾਵੇਗੀ ਤਾਂ ਮੁਕਾਬਲਾ ਮੁੱਖ ਤੌਰ ‘ਤੇ ਦੋ ਉਮੀਦਵਾਰਾਂ- ‘ਆਪ’ ਦੇ ਹਰਮੀਤ ਸਿੰਘ ਸੰਧੂ ਅਤੇ ਪੰਥਕ ਧਿਰਾਂ ਦੇ ਉਮੀਦਵਾਰ ਮਨਦੀਪ ਸਿੰਘ ਦੇ ਵਿਚਕਾਰ ਹੀ ਰਹਿ ਜਾਣ ਦੀ ਉਮੀਦ ਹੈ। ਉਂਝ ਚਾਰੋਂ ਪ੍ਰਮੁੱਖ ਧਿਰਾਂ ਵੱਲੋਂ ਇਹ ਸੀਟ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲੱਗਣਾ ਹੈ। ਚੋਣ ਮੁਹਿੰਮ ਦੇ ਅੱਗੇ ਵਧਣ ਨਾਲ ਉਲਟ ਫੇਰ ਕਿਸੇ ਹੋਰ ਦਿਸ਼ਾ ਵਿੱਚ ਵੀ ਵਾਪਰ ਸਕਦੇ ਹਨ, ਇਸ ਲਈ ਚੋਣ ਵਿਸ਼ਲੇਸ਼ਕਾਂ ਨੂੰ ਚੋਣ ਮੁਹਿੰਮ ਦੇ ਡਾਇਨਿਮਿਕਸ ‘ਤੇ ਤਿੱਖੀ ਨਜ਼ਰ ਰੱਖਣੀ ਹੋਵੇਗੀ। ਉਂਝ ਕਾਂਗਰਸ ਪਾਰਟੀ ਨੇ ਪੰਥਕ ਉਮੀਦਵਾਰ ਦੇ ਮੈਦਾਨ ਵਿੱਚ ਆਉਣ ਦੇ ਚਰਚੇ ਦੇ ਮੱਦੇਨਜ਼ਰ ਪਹਿਲਾਂ ਹੀ ਤਰਨਤਾਰਨ ਚੋਣ ਦਾ ਏਜੰਡਾ ਹਿੰਦੁਸਤਾਨ ਵਰਸਿਜ਼ ਖਾਲਿਸਤਾਨ ਤੈਅ ਕਰਨ ਦਾ ਯਤਨ ਕੀਤਾ ਗਿਆ। ਪਰ ਇੰਨੀ ਉੱਚੀ ਪਿੱਚ ਦੀ ਜਦੋਂ ਮੀਡੀਆ ਦੇ ਹਲਕਿਆਂ ਵਿੱਚ ਆਲੋਚਨਾ ਹੋਣ ਲੱਗੀ ਤਾਂ ਕਾਂਗਰਸ ਪਾਰਟੀ ਨੇ ਆਪਣੀ ਸੁਰ ਨੀਵੀਂ ਕਰ ਲਈ। ਉਂਝ ਖਾਲਿਸਤਾਨ ਦੇ ਮੁਕਾਬਲੇ ਕਾਂਗਰਸ ਪਾਰਟੀ ਜੇ ਕੋਈ ਜਚਦਾ ਫਬਦਾ ਬਦਲ ਦੇਣਾ ਚਾਹੁੰਦੀ ਤਾਂ ਉਸ ਨੂੰ ਹਿੰਦੋਸਤਾਨ ਦਾ ਸੰਕਲਪ ਇਉਂ ਪੇਸ਼ ਕਰਨਾ ਚਾਹੀਦਾ ਸੀ; ਖੁਦਮੁਖਤਾਰ ਸਟੇਟਾਂ ਦੀ ਭਾਰਤੀ ਯੂਨੀਅਨ=ਹਿੰਦੋਸਤਾਨ। ਉਨ੍ਹਾਂ ਦਾ ਇਹ ਸੰਕਲਪ ਭਾਜਪਾ ਦੇ ‘ਹਿੰਦੂ ਭਾਰਤ’ ਨਾਲੋਂ ਪੂਰੀ ਤਰ੍ਹਾਂ ਵੱਖਰਾ ਹੋਵੇਗਾ। ਕਾਂਗਰਸ ਪਾਰਟੀ ਜਿਹੜੀ ਇਤਿਹਾਸ ਵਿੱਚ ਭਾਜਪਾ ਵਾਂਗ ਏਕਾਤਮਕ ਭਾਰਤ ਦੀ ਹੀ ਗੱਲ ਕਰਦੀ ਰਹੀ ਹੈ, ਜੇ ਉਹ ਆਪਣੀ ਗਲਤ ਵਿਰਾਸਤ ਤੋਂ ਖਹਿੜਾ ਛੁਡਾ ਕੇ ਅੱਗੇ ਨਹੀਂ ਤੁਰਦੀ ਤਾਂ ਉਹ ਇਸ ਮੁਲਕ ਵਿੱਚ ਆਪਣੀ ਨਵੀਂ, ਸਹਿਹੋਂਦਪੂਰਨ-ਸੈਕੂਲਰ ਅਤੇ ਰਾਜਾਂ ਦੀ ਖੁਦਮੁਖਤਾਰੀ ਦੀ ਗਾਰੰਟੀ ਕਰਨ ਵਾਲੀ ਪਹੁੰਚ ਨਹੀਂ ਅਪਣਾਉਂਦੀ ਤਾਂ ਕਾਂਗਰਸ ਦਾ ਇੱਕ ਦੇਸ਼ ਪੱਧਰ ਪਾਰਟੀ ਵਜੋਂ ਮੁੜ ਸਥਾਪਤ ਹੋਣਾ ਨਾਮੁਮਕਿਨ ਹੈ। ਅਜਿਹੀ ਪਹੁੰਚ ‘ਹਿੰਦੂ ਭਾਰਤ’ ਦੇ ਕਲੇਸ਼ੀ ਨਾਹਰੇ ਨਾਲੋਂ ਦੇਸ਼ ਵਿੱਚ ਕਿਧਰੇ ਵੱਧ ਪਰਸਪਰ ਏਕਤਾ ਪੈਦਾ ਕਰੇਗੀ। ਇਹਦੇ ਲਈ ਕਾਂਗਰਸ ਨੂੰ ਨਵੀਂ ਅਤੇ ਜਵਾਨ ਲੀਡਰਸ਼ਿੱਪ ਦੀ ਵਿਆਪਕ ਪੱਧਰ ‘ਤੇ ਭਰਤੀ ਕਰਨੀ ਚਾਹੀਦੀ ਹੈ।

ਭਾਜਪਾ ਵੱਲੋਂ ਅਪਣਾਈ ਜਾ ਰਹੀ ‘ਹਿੰਦੂ ਭਾਰਤ’ ਵਾਲੀ ਪਹੁੰਚ ਦੇਸ਼ ਵਿੱਚ ਵੱਡੇ ਕਲੇਸ਼ਾਂ ਨੂੰ ਜਨਮ ਦੇਵੇਗੀ। ਫਿਰ ‘ਹਿੰਦੂ ਭਾਰਤ’ ਦੇ ਮੁਕਾਬਲੇ ਸਿੱਖਾਂ ਲਈ ਵੱਖਰੇ ‘ਖਾਲਿਸਤਾਨ’ ਦੀ ਮੰਗ ਉਭਰਨੀ ਤੈਅ ਹੈ। ਤਰਨਤਾਰਨ ਦੀ ਚੋਣ ਭਾਰਤੀ ਜਨਤਾ ਪਾਰਟੀ ਨੂੰ ਅਜਿਹਾ ਸੁਨੇਹਾ ਵੀ ਦੇਵੇਗੀ। ਤਰਨਤਾਰਨ ਦੀ ਚੋਣ ਵਿੱਚ ਜਿੱਥੋਂ ਤੱਕ ‘ਆਪ’ ਦੇ ਉਮੀਦਵਾਰ ਦਾ ਸਵਾਲ ਹੈ, ਉਸ ਦਾ ਨਿੱਜੀ ਆਧਾਰ ਇਸ ਖਿਤੇ ਵਿੱਚ ਕਾਫੀ ਹੈ ਅਤੇ ਆਪਣਾ ਰਾਜਨੀਤਿਕ ਕਲਾਊਟ ਮੌਜੂਦ ਹੈ। ਇਸ ਦੇ ਨਾਲ ਰਾਜਸੱਤਾ ਦੀ ਸ਼ਕਤੀ ਨੂੰ ਜੋੜ ਕੇ ਉਹ ਦੂਜੇ ਉਮੀਦਵਾਰਾਂ ਲਈ ਚੁਣੌਤੀ ਖੜ੍ਹੀ ਕਰ ਸਕਦਾ ਹੈ। ਤਰਨਤਾਰਨ ਦੀ ਜ਼ਿਮਨੀ ਚੋਣ ਸਿਰਫ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਦ੍ਰਿਸ਼ਟੀ ਤੋਂ ਹੀ ਮਹੱਤਵਪੂਰਨ ਨਹੀਂ ਹੈ, ਸਗੋਂ ਇਸ ਨੇ ਅਕਾਲੀ ਦਲ (ਬਾਦਲ), ਅਕਾਲੀ ਦਲ (ਵਾਰਸ ਪੰਜਾਬ ਦੇ) ਅਤੇ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਨਵੇਂ ਬਣੇ ਸਿਆਸੀ ਦਲਾਂ ਦਾ ਭਵਿੱਖ ਵੀ ਤੈਅ ਕਰਨਾ ਹੈ। ਇਹ ਚੋਣ ਇਹ ਸੂਹ ਵੀ ਦੇਵੇਗੀ ਕਿ ਪੰਜਾਬ ਵਿੱਚ ਭਾਜਪਾ ਦਾ ਆਉਣ ਵਾਲੇ ਸਮੇਂ ਵਿੱਚ ਕੀ ਭਵਿੱਖ ਹੋਵੇਗਾ। ਇਹ ਪਾਰਟੀ ਆਪਣੇ ਆਪ ਨੂੰ ਇੱਕ ਵੱਖਰੀ ਪਾਰਟੀ ਵਜੋਂ ਸਥਾਪਤ ਕਰ ਸਕੇਗੀ ਜਾਂ ਇਸ ਨੂੰ ਮੁੜ ਕਿਸੇ ਨਾ ਕਿਸੇ ਅਕਾਲੀ ਦਲ ਨਾਲ ਗੱਠਜੋੜ ਵਿੱਚ ਜਾਣਾ ਪਵੇਗਾ।

# ਕਿਰਸਾਣੀ ਅਤੇ ਅਧਿਆਤਮਿਕਤਾ

**ਸੱਚੋ-ਸੱਚ**

**ਡਾ. ਰਛਪਾਲ ਸਿੰਘ ਬਾਜਵਾ**
**ਫੋਨ: 630-303-8330**



ਕਿਸਾਨ, ਖੇਤੀ, ਭਾਈਚਾਰੇ ਤੇ ਪਰਮਾਤਮਾ ਦਾ ਸਬੰਧ ਅਸਲੀ ਹੈ ਅਤੇ ਇਹ ਜੀਵਨ ਦੇ ਬਚਾਅ ਤੇ ਪ੍ਰਚਲਨ ਦੀ ਸੱਚਾਈ ਹੈ। ਖੇਤੀਬਾੜੀ ਅਕਾਲ ਪੁਰਖ ਜਾਂ ਪਰਮਾਤਮਾ ਵਿੱਚ ਪੂਰਨ ਵਿਸ਼ਵਾਸ ਹੈ। "ਖੇਤੀ ਕਰਮਾਂ ਸੇਤੀ...।"

ਅਕਾਲ ਪੁਰਖ ਬ੍ਰਹਿਮੰਡ, ਜੀਵਨ ਅਤੇ ਆਤਮਾਵਾਂ ਦਾ ਸਿਰਜਣਹਾਰ ਹੈ। ਅਕਾਲ ਪੁਰਖ ਸਰਵ ਵਿਆਪਕ ਹੈ ਤੇ ਉਨ੍ਹਾਂ ਥਾਵਾਂ 'ਤੇ ਕੰਮ ਕਰਦਾ ਹੈ, ਜਿੱਥੇ ਅਸੀਂ ਕਲਪਨਾ ਕਰ ਸਕਦੇ ਹਾਂ ਅਤੇ ਉਨ੍ਹਾਂ ਥਾਵਾਂ 'ਤੇ ਆਪਣੇ ਕੰਮ ਦੁਆਰਾ ਸਾਨੂੰ ਹੈਰਾਨ ਵੀ ਕਰਦਾ ਹੈ, ਜਿਨ੍ਹਾਂ ਬਾਰੇ ਅਸੀਂ ਸੋਚ ਵੀ ਨਹੀਂ ਸਕਦੇ।

ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ॥

ਅਕਾਲ ਪੁਰਖ ਨੇ ਪਹਿਲਾਂ ਬ੍ਰਹਿਮੰਡ ਦੀ ਸਿਰਜਣਾ ਕੀਤੀ ਅਤੇ ਫਿਰ ਕਿਸਾਨ ਨੂੰ ਆਪਣੀ ਸਿਰਜਣਾ ਦੀ ਦੇਖਭਾਲ ਤੇ ਜੀਵਨ ਦੀ ਰੱਖਿਆ ਲਈ ਬਣਾਇਆ। ਕਿਸਾਨ ਇੱਕ ਧੰਨ ਆਤਮਾ ਹੈ ਅਤੇ ਹਮੇਸ਼ਾ ਸ੍ਰਿਸ਼ਟੀ ਤੇ ਇਸਦੇ ਅਜੂਬਿਆਂ ਨਾਲ ਘਿਰਿਆ ਰਹਿੰਦਾ ਹੈ। ਉਸਦੇ ਖੇਤ ਵਿੱਚ ਜਨਮ, ਜੀਵਨ, ਵਿਕਾਸ ਅਤੇ ਨਿਰੰਤਰ ਤਬਦੀਲੀ ਹੁੰਦੀ ਰਹਿੰਦੀ ਹੈ। ਕਿਸਾਨ ਨੂੰ ਤੇਜ਼ ਸੂਰਜ ਦੀ ਗਰਮੀ, ਕੋਮਲ ਹਵਾ ਦਾ ਸੁਹਾਵਣਾਪਨ ਅਤੇ ਵਗਦੇ ਪਾਣੀ ਦੀ ਸ਼ਕਤੀ ਦਾ ਅਹਿਸਾਸ ਮਹਿਸੂਸ ਹੁੰਦਾ ਰਹਿੰਦਾ ਹੈ। ਉਸਦੇ ਆਲੇ-ਦੁਆਲੇ ਜੀਵਨ ਹੀ ਜੀਵਨ ਦਾ ਉਭਾਰ ਹੈ। ਉਹ ਨਿੱਤ ਦਿਨ ਆਪਣੇ ਭੂਰੇ ਖੇਤਾਂ ਨੂੰ ਨੌਜਵਾਨ ਬੂਟਿਆਂ ਨਾਲ ਹਰੇ-ਭਰੇ ਰੰਗ ਵਿੱਚ ਤਬਦੀਲ ਹੁੰਦਾ ਦੇਖਦਾ ਹੈ। ਸ੍ਰਿਸ਼ਟੀ ਜੀਵਨ ਨਾਲ ਭਰੀ ਹੋਈ ਹੈ, ਸਿਰਜਣਹਾਰ ਆਪ ਦੀ ਸਿਰਜਣਾ ਨੂੰ ਦੇਖ ਕੇ ਖੁਸ਼ ਹੈ ਅਤੇ ਕਿਸਾਨ ਪਰਮਾਤਮਾ ਦੀ ਕਰਤੱਵਪੂਰਨ ਸੇਵਾ ਕਰਨ ਲਈ ਧੰਨਵਾਦੀ ਹੈ।

## ਕਿਸਾਨ ਅਤੇ ਵਿਸ਼ਵਾਸ

ਇੱਕ ਕਿਸਾਨ ਹਮੇਸ਼ਾ ਸ੍ਰਿਸ਼ਟੀ ਅਤੇ ਆਪਣੇ ਪਰਿਵਾਰ ਦੇ ਢਿੱਡ ਭਰਨ ਲਈ ਚੰਗੀ ਫ਼ਸਲ ਲਈ ਪਰਮਾਤਮਾ ਦੇ ਆਸ਼ੀਰਵਾਦ ਦੀ ਮੰਗ ਕਰਦਾ ਹੈ।

ਮਾਲੀ ਦਾ ਕੰਮ ਪਾਣੀ ਦੇਣਾ, ਭਰ ਭਰ ਮਸ਼ਕਾਂ ਪਾਵੇ,
ਮਾਲਕ ਦਾ ਕੰਮ ਫਲ-ਫੁੱਲ ਲਾਉਣਾ, ਲਾਵੇ ਜਾਂ ਨਾ ਲਾਵੇ।

---

ਰੰਗੀ ਰੰਗੀ ਭਾਤੀ ਕਰਿ ਕਰਿ
ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ
ਜਿਵ ਤਿਸ ਦੀ ਵਡਿਆਈ॥

**ਇੱਕ ਕਿਸਾਨ ਦਾ ਦਿਨ** ਪਰਮਾਤਮਾ ਤੋਂ ਉਸਦੀ ਸ੍ਰਿਸ਼ਟੀ ਦੀ ਦੇਖਭਾਲ ਲਈ ਖੇਤ ਵਿੱਚ ਮਿਹਨਤ ਕਰਨ ਦੀ ਤਾਕਤ ਮੰਗਣ ਵਾਲੀ ਅਰਦਾਸ ਨਾਲ ਸ਼ੁਰੂ ਹੁੰਦਾ ਹੈ ਅਤੇ ਆਪਣੇ ਦਿਨ ਦਾ ਅੰਤ ਆਪਣੇ ਪਰਿਵਾਰ, ਖੇਤ, ਮਨੁੱਖਤਾ ਲਈ ਸੁਰੱਖਿਆ ਤੇ ਚੜ੍ਹਦੀ ਕਲਾ ਮੰਗਣ ਵਾਲੀ ਅਰਦਾਸ ਨਾਲ ਹੁੰਦਾ ਹੈ। ਉਹ ਰੋਜ਼ਾਨਾ ਇਸ ਰੁਟੀਨ ਦੀ ਪਾਲਣਾ ਕਰਦਾ ਹੈ ਅਤੇ ਅਰਦਾਸ ਤੇ ਕੰਮ ਦੇ ਇਸ ਚੱਕਰੀ ਰੁਟੀਨ ਦੀ ਪਾਲਣਾ ਕਰਦਿਆਂ ਆਪਣਾ ਪੂਰਾ ਜੀਵਨ ਬਿਤਾਉਂਦਾ ਹੈ। ਇੱਕ ਕਿਸਾਨ ਖੁਸ਼ੀ, ਵਚਨਬੱਧਤਾ, ਸੰਤੁਸ਼ਟੀ, ਸਦਭਾਵਨਾ ਅਤੇ ਪਰਮਾਤਮਾ ਵਿੱਚ ਵਿਸ਼ਵਾਸ ਦਾ ਜੀਵਨ ਬਤੀਤ ਕਰਦਾ ਹੈ। ਉਹ ਸ੍ਰਿਸ਼ਟੀ ਦੀ ਸੇਵਾ ਕਰਨ ਵਾਲੇ ਆਪਣੇ ਵਫ਼ਾਦਾਰ ਸੇਵਕ ਵਜੋਂ ਸਿਰਜਣਹਾਰ ਦਾ ਆਸ਼ੀਰਵਾਦ ਚਾਹੁੰਦਾ ਹੈ।

## ਅਕਾਲ ਪੁਰਖ ਪਰਮਾਤਮਾ ਸਰਬ-ਵਿਆਪੀ ਹੈ

ਅਕਾਲ ਪੁਰਖ ਆਪਣੀ ਸ੍ਰਿਸ਼ਟੀ ਵਿੱਚ ਹਰ ਜਗ੍ਹਾ ਮੌਜੂਦ ਹੈ। ਉਸਦੀ ਸ੍ਰਿਸ਼ਟੀ ਖੁਸ਼ ਹੈ ਅਤੇ ਪੂਰੀ ਤਰ੍ਹਾਂ ਸਦਭਾਵਨਾ ਵਿੱਚ ਪਰਮਾਤਮਾ ਦੀ ਮਹਿਮਾ ਦੇ ਗੀਤ ਗਾ ਰਹੀ ਹੈ। ਇਹ ਹੌਲੀ ਵਗਦੀ ਨਦੀ ਦੀ ਸੁਰੀਲੀ ਆਵਾਜ਼, ਇੱਕ ਘੋੜਾ-ਮੱਖੀ ਦੀ ਤਿੱਖੀ ਗੂੰਜ, ਪੱਤਿਆਂ ਦੀ ਖੜ ਖੜ ਅਤੇ ਰੁੱਖਾਂ ਦੀਆਂ ਝੂਮਦੀਆਂ ਟਾਹਣੀਆਂ ਦੇ ਸ਼ੋਰ ਵਿੱਚ ਸੁਣਿਆ ਜਾ ਸਕਦਾ ਹੈ। ਜਾਂ ਫਿਰ ਨੇੜੇ ਹੀ ਨਦੀ ਕਿਨਾਰੇ ਸਭ ਛੋਟੇ-ਵੱਡੇ ਜੀਵ ਇਕੱਠੇ ਇੱਕ ਥਾਂ ਪਾਣੀ ਪੀਂਦੇ ਦ੍ਰਿਸ਼ ਵਿੱਚ ਵੀ ਦੇਖਿਆ ਜਾ ਸਕਦਾ ਹੈ। ਇਹ ਸਭ ਸਿਰਜਣਹਾਰ ਦੇ ਆਪਣੀ ਸ੍ਰਿਸ਼ਟੀ ਉੱਤੇ ਅੰਤਿਮ ਨਿਯੰਤਰਣ ਨੂੰ ਦਰਸਾਉਂਦਾ ਹੈ ਅਤੇ ਇੱਕ ਪੂਰਨ ਸਦਭਾਵਨਾ ਤੇ ਸ਼ਾਂਤੀ ਬਣਾਈ ਰੱਖਣ ਦਾ ਸਬੂਤ ਵੀ ਹੈ।

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ॥

ਇੱਕ ਕਿਸਾਨ ਹਮੇਸ਼ਾ ਪਰਮਾਤਮਾ ਦੀ ਮਹਿਮਾ ਨੂੰ ਸੰਭਾਲਦਾ ਹੈ, ਹਮੇਸ਼ਾ ਅਕਾਲ ਪੁਰਖ ਦੀ ਹਾਜ਼ਰੀ ਵਿੱਚ ਰਹਿੰਦਾ ਹੈ ਅਤੇ ਉਸਦਾ ਸਾਰਾ ਕੰਮ ਅਕਾਲ ਪੁਰਖ ਦੀ ਸੱਚੀ ਪ੍ਰਭੂਤਾ ਅਧੀਨ ਹੁੰਦਾ ਹੈ। ਇਹ ਮਨੁੱਖਤਾ ਲਈ ਭੋਜਨ ਉਗਾਉਣ ਲਈ ਖੇਤੀ ਕਰਦਾ ਹੈ, ਪਰਮਾਤਮਾ ਦੀ ਧਰਮੀ ਇੱਛਾ ਦੀ ਸੇਵਾ ਕਰਦਾ ਹੈ ਅਤੇ ਉਸਦੀ ਮਹਿਮਾ ਨੂੰ ਬਰਕਰਾਰ ਰੱਖਦਾ ਹੈ। ਅਕਾਲ ਪੁਰਖ ਸਾਰੇ ਬ੍ਰਹਿਮੰਡ ਦਾ ਸਿਰਜਣਹਾਰ ਅਤੇ ਪਾਲਣਹਾਰ ਹੈ। ਬਹੁਤ ਸਾਰੇ ਕਿਸਾਨ ਪਰਮਾਤਮਾ ਦੀ ਮਹਿਮਾ ਦੁਆਰਾ ਚਲਾਏ ਗਏ ਆਪਣੇ ਖੇਤਾਂ 'ਚ ਸਾਲਾਂ ਤੱਕ ਮਿਹਨਤ ਕਰਦੇ ਹਨ। ਇਹ ਸਿਰਜਣਹਾਰ ਵਿੱਚ ਉਨ੍ਹਾਂ ਦਾ ਵਿਸ਼ਵਾਸ ਹੈ, ਜੋ ਉਨ੍ਹਾਂ ਦੇ ਸਾਰੇ ਕੰਮ ਨੂੰ ਤਾਕਤ ਦਿੰਦਾ ਹੈ। ਹੋਰ ਕਿਸਾਨ ਵੀ ਹਨ, ਜੋ ਸਿਰਫ਼ ਦੌਲਤ ਪ੍ਰਾਪਤ ਕਰਨ ਦੇ ਤਰੀਕੇ ਵਜੋਂ ਮਿਹਨਤ ਕਰਦੇ ਹਨ ਭਾਵੇਂ ਇਸਦਾ ਮਤਲਬ ਸਿਰਜਣਹਾਰ ਜਾਂ ਅਕਾਲ ਪੁਰਖ ਦੀ ਇੱਛਾ ਦੀ ਉਲੰਘਣਾ ਕਰਨਾ ਹੋਵੇ। ਕੁਦਰਤੀ ਜਾਂ ਪੁਨਰਜਨਮ ਖੇਤੀ ਕਰਨਾ ਸਿਰਜਣਹਾਰ ਦੀ ਸੇਵਾ ਹੈ ਅਤੇ ਕਿਸੇ ਵੀ ਲਾਲਚ ਤੋਂ ਰਹਿਤ ਹੈ ਤੇ ਇਸ ਤੋਂ ਪਰਮਾਤਮਾ ਵੀ ਪ੍ਰਸੰਨ ਹੈ। ਇਹ ਨਾਸਤਿਕ ਕਿਸਾਨਾਂ ਤੋਂ ਵੱਖਰਾ ਹੈ, ਜੋ ਖੇਤੀ ਦੇ ਬ੍ਰਹਮ ਸਿਧਾਂਤਾਂ ਨੂੰ ਤੋੜ-ਮਰੋੜ ਕੇ ਅਤੇ ਅਵੱਗਿਆ ਕਰਕੇ ਸਿਰਫ਼ ਦੌਲਤ ਪ੍ਰਾਪਤ ਕਰਨ ਲਈ ਖੇਤੀ ਕਰਦੇ ਹਨ। ਅਕਾਲ ਪੁਰਖ ਦੀ ਮਹਿਮਾ ਕਿਸਾਨ ਦੇ ਜੀਵਨ ਵਿੱਚ ਉਦੋਂ ਪ੍ਰਚਲਿਤ ਹੁੰਦੀ ਹੈ, ਜਦੋਂ ਕਿਸਾਨ ਪਰਮਾਤਮਾ ਦੇ ਅਸੂਲਾਂ ਨੂੰ ਮੰਨਦਾ ਹੈ।



**ਧਰਤੀ ਉੱਤੇ ਅਕਾਲ ਪੁਰਖ ਦੀ ਮਹਿਮਾ** ਉਦੋਂ ਪ੍ਰਗਟ ਹੁੰਦੀ ਹੈ, ਜਦੋਂ ਬੀਜਾਂ ਦਾ ਇੱਕ ਛੋਟਾ ਜਿਹਾ ਪੈਕ ਪਰਮਾਤਮਾ ਦੀ ਸ੍ਰਿਸ਼ਟੀ ਦੇ ਪੰਜ ਤੱਤਾਂ- "ਭਗਵਾਨ (ਭ-ਅਗ-ਵ-ਅ-ਨ)" ਜਿੱਥੇ 'ਭ' ਦਾ ਅਰਥ ਹੈ ਭੂਮੀ, ਮਿੱਟੀ; 'ਅਗ' ਦਾ ਅਰਥ ਹੈ ਗਰਮੀ, ਸੂਰਜੀ ਊਰਜਾ; 'ਵ' ਦਾ ਅਰਥ ਹੈ ਵਾਯੂ, ਆਕਸੀਜਨ; 'ਅ' ਦਾ ਅਰਥ ਹੈ ਆਕਾਸ਼, ਮੌਸਮ ਤੇ ਜਲਵਾਯੂ; ਅਤੇ 'ਨ' ਦਾ ਅਰਥ ਹੈ ਨੀਰ ਜਾਂ ਪਾਣੀ," ਨਾਲ ਮਿਲ ਕੇ ਇਹ ਸੂਖਮ ਬੀਜਾਂ ਨੂੰ ਇੱਕ ਹਰੀ-ਭਰੀ ਭਰਪੂਰ ਫ਼ਸਲ ਵਿੱਚ ਬਦਲ ਦਿੰਦਾ ਹੈ। ਇਹ ਪਾਲਣਹਾਰ ਦਾ ਕ੍ਰਿਸ਼ਮਾ ਹੈ।

**ਜ਼ਮੀਨ ਤੇ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ** ਅਤੇ ਇਸ ਦੇ ਸਾਰੇ ਪ੍ਰਗਟਾਵੇ ਤੇ ਪਸਾਰੇ ਦੀ ਜ਼ਿੰਮੇਵਾਰੀ ਪਰਮਾਤਮਾ ਨੇ ਕਿਸਾਨ ਨੂੰ ਹੀ ਸੌਂਪੀ ਹੈ। ਇਸ ਲਈ ਕਿਸਾਨਾਂ ਦੀ ਇੱਕ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਉਨ੍ਹਾਂ ਨੂੰ ਸੌਂਪੀਆਂ ਗਈਆਂ ਜ਼ਮੀਨਾਂ ਅਤੇ ਕੁਦਰਤੀ ਸਰੋਤਾਂ ਦੀ ਵਰਤੋਂ ਇੱਕ ਬੁੱਧੀਮਾਨ ਤਰੀਕੇ ਨਾਲ ਕਰਨ, ਜੋ ਸਿਰਫ਼ ਪਰਮਾਤਮਾ ਦੀ ਮਹਿਮਾ ਨੂੰ ਦਰਸਾਉਂਦੇ ਹੋਣ ਤੇ ਦੌਲਤ ਦੇ ਲਾਲਚ ਨੂੰ ਪੂਰਾ ਕਰਨ ਲਈ ਉਨ੍ਹਾਂ ਦਾ ਸ਼ੋਸ਼ਣ ਨਾ ਕਰਨ। ਇਸ ਲਈ ਕਿਸਾਨਾਂ ਦੀ ਜ਼ਮੀਨ ਅਤੇ ਇਸਦੇ ਸਾਰੇ ਕੁਦਰਤੀ ਸਰੋਤਾਂ ਦਾ ਪ੍ਰਬੰਧਨ ਕਰਨਾ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਹੈ। ਕੁਝ ਕਿਸਾਨ ਜ਼ਮੀਨ ਦੀ ਭਲਾਈ ਨੂੰ ਧਿਆਨ ਵਿੱਚ ਰੱਖੇ ਬਿਨਾਂ ਇਸਦੀ ਵਰਤੋਂ ਕਰਨਾ ਚਾਹੁੰਦੇ ਹਨ।

ਇੱਕ ਲੇਖਕ ਦੁਆਰਾ ਇਸਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ- "ਸਸਤੀ ਸਹੂਲਤ ਦੇ ਮਾਪਦੰਡ ਜੋ ਕਿ ਅਟੱਲ ਤੌਰ 'ਤੇ ਸਰਲ ਹੁੰਦੇ ਹਨ ਅਤੇ ਲੋਕਾਂ ਤੇ ਜ਼ਮੀਨਾਂ-ਦੋਹਾਂ ਦੀ ਸਿਹਤ ਦੇ ਮਿਆਰ ਨੂੰ ਘਟਾਉਣ ਅਤੇ ਮੁਨਾਫਾ ਵਧਾਉਣ ਲਈ ਅਪਨਾਏ ਜਾਂਦੇ ਹਨ।" ਇਹ 'ਸਸਤੀ ਦਾ ਮਿਆਰ' ਹੈ, ਜੋ ਬਹੁਤ ਸਾਰੇ ਮੌਜੂਦਾ ਖੇਤੀ ਅਭਿਆਸਾਂ ਨੂੰ ਚਲਾਉਂਦਾ ਹੈ, ਜੋ ਗਲੋਬਲ ਖੇਤੀਬਾੜੀ 'ਤੇ ਹਾਵੀ ਹਨ ਅਤੇ ਇਹ ਡਰਾਉਣਾ ਰੁਝਾਨ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ। ਰਵਾਇਤੀ ਖੇਤੀ ਅਤੇ ਕੁਦਰਤੀ ਖੇਤੀ ਪ੍ਰਣਾਲੀਆਂ ਨੂੰ ਪੂਰੀ ਦੁਨੀਆ ਵਿੱਚ ਉਦਯੋਗਿਕ ਖੇਤੀ ਪ੍ਰਣਾਲੀਆਂ ਦੁਆਰਾ ਬਦਲਿਆ ਜਾ ਰਿਹਾ ਹੈ। ਈਸ਼ਵਰੀ ਕਿਸਾਨਾਂ ਨੇ ਆਪਣੀ ਜ਼ਮੀਨ ਅਤੇ ਇਸਦੇ ਸਰੋਤਾਂ ਦੀ ਵਰਤੋਂ ਕਿਵੇਂ ਕਰਨੀ ਹੈ, ਇਸਦੀ ਜਾਂਚ ਤੇ ਵਿਚਾਰ ਕਰਨਾ ਚਾਹੀਦਾ ਹੈ। ਜ਼ਮੀਨ 'ਤੇ ਪੀੜ੍ਹੀ ਦਰ ਪੀੜ੍ਹੀ ਨਿਰਭਰਤਾ ਦੀ ਹਕੀਕਤ ਕਿਸਾਨ ਨੂੰ ਭੋਜਨ ਉਤਪਾਦਨ ਵਿੱਚ ਸਥਿਰਤਾ ਦਾ ਅਭਿਆਸ ਕਰਨ ਲਈ ਪ੍ਰੇਰਿਤ ਕਰੇਗੀ।

**ਸ੍ਰਿਸ਼ਟੀ ਕੋਲ ਖੇਤੀ ਕਰਨ ਯੋਗ ਜ਼ਮੀਨ** ਅਤੇ ਕੁਦਰਤੀ ਸਰੋਤਾਂ ਦੀ ਇੱਕ ਵਿਸ਼ਾਲ ਮਾਤਰਾ ਜ਼ਰੂਰ ਹੈ, ਪਰ ਉਹ ਬੇਅੰਤ ਨਹੀਂ ਹਨ। ਖੇਤੀ ਦੇ ਅਭਿਆਸ ਜ਼ਮੀਨ ਨੂੰ ਬਹੁਤ ਨੁਕਸਾਨ ਪਹੁੰਚਾ ਸਕਦੇ ਹਨ, ਜੇਕਰ ਕਿਸਾਨ ਜ਼ਮੀਨ ਨੂੰ ਸਿਰਫ਼ ਮੁਨਾਫ਼ੇ ਦੇ ਸਾਧਨ ਵਜੋਂ ਹੀ ਦੇਖਦੇ ਹਨ, ਨਾ ਕਿ ਸਿਰਜਣਹਾਰ ਦੁਆਰਾ ਉਨ੍ਹਾਂ ਨੂੰ ਸੌਂਪੀ ਗਈ ਸੰਪਤੀ ਵਜੋਂ, ਜੋ ਕਿ ਭੋਜਨ ਉਗਾਉਣ ਅਤੇ ਸ੍ਰਿਸ਼ਟੀ ਨੂੰ ਬਚਾਉਣ ਲਈ ਹੈ। ਜ਼ਮੀਨ ਅਤੇ ਇਸਦੇ ਸਾਰੇ ਕੁਦਰਤੀ ਸਰੋਤਾਂ ਸਮੇਤ ਭਵਿੱਖ ਦੀਆਂ ਪੀੜ੍ਹੀਆਂ ਨੂੰ ਸੌਂਪਣ ਲਈ ਇਸ ਦੀ ਸਿਹਤ ਦੀ ਰੱਖਿਆ ਕਰਨੀ ਜ਼ਰੂਰੀ ਹੈ। ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਲੰਬੇ ਸਮੇਂ ਤੱਕ ਸਿਹਤ ਨੂੰ ਬਣਾਈ ਰੱਖਣ ਲਈ ਖੇਤੀ ਪ੍ਰਬੰਧਨਾਂ ਵਿੱਚ ਬੁੱਧੀ ਨੂੰ ਲਾਗੂ ਕਰਨ ਦੀ ਲੋੜ ਹੈ ਅਤੇ ਪਰਮਾਤਮਾ ਦੀ ਇੱਛਾ ਅਨੁਸਾਰ ਜ਼ਮੀਨ ਦੀ ਜੀਵਨ ਪੈਦਾ ਕਰਨ ਵਾਲੀ ਸ਼ਕਤੀ ਤੇ ਸੰਭਾਵਨਾ ਨੂੰ ਬਣਾਏ ਰੱਖਣ ਲਈ ਕੰਮ ਕਰਨ ਲਈ ਪ੍ਰੇਰਿਤ ਰਹਿਣਾ ਚਾਹੀਦਾ ਹੈ।

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**

ਪਰਮਾਤਮਾ ਨੇ ਜ਼ਮੀਨ ਦੀ ਭਲਾਈ ਅਤੇ ਸਿਹਤ ਲਈ ਕਈ ਕੁਦਰਤੀ ਪ੍ਰਬੰਧ ਵੀ ਕੀਤੇ ਹਨ, ਜਿਵੇਂ ਕਿ ਜ਼ਮੀਨ ਨੂੰ 'ਵਿਹਲਾ' ਰੱਖ ਕੇ ਜਾਂ ਆਰਾਮ ਦੇ ਕੇ, ਤਾਂ ਜੋ ਇਸ ਦੀ ਜੀਵਨ ਸ਼ਕਤੀ ਅਤੇ ਸਿਹਤ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ। ਸਿਰਜਣਹਾਰ ਨੇ ਇਹ ਜ਼ਿੰਮੇਵਾਰੀ ਜਾਨਵਰਾਂ ਨੂੰ ਸੌਂਪੀ ਹੈ, ਜੋ ਜ਼ਮੀਨ ਉੱਤੇ ਚਰਨਗੇ ਅਤੇ ਆਪਣਾ ਮਲ-ਮੂਤਰ ਜਮ੍ਹਾਂ ਕਰਨਗੇ, ਜੋ ਜ਼ਮੀਨ ਦੀ ਸਿਹਤ ਨੂੰ ਬਹਾਲ ਕਰਨ ਲਈ ਭੋਜਨ ਵਜੋਂ ਕੰਮ ਕਰਨਗੇ।

**ਕਿਸਾਨ ਅੰਨਦਾਤਾ ਹੈ,** ਜੋ ਪਿਆਰ ਤੇ ਸ਼ਰਧਾ ਨਾਲ ਪਰਮਾਤਮਾ, ਉਸਦੀ ਸ੍ਰਿਸ਼ਟੀ ਅਤੇ ਭਾਈਚਾਰੇ ਦੀ ਸੇਵਾ ਕਰਦਾ ਹੈ। ਉਸਦੇ ਕੁਦਰਤ-ਅਨੁਕੂਲ ਖੇਤੀ ਅਭਿਆਸ ਅਤੇ ਸਿਹਤਮੰਦ ਉਪਜ ਉਸਦੇ ਭਾਈਚਾਰੇ, ਜ਼ਮੀਨ ਅਤੇ ਕੁਦਰਤੀ ਸਰੋਤਾਂ ਦੀ ਸਿਹਤ 'ਤੇ ਬਹੁਤ ਵੱਡਾ ਪ੍ਰਭਾਵ ਪਾ ਸਕਦੇ ਹਨ। ਉਦਾਹਰਣ ਵਜੋਂ ਗਾਹਕਾਂ ਲਈ ਪਿਆਰ, ਕਿਸਾਨ ਨੂੰ ਉਨ੍ਹਾਂ ਲਈ ਮਾਮੂਲੀ ਕੀਮਤਾਂ 'ਤੇ ਚੰਗੀ ਗੁਣਵੱਤਾ ਵਾਲੇ ਭੋਜਨ ਪੈਦਾ ਕਰਨ ਲਈ ਪ੍ਰੇਰਿਤ ਕਰਦਾ ਹੈ। ਜੋ ਕਿ ਮੌਜੂਦਾ ਸਮੇਂ ਦੇ ਵਪਾਰਕ ਸਲਾਹਕਾਰਾਂ ਦੀ ਸਲਾਹ ਦੇ ਉਲਟ ਹੈ, ਜੋ ਕਿਸਾਨਾਂ ਨੂੰ ਦੱਸਣਗੇ ਕਿ ਉਨ੍ਹਾਂ ਦਾ ਤਰੀਕਾ ਉਨ੍ਹਾਂ ਦੇ ਸੰਭਾਵੀ ਲਾਭ ਵਿੱਚ ਨੁਕਸਾਨ ਕਰੇਗਾ। ਪਰ ਪਰਮਾਤਮਾ ਕਿਸਾਨ ਨੂੰ ਕਹਿੰਦਾ ਹੈ ਕਿ ਭਰਪੂਰ ਫ਼ਸਲ ਦੇ ਆਸ਼ੀਰਵਾਦ ਦਾ ਆਨੰਦ ਮਾਣੋ ਅਤੇ ਉਨ੍ਹਾਂ ਲੋਕਾਂ ਦੀ ਕਿਰਪਾ ਵੀ ਕਮਾਓ, ਜੋ ਸਿਹਤਮੰਦ ਭੋਜਨ ਪ੍ਰਾਪਤ ਕਰਨ ਲਈ ਬੇਸਹਾਰਾ ਹਨ।

**ਇੱਕ ਕਿਸਾਨ ਕੁਦਰਤ ਦਾ ਮੁਕਤੀਦਾਤਾ ਹੁੰਦਾ ਹੈ।** ਕਿਸਾਨੀ ਦੇ ਖੇਤੀਬਾੜੀ ਉਤਪਾਦਨ ਦੇ ਢੰਗ ਲੋਕਾਂ, ਜਾਨਵਰਾਂ ਅਤੇ ਜੈਵਿਕ ਵਿਭਿੰਨਤਾ 'ਤੇ ਮਹੱਤਵਪੂਰਨ ਪ੍ਰਭਾਵ ਪਾ ਸਕਦੇ ਹਨ। ਮਿਸਾਲ ਵਜੋਂ, ਜ਼ਮੀਨ 'ਤੇ ਜ਼ਿਆਦਾ ਘਣੀ ਉਦਯੋਗਿਕ ਖੇਤੀ ਕਰਨ ਨਾਲ ਜ਼ਮੀਨ ਦੇ ਵੱਡੇ ਟੁਕੜਿਆਂ ਦਾ ਮਾਰੂਥਲੀਕਰਨ ਹੋ ਗਿਆ ਹੈ, ਜਿਸ ਕਾਰਨ ਉਸ ਖੇਤਰ ਦੇ ਲੋਕ ਭੋਜਨ ਅਤੇ ਰੋਜ਼ੀ-ਰੋਟੀ ਦੀ ਭਾਲ ਲਈ ਕਿਤੇ ਹੋਰ ਚਲੇ ਗਏ ਹਨ। ਦੁਨੀਆ ਦੀ ਆਬਾਦੀ ਵਧ ਰਹੀ ਹੈ ਅਤੇ ਨਾਲ ਹੀ ਭੋਜਨ ਦੀ ਮੰਗ ਵੀ ਵਧ ਰਹੀ ਹੈ। ਇਸ ਨੇ ਕਿਸਾਨ ਨੂੰ ਇੱਕ ਮੁਸ਼ਕਲ ਸਥਿਤੀ ਵਿੱਚ ਪਾ ਦਿੱਤਾ ਹੈ। ਇੱਕ ਪਾਸੇ ਕਿਸਾਨਾਂ ਨੂੰ ਦੁਨੀਆ ਦਾ ਪੇਟ ਭਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਅਤੇ ਦੂਜੇ ਪਾਸੇ ਖੇਤੀ ਦੀ ਪ੍ਰਕਿਰਿਆ ਦੌਰਾਨ ਜ਼ਮੀਨ ਤੇ ਇਸਦੇ ਕੁਦਰਤੀ ਸਰੋਤਾਂ ਨੂੰ ਤਬਾਹੀ ਤੋਂ ਬਚਾਉਣ ਦੀ ਵੀ। ਇਸ ਸਥਿਤੀ ਵਿੱਚ ਕਿਸਾਨਾਂ ਨੂੰ ਬੁੱਧੀਮਾਨ, ਨਵੀਨਤਾਕਾਰੀ ਅਤੇ ਰਚਨਾਤਮਕ ਹੋਣ ਦੀ ਜ਼ਰੂਰਤ ਹੈ, ਤਾਂ ਜੋ ਵਧਦੀ ਆਬਾਦੀ ਅਤੇ ਵਧਦੀ ਭੋਜਨ ਦੀ ਮੰਗ ਵਾਲੀ ਦੁਨੀਆ ਵਿੱਚ ਸੀਮਤ ਸਰੋਤਾਂ ਬਾਵਜੂਦ ਭੋਜਨ ਪੈਦਾ ਕਰਨ ਦੀ ਘਾਟ ਨਾ ਆਵੇ।

## ਕਿਸਾਨਾਂ ਅਤੇ ਪਿੰਡਾਂ ਨੂੰ ਬਚਾਓ

ਜ਼ਮੀਨ, ਪਿੰਡ, ਕਿਸਾਨ ਅਤੇ ਭਾਈਚਾਰੇ ਦੀ ਰੱਖਿਆ ਕਰਨਾ ਅਤੀ ਜ਼ਰੂਰੀ ਹੈ। ਇੱਕ ਖੇਤ ਪਰਮਾਤਮਾ ਦੀ ਰਚਨਾ ਹੈ, ਜਿੱਥੇ ਪਾਣੀ, ਊਰਜਾ, ਫਸਲਾਂ ਅਤੇ ਜਾਨਵਰ ਇੱਕ ਜੈਵ ਵਿਭਿੰਨ ਈਕੋਸਿਸਟਮ ਬਣਾਉਂਦੇ ਹਨ, ਜੋ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਕਿਸਾਨ ਪਰਮਾਤਮਾ ਅਤੇ ਉਸਦੀ ਸ੍ਰਿਸ਼ਟੀ ਦੇ ਵਿਚਕਾਰ ਇੱਕ ਕੜੀ ਹੈ ਤੇ ਸ੍ਰਿਸ਼ਟੀ ਦੀ ਦੇਖਭਾਲ ਉਸਦੇ ਜੀਵਨ ਦਾ ਆਧਾਰ ਹੈ। ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਦੇ ਸਾਰੇ ਪ੍ਰਗਟਾਵੇ ਦੀ ਜ਼ਿੰਮੇਵਾਰੀ ਵੀ ਉਸ ਨੂੰ ਸੌਂਪੀ ਗਈ ਹੈ। ਇਸ ਲਈ ਖੇਤੀ ਵਿੱਚ ਅਧਿਆਤਮਿਕਤਾ ਇੱਕ ਅਹਿਮ ਜ਼ਰੂਰਤ ਹੈ। ਕਿਸਾਨ ਪਰਮਾਤਮਾ ਵੱਲੋਂ ਬਖਸ਼ੇ ਖੇਤੀ ਦੇ ਕੁਦਰਤੀ ਤਰੀਕੇ ਵੱਲ ਦੇਖਦੇ ਹਨ ਅਤੇ ਖੇਤੀਬਾੜੀ ਦੀ ਕਦਰ ਕਰਦੇ ਹਨ, ਜੋ ਉਸਦੀ ਰਚਨਾ ਲਈ ਇੱਕ ਟਿਕਾਊ ਤਰੀਕੇ ਨਾਲ ਭੋਜਨ, ਪਾਣੀ ਤੇ ਊਰਜਾ ਪ੍ਰਦਾਨ ਕਰਦੀ ਹੈ। ਸ੍ਰਿਸ਼ਟੀ ਅਤੇ ਕਿਸਾਨੀ ਨੂੰ ਬਚਾਉਣਾ ਅਤੀ ਜ਼ਰੂਰੀ ਹੈ। ਮੈਂ ਕਿਸਾਨ ਨੂੰ ਪਰਮਾਤਮਾ ਤੋਂ ਬਾਅਦ ਸ੍ਰਿਸ਼ਟੀ ਦੇ ਪਾਲਣਹਾਰ ਦੇ ਰੂਪ ਵਿੱਚ ਦੇਖਦਾ ਹਾਂ। ਮੈਂ ਪਰਮਾਤਮਾ ਨੂੰ ਨਹੀਂ ਦੇਖਿਆ, ਪਰ ਮੈਂ ਇੱਕ ਕਿਸਾਨ ਵਿੱਚ ਪਰਮਾਤਮਾ ਨੂੰ ਜ਼ਰੂਰ ਦੇਖਿਆ ਹੈ।

-0-





*ਚਿੜੀਆਂ ਜਨੌਰਾਂ ਦੇ ਜੋ ਭਾਗੀਂ ਬੀਜ ਪਾਉਂਦਾ ਏ, ਜੋ ਵੀ ਦੇਵੇ ਦਾਤਾ, ਸਦਾ ਸ਼ੁਕਰ ਮਨਾਉਂਦਾ ਏ।*
*ਸਭਨਾਂ ਦੀ ਖ਼ੈਰ ਮੰਗੇ, ਤੱਕੇ ਅਸਮਾਨ ਨੂੰ, ਵੇਖੋ ਕਿੰਨਾ ਜੇਰਾ ਦਿੱਤਾ, ਰੱਬ ਨੇ ਕਿਸਾਨ ਨੂੰ। -ਡਾ. ਕੇਵਲ ਅਰੋੜਾ, ਫਰੀਦਕੋਟ*

ਅਹਿਸਾਸ

# ਪਿਆਰ ਜ਼ਿੰਦਗੀ ਦੀ ਖੂਬਸੂਰਤ ਚੀਜ਼ ਹੈ

ਇੰਜੀ. ਸਤਨਾਮ ਸਿੰਘ ਮੱਟੂ
ਫੋਨ:+91-9779708257



ਪਿਆਰ ਤਿੰਨ ਅੱਖਰਾਂ ਪਿ+ਆ+ਰ ਦੇ ਸੁਮੇਲ ਤੋਂ ਬਣਿਆ ਸ਼ਬਦ ਹੈ। ਮੇਰੇ ਖਿਆਲ ਮੁਤਾਬਕ ਇਸਦਾ ਅਰਥ ਪ=ਪਵਿੱਤਰ ਅ=ਆਕਰਸ਼ਕ ਰ=ਰਿਸ਼ਤਾ ਹੋ ਸਕਦਾ ਹੈ। ਮੁਹੱਬਤ, ਪ੍ਰੇਮ, ਪ੍ਰੀਤ, ਸਨੇਹ, ਇਸ਼ਕ, ਹੇਜ, ਮਮਤਾ ਆਦਿ ਇਸਦੇ ਸਮਾਨਾਰਥਕ ਸ਼ਬਦ ਹਨ। ਪਿਆਰ ਕੋਈ ਸਮਾਜਿਕ ਬੰਧਨ ਜਾਂ ਗੁਲਾਮੀ ਨਹੀਂ, ਸਗੋਂ ਦੋ ਰੂਹਾਂ ਦੇ ਆਪਸੀ ਜੋੜ ਦਾ ਰਿਸ਼ਤਾ ਹੈ। ਪਿਆਰ ਇੱਕ ਅਹਿਸਾਸ ਹੈ, ਖਿੱਚ ਹੈ, ਤਿਆਗ ਹੈ, ਦੋ ਦਿਲਾਂ ਦਾ ਇੱਕ ਦੂਜੇ ਵਿੱਚ ਸਮਰਪਣ ਹੈ, ਇਹ ਅੰਗਰੇਜ਼ੀ ਦਾ ਸ਼ਬਦ confluence ਹੈ, ਪਿਆਰ ਲਗਾਅ ਹੈ, ਅਟੁੱਟ ਬੰਧਨ ਹੈ, ਖੁਸ਼ੀ ਹੈ, ਮੁਸਕਰਾਹਟ ਦਾ ਜ਼ਰੀਆ ਹੈ, ਸਕੂਨ ਦੇ ਅਹਿਸਾਸਾਂ ਦਾ ਢੇਰ ਹੈ। ਪਿਆਰ ਪਾਉਣਾ ਨਹੀਂ, ਪਿਆਰ ਦੇਣ ਦਾ ਨਾਮ ਹੈ। ਪਿਆਰ ਤਿਆਗ ਹੈ।

ਪਿਆਰ ਦੋ ਮਨਾਂ ਅੰਦਰ ਇੱਕ ਦੂਜੇ ਪ੍ਰਤੀ ਪੈਦਾ ਹੋਣ ਵਾਲੀਆਂ ਤਰੰਗਾਂ ਹਨ, ਜੋ ਤਾਂਘ ਦੀ ਪ੍ਰਵਿਰਤੀ ਨਾਲ ਦਿਲ ਦੀ ਧੜਕਣ ਤੇਜ਼ ਕਰ ਦਿੰਦੀਆਂ ਹਨ ਅਤੇ ਚਿਹਰਿਆਂ 'ਤੇ ਮੁਸਕਾਨ ਲਿਆਉਂਦੀਆਂ ਹਨ। ਇਹ ਇੱਕ ਉਹ ਧੁਨੀ ਹੈ, ਜੋ ਹੋਰਾਂ ਨੂੰ ਸੁਣਾਈ ਨਹੀਂ ਦਿੰਦੀ, ਬਲਕਿ ਖੁਦ ਦੇ ਅੰਦਰੋਂ ਪੈਦਾ ਹੋ ਕੇ ਖੁਦ ਨੂੰ ਜਾਂ ਜਿਸ ਧੜਕਣ ਨਾਲ ਧੜਕਣ ਨੇ ਇੱਕਮਿਕ ਹੋਣਾ ਹੁੰਦਾ ਹੈ, ਨੂੰ ਹੀ ਸੁਣਾਈ ਦਿੰਦੀ ਹੈ।

ਰਵਾਇਤੀ ਮਨੋਵਿਗਿਆਨਕ ਦ੍ਰਿਸ਼ਟੀਕੋਣ ਪਿਆਰ ਨੂੰ ਸਾਥੀ ਪਿਆਰ ਅਤੇ ਭਾਵੁਕਤਾ ਦਾ ਸੁਮੇਲ ਮੰਨਦਾ ਹੈ।

ਦੂਰ ਬੈਠੇ ਹਮਰਾਹੀ ਲਈ ਅੱਲੜ੍ਹ ਮੁਟਿਆਰ ਜਾਂ ਗੱਭਰੂ ਦੀ ਬੇਵੱਸ ਉਡੀਕ ਵੀ ਰੂਹਾਨੀਅਤ ਪਿਆਰ ਦਾ ਹੀ ਇੱਕ ਰੂਪ ਹੈ ਅਤੇ ਕਿਸੇ ਪਿਆਰੇ ਦੀ ਇੱਕ ਝਲਕ ਦੀ ਤਾਂਘ ਦਾ ਮੁਹੱਬਤੀ ਅਹਿਸਾਸ ਪਿਆਰ ਨੂੰ ਹੀ ਦਰਸਾਉਂਦਾ ਹੈ।

ਸ਼ਬਦ "ਪਿਆਰ" ਵੱਖੋ-ਵੱਖਰੇ ਪ੍ਰਸੰਗਾਂ ਵਿੱਚ ਵੱਖੋ-ਵੱਖ ਮਾਇਨੇ ਰੱਖਦਾ ਹੈ। ਕਈ ਹੋਰ ਭਾਸ਼ਾਵਾਂ ਵੱਖਰੀਆਂ ਧਾਰਨਾਵਾਂ ਨੂੰ ਜ਼ਾਹਰ ਕਰਨ ਲਈ ਕਈ ਵੱਖਰੇ ਸ਼ਬਦਾਂ ਦੀ ਵਰਤੋਂ ਕਰਦੀਆਂ ਹਨ, ਜਿਨ੍ਹਾਂ ਨੂੰ ਅੰਗਰੇਜ਼ੀ ਵਿੱਚ "ਪਿਆਰ" ਵਜੋਂ ਦਰਸਾਇਆ ਗਿਆ ਹੈ। ਇੱਕ ਉਦਾਹਰਣ ਯੂਨਾਨੀ ਸ਼ਬਦਾਂ ਦੀ ਬਹੁਵਚਨਤਾ ਹੈ 'ਪਿਆਰ' ਲਈ, ਜਿਸ ਵਿੱਚ ਅਗੇਪੇ ਅਤੇ ਈਰੋਸ ਸ਼ਾਮਿਲ ਹਨ।

ਸੇਂਟ ਥੌਮਸ ਏਕਿਨਸ, ਅਰਸਤੂ ਦੀ ਪਾਲਣਾ ਕਰਦਿਆਂ ਪਿਆਰ ਨੂੰ "ਇੱਕ ਦੂਜੇ ਦੇ ਭਲੇ ਦੀ ਇੱਛਾ" ਵਜੋਂ ਪਰਿਭਾਸ਼ਿਤ ਕਰਦਾ ਹੈ।

ਬਰਟਰੈਂਡ ਰਸਲ ਪਿਆਰ ਨੂੰ "ਪੂਰਨ ਮੁੱਲ" ਦੀ ਸ਼ਰਤ ਵਜੋਂ ਦਰਸਾਉਂਦਾ ਹੈ।

ਅਨੁਸਾਰੀ ਕਦਰ ਦੇ ਉਲਟ ਫ਼ਿਲਾਸਫ਼ਰ ਗੋਟਫ੍ਰਾਈਡ ਲੀਬਨੀਜ਼ ਨੇ ਕਿਹਾ ਕਿ ਪਿਆਰ "ਇੱਕ ਦੂਸਰੇ ਦੀ ਖੁਸ਼ੀ ਨਾਲ ਖੁਸ਼ ਹੋਣਾ ਹੈ।"

ਮੇਹਰ ਬਾਬੇ ਨੇ ਦੱਸਿਆ ਕਿ ਪਿਆਰ ਵਿੱਚ "ਏਕਤਾ ਦੀ ਭਾਵਨਾ" ਹੈ।

ਜੀਵ-ਵਿਗਿਆਨੀ ਜੇਰੇਮੀ ਗ੍ਰਿਫੀਥ ਪਿਆਰ ਨੂੰ "ਬਿਨਾਂ ਸ਼ਰਤ ਨਿਰਸਵਾਰਥ" ਵਜੋਂ ਪਰਿਭਾਸ਼ਿਤ ਕਰਦਾ ਹੈ।

"ਸੱਚਾ ਪਿਆਰ ਸਾਰੇ ਜੀਵਾਂ ਦੀ ਖੁਸ਼ੀ ਨੂੰ ਨਿਰਪੱਖਤਾ ਨਾਲ ਬਣਾਈ ਰੱਖਣ ਦੀ ਇੱਛਾ ਹੈ, ਚਾਹੇ ਅਸੀਂ ਉਨ੍ਹਾਂ ਨੂੰ ਪਸੰਦ ਕਰਦੇ ਹਾਂ ਜਾਂ ਨਹੀਂ।" - ਯੋਂਗਡਜ਼ਿਨ ਲਿੰਗ ਰਿਨਪੋਚੇ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਿਆਰ {ਪ੍ਰੇਮ, ਮੁਹੱਬਤ, ਪਯਾਰ, ਪ੍ਰਿਯਤਾ ਦਾ ਨਾਮ ਹੈ। ਪਿਆਰ ਦਾ ਭਾਵ। ਸਨੇਹ} 'ਪ੍ਰੇਮ ਕੇ ਸਰ ਲਾਗੇ ਤਨ ਭੀਤਰਿ।' 'ਸਾਚ ਕਹੋਂ ਸੁਨਲੇਹੁ ਸਬੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਯੋ।'

ਮੁਹੱਬਤ- 'ਦਿਲਹੁ ਮੁਹਬਤਿ ਜਿਨ੍ਹ, ਸੇਈ ਸਚਿਆ॥" (ਬਾਬਾ ਫ਼ਰੀਦ),

'ਮੁਹਬਤੈ ਮਨਿ ਤਨਿ ਬਸੈ...॥' (ਤਿਲੰਗ ਮ ੫)} ਆਦਿ ਗੁਰਬਾਣੀ ਤੁਕਾਂ ਨਾਲ ਪ੍ਰਭਾਸ਼ਿਤ ਕੀਤਾ ਹੈ।

ਪ੍ਰੋ. ਕਿਰਪਾਲ ਸਿੰਘ ਕਜ਼ਾਕ ਪਿਆਰ ਨੂੰ ਪ੍ਰੇਮ, ਨਿਹੁੰ, ਮੁਹੱਬਤ, ਪ੍ਰੀਤ ਜਿਹੇ ਸ਼ਬਦਾਂ ਨਾਲ ਦਰਸਾਉਂਦੇ ਹਨ।

ਡਾ. ਹਰਭਜਨ ਸਿੰਘ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚ ਪਿਆਰ ਨੂੰ ਪ੍ਰਭਾਸ਼ਿਤ ਕਰਦਿਆਂ ਲਿਖਦੇ ਹਨ, "ਪਿਆਰ ਨੂੰ ਸੰਸਕ੍ਰਿਤ ਵਿੱਚ ਪ੍ਰਿਯਮ੍ ਨਾਲ ਦਰਸਾਇਆ ਗਿਆ ਹੈ: ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ।"

ਅੰਗਰੇਜ਼ੀ ਦੇ ਇੱਕ ਲੇਖਕ ਅਨੁਸਾਰ,

"Love encompasses a range of strong and positive emotional and mental states, from the most sublime virtue or good habit, the deepest interpersonal affection, to the simplest pleasure."

ਇੱਕ ਲੇਖਕ ਦਾ ਮੱਤ ਹੈ ਕਿ "ਪਿਆਰ ਜਾਂ ਪ੍ਰੇਮ ਸਹਿਚਾਰ ਦੀ ਇੱਕ ਬੁਨਿਆਦੀ ਜੈਵਿਕ ਸ਼ਰਤ ਉੱਤੇ ਆਧਾਰਤ ਮੂਲ ਮਾਨਵੀ ਵਲਵਲਾ ਹੈ, ਜਿਸ ਲਈ ਹਰੇਕ ਬੋਲੀ ਵਿੱਚ ਕਈ-ਕਈ ਸ਼ਬਦ ਵਰਤੇ ਜਾਂਦੇ ਹਨ। ਹਿੰਦ ਉੱਪ ਮਹਾਂਦੀਪ ਵਿੱਚ ਸਭ ਤੋਂ ਵਧੇਰੇ ਪ੍ਰਚਲਿਤ ਹਿੰਦੁਸਤਾਨੀ ਸ਼ਬਦ ਮੁਹੱਬਤ ਹੈ। ਇਸ ਦਾ ਆਧਾਰ ਅਰਬੀ ਸ਼ਬਦ 'ਹੁੱਬ' ਹੈ। ਪਿਆਰ ਆਮ, ਕਿਸੇ ਵਿਸ਼ੇਸ਼ ਵਸਤੂ, ਸੰਕਲਪ, ਵਿਅਕਤੀ ਨਾਲ ਹੋ ਸਕਦਾ ਹੈ। ਇਹ ਮਾਮੂਲੀ ਹੋ ਸਕਦਾ ਹੈ ਅਤੇ ਗੰਭੀਰ ਵੀ। ਗੰਭੀਰ ਸਥਿਤੀ ਜਾਨ ਦੇਣ ਅਤੇ ਲੈਣ ਦੀ ਹੱਦ ਤੱਕ ਹੋ ਸਕਦੀ ਹੈ। ਅਧਿਆਤਮਿਕ ਕਵਿਤਾ ਵਿੱਚ ਦੈਵੀ ਪ੍ਰੇਮ ਹੁੰਦਾ ਹੈ ਅਤੇ ਕਿਸੇ ਖੇਤਰ ਵਿਸ਼ੇਸ਼ ਲਈ ਦੇਸ਼ ਪਿਆਰ।

ਅੰਗਰੇਜ਼ੀ ਸ਼ਬਦ "ਲਵ (love)" ਵੀ ਅਨੇਕ ਭਾਵਨਾਵਾਂ, ਸਥਿਤੀਆਂ ਅਤੇ ਵਤੀਰਿਆਂ ਲਈ ਪ੍ਰਚਲਿਤ ਹੈ। ਇਸ ਵਿੱਚ ਭੋਜਨ ਦੇ ਅਨੰਦ ਤੋਂ ਲੈ ਕੇ ਦੋ ਪ੍ਰੇਮੀਆਂ ਦਰਮਿਆਨ ਇਸ਼ਕ ਤੱਕ ਸ਼ਾਮਲ ਹੈ। ਇਸ ਵਿੱਚ ਪੱਕੇ ਗੂੜ੍ਹੇ ਸਨੇਹ ਦਾ ਵਲਵਲਾ ਅਤੇ ਨਿਜੀ ਮੋਹ ਵੀ ਸ਼ਾਮਲ ਹੈ। ਇਹ ਮਨੁੱਖੀ ਮਿਹਰਬਾਨੀ, ਕਰੁਣਾਭਾਵ ਅਤੇ ਸਨੇਹ ਦੀ ਨੁਮਾਇੰਦਗੀ ਕਰਦੀ ਨੇਕੀ ਵੀ। "ਦੂਜੇ ਦੇ ਭਲੇ ਹਿਤ ਨਿਸ਼ਕਾਮ, ਵਫ਼ਾਦਾਰ ਅਤੇ ਸੁਹਿਰਦ ਸਰੋਕਾਰ ਹੋ ਸਕਦਾ ਹੈ ਅਤੇ ਇਹ ਦੂਸਰੇ ਮਨੁੱਖਾਂ, ਆਪਣੇ ਆਪੇ ਜਾਂ ਜਾਨਵਰਾਂ ਲਈ ਦਇਆ ਤੇ ਸਨੇਹ ਨਾਲ ਗੜੁੱਚ ਸ਼ੁਭਕਰਮ ਵੀ ਹੋ ਸਕਦੇ ਹਨ। ਪਿਆਰ ਅਸਲ ਵਿੱਚ ਇੱਕ ਅਜਿਹਾ ਅਨੁਭਵ ਹੈ, ਜਿਸ ਬਾਰੇ ਕੁਝ ਵੀ ਕਹਿ ਸਕਣਾ ਨਾਮੁਮਕਿਨ ਹੈ। ਇਹ ਉਹ ਅਹਿਸਾਸ ਹੈ, ਜੋ ਹਰ ਇੱਕ ਲਈ ਵੱਖਰਾ ਹੈ। ਇਸਨੂੰ ਸ਼ਬਦਾਂ ਵਿੱਚ ਪਰੋਇਆ ਨਹੀਂ ਜਾ ਸਕਦਾ।"

ਲੇਖਿਕਾ ਸੁਖਦੀਪ ਕੌਰ ਕਹਿੰਦੀ ਹੈ ਕਿ "ਕਿੰਨਾ ਛੋਟਾ ਸ਼ਬਦ ਆ ਪਿਆਰ, ਪਰ ਇਸ ਸ਼ਬਦ 'ਚ ਸਾਰੀ ਦੁਨੀਆ ਸਮਾਈ ਹੋਈ ਹੈ। ਪਿਆਰ ਲਗਪਗ ਹਰੇਕ ਰਿਸ਼ਤੇ 'ਚ ਹੁੰਦਾ ਹੈ ਭਾਵੇਂ ਉਹ ਰਿਸ਼ਤਾ ਮਾਂ-ਬਾਪ ਨਾਲ ਹੋਵੇ, ਭੈਣ-ਭਾਈ ਦਾ ਹੋਵੇ ਜਾਂ ਫੇਰ ਰਿਸ਼ਤੇਦਾਰ, ਕਿਸੇ ਦੋਸਤ ਮਿੱਤਰ ਦਾ ਹੋਵੇ। ਪਿਆਰ ਦਾ ਕੋਈ ਮਤਲਬ ਨਹੀਂ ਹੁੰਦਾ ਤੇ ਜਿੱਥੇ ਵੀ ਪਿਆਰ ਦਾ ਮਤਲਬ ਬਣ ਜਾਂਦਾ ਹੈ, ਉਥੇ ਪਿਆਰ ਨਹੀ ਹੁੰਦਾ।"

ਪਰਵੀਨ ਕੌਰ ਸਿੱਧੂ ਪਿਆਰ ਬਾਰੇ ਕਹਿੰਦੀ ਹੈ ਕਿ "ਪਿਆਰ ਇੱਕ ਸੱਚਾ-ਸੁੱਚਾ ਅਹਿਸਾਸ ਹੈ, ਚੁੱਪ-ਚੁਪੀਤੇ ਕਿਸੇ ਤੋਂ ਕੁਰਬਾਨ ਹੋ ਜਾਣ ਲਈ, ਕਿਸੇ ਦੀਆਂ ਖੁਸ਼ੀਆਂ ਨੂੰ ਪੂਰਾ ਕਰਨ ਲਈ, ਕਿਸੇ ਨੂੰ ਇੱਕ ਪਲ਼ ਤੱਕਣ ਲਈ ਅਤੇ ਉਸ ਨੂੰ ਵੇਖਣ ਲਈ ਜਦੋਂ ਦਿਲ ਵਿੱਚ ਚਾਹ ਹੋਵੇ ਤਾਂ ਉਹ ਪਿਆਰ ਹੀ ਹੁੰਦਾ ਹੈ।"

ਜਸਵਿੰਦਰ ਕੌਰ ਅਨੁਸਾਰ, "ਪਿਆਰ ਇੱਕ ਅਜਿਹਾ ਸ਼ਬਦ ਹੈ, ਜੋ ਅਨੇਕਾਂ ਹੀ ਰਿਸ਼ਤਿਆਂ, ਭਾਵਨਾਵਾਂ ਅਤੇ ਪ੍ਰਤੀਕਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਜੇਕਰ ਸ਼ਬਦੀ ਅਰਥਾਂ ਦੇ ਆਧਾਰ 'ਤੇ ਦੇਖੀਏ ਤਾਂ ਪਿਆਰ, ਮੁਹੱਬਤ, ਲਵ ਇੱਕ ਮਾਨਵੀ ਵਲਵਲਾ ਹੈ ਅਤੇ ਇਹ ਕਿਸੇ ਵੀ ਵਸਤੂ ਸੰਕਲਪ ਜਾਂ ਵਿਅਕਤੀ ਨਾਲ ਹੋ ਸਕਦਾ ਹੈ। ਪਿਆਰ ਇੱਕ ਗੂੜ੍ਹੀ ਸਾਂਝ ਅਤੇ ਨਿੱਜੀ ਮੋਹ ਦਾ ਸੁਮੇਲ ਹੈ।"

ਪਿਆਰ ਸ਼ਬਦ ਪ੍ਰਤੀ ਆਪਣੀ ਸੰਵੇਦਨਾ ਵਿਅਕਤ ਕਰਦਾ ਇੱਕ ਸ਼ਾਇਰ ਲਿਖਦਾ ਹੈ:

"ਹਮ ਯੂੰ ਹੀ ਨਹੀਂ
ਪਿਆਰ, ਪਿਆਰ, ਪਿਆਰ, ਕੁਰਲਾਤੇ ਹੈਂ,
ਇਸ ਪਿਆਰ ਕੇ ਕਾਰਨ ਹੀ ਹਮ
ਇਨਸਾਨ ਬਨ ਜਾਤੇ ਹੈਂ,
ਹਮ ਇਨਸਾਨ ਬਨ ਜਾਤੇ ਹੈਂ।"

ਪਿਆਰ ਲਈ ਫ਼ਾਰਸੀ ਸ਼ਬਦ ਇਸ਼ਕ ਹੈ, ਜੋ ਅਰਬੀ ਭਾਸ਼ਾ ਤੋਂ ਲਿਆ ਗਿਆ ਹੈ, ਹਾਲਾਂਕਿ ਬਹੁਤੇ ਵਿਅਕਤੀਆਂ ਦੁਆਰਾ ਆਪਸੀ ਪਿਆਰ ਲਈ ਇੱਕ ਸ਼ਬਦ ਨਹੀਂ ਸਮਝਿਆ ਜਾਂਦਾ, ਆਮ ਤੌਰ 'ਤੇ ਪਸੰਦ ਲਈ ਵਰਤਿਆ ਜਾਂਦਾ ਹੈ। ਫ਼ਾਰਸੀ ਸੱਭਿਆਚਾਰ ਵਿੱਚ ਸਭ ਕੁਝ ਪਿਆਰ ਨਾਲ ਘਿਰਿਆ ਹੋਇਆ ਹੈ ਅਤੇ ਸਭ ਪਿਆਰ ਲਈ ਹੈ, ਪਿਆਰ ਕਰਨ ਵਾਲੇ ਦੋਸਤ ਅਤੇ ਪਰਿਵਾਰ, ਪਤੀ ਤੇ ਪਤਨੀ ਤੋਂ ਸ਼ੁਰੂ ਹੁੰਦਾ ਹੈ ਤੇ ਅੰਤ ਵਿੱਚ ਬ੍ਰਹਮ ਪਿਆਰ ਤੱਕ ਪਹੁੰਚਣਾ ਹੈ, ਜੋ ਜੀਵਨ ਦਾ ਅੰਤਿਮ ਟੀਚਾ ਹੈ।

ਗੁਰਬਾਣੀ ਵਿੱਚ ਵੀ ਪਿਆਰ ਵਿੱਚ ਆਪਾਂ ਵਾਰਨ ਜਾਂ ਸਮਰਪਣ ਕਰਨ ਦੀ ਪ੍ਰੋੜਤਾ ਕੀਤੀ ਗਈ ਹੈ, ਚਾਹੇ ਗੁਰਮਤਿ ਅਨੁਸਾਰ ਇਹ ਪਿਆਰ ਅਕਾਲ ਪੁਰਖ, ਵਾਹਿਗੁਰੂ, ਪਰਮਾਤਮਾ ਜਾਂ ਗੁਰੂ ਨਾਲ ਪਾਉਣ/ਨਿਭਾਉਣ ਦੀ ਗੱਲ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ 1412)

ਅਧਿਆਤਮਕ ਪਿਆਰ ਦੇ ਇਸ ਰਸਤੇ 'ਤੇ ਪੈਰ ਧਰਨ ਲਈ ਬਿਨਾ ਝਿਜਕ ਆਪਾ ਸੌਂਪਣਾ ਪੈਂਦਾ ਹੈ। ਇਸ ਹਕੀਕਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਸ ਲਈ ਗੁਰੂ ਨਾਲ ਪਿਆਰ ਦਾ ਦਆਵਾ ਤਾਂ ਬਹੁਤ ਕਰਦੇ ਹਨ, ਪਰ ਗੁਰੂ ਨੂੰ ਆਪਾ ਸਮਰਪਣ ਕੋਈ ਵਿਰਲਾ ਹੀ ਕਰਦਾ ਹੈ। ਗੁਰੂ ਨੂੰ ਆਪਾ ਸਮਰਪਣ ਤੋਂ ਭਾਵ ਮਨਮੱਤ ਨੂੰ ਛੱਡ ਕੇ ਗੁਰਮਤਿ ਨੂੰ ਪੂਰਨ ਤੌਰ 'ਤੇ ਸਵੀਕਾਰ ਕਰਨਾ ਹੈ।

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ (ਪੰਨਾ 83)



**ਇਸ ਜਨਮ ਵਿੱਚ ਮਿਲੇ ਇਹ ਸੰਸਾਰਿਕ ਰਿਸ਼ਤੇ ਅਗਲੇ ਜਨਮ ਵਿੱਚ ਸਾਡੇ ਨਹੀਂ ਹੋਣਗੇ। ਸੋ ਕੁਦਰਤਿ ਅਤੇ ਕਾਇਨਾਤ ਨਾਲ ਪਿਆਰ ਕਰਦਿਆਂ ਪਰਿਵਾਰਕ ਰਿਸ਼ਤਿਆਂ ਦੀ ਕਦਰ ਕਰੋ, ਇੱਜ਼ਤ ਦਿਓ, ਪਿਆਰ ਕਰੋ, ਸਤਿਕਾਰ ਵੰਡੋ। ਗੁਰੂਆਂ, ਪੀਰਾਂ, ਪੈਗੰਬਰਾਂ ਦੇ ਮੁਹੱਬਤੀ ਸੁਨੇਹੇ ਤੇ ਅਮਲ ਕਰਕੇ ਮਾਨਵਤਾਵਾਦੀ ਬਣੀਏ, ਪਿਆਰ ਦੀ ਖੁਸ਼ਬੋਈ ਫੈਲਾਈਏ।**

ਜਿਸ (ਪਿਆਰੇ) ਨਾਲ ਪਿਆਰ ਹੋਵੇ, ਉਸ ਅੱਗੇ ਮਰਨਾ ਪੈਂਦਾ ਹੈ ਭਾਵ ਉਸ ਨੂੰ ਆਪਾ ਸੌਂਪਣਾ ਪੈਂਦਾ ਹੈ।

ਗੁਰਮਤਿ ਵਿੱਚ ਪਿਆਰ ਦਾ ਅਰਥ ਹੈ- "ਕਿਸੇ ਲਈ ਕੋਈ ਵੀ ਮਾੜਾ ਵਿਚਾਰ ਜਾਂ ਖਿਆਲ ਮਨ ਵਿੱਚ ਪੈਦਾ ਨਾ ਹੋਣਾ। ਜੇਕਰ ਸਾਡੇ ਦਿਲ ਵਿੱਚ ਕਿਸੇ ਲਈ ਮਾੜੇ ਵਿਚਾਰ ਜਾਂ ਸਾੜਾ ਹੈ ਤਾਂ ਗੁਰਮਤਿ ਅਨੁਸਾਰ ਉਸਨੂੰ ਪਿਆਰ ਦੀ ਸੰਗਿਆ ਨਹੀਂ ਦਿੱਤੀ ਜਾ ਸਕਦੀ, ਉੱਥੇ ਸਾਡਾ ਸਵਾਰਥੀਪੁਣਾ ਜ਼ਾਹਰ ਹੁੰਦਾ ਹੈ। ਜੋ ਗੁਣ ਸਾਨੂੰ ਕਿਸੇ ਇਨਸਾਨ ਵਿੱਚ ਚੰਗੇ ਲੱਗਦੇ ਹਨ, ਸਾਡੀ ਸੋਚ ਮੁਤਾਬਿਕ ਅਸੀਂ ਉਸਨੂੰ ਚੰਗਾ ਸਮਝਦੇ ਹਾਂ, ਇਹ ਪਿਆਰ ਹੈ, ਇਸੇ ਕਰਕੇ ਗੁਰਬਾਣੀ ਵਿੱਚ ਲਿਖਿਆ ਹੈ: "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥"

ਈਸ਼ਵਰ ਨਾਲ ਅਟੁੱਟ ਮੁਹੱਬਤ ਦਾ ਜ਼ਿਕਰ ਕਰਦਿਆਂ ਗੁਰਬਾਣੀ ਪ੍ਰੋੜਤਾ ਕਰਦੀ ਹੈ:

ਜਿਸ ਨੋ ਪ੍ਰੇਮੁ ਮੰਨਿ ਵਸਾਏ॥
ਸਾਚੈ ਸਬਦਿ ਸਹਜਿ ਸੁਭਾਏ॥
ਏਹਾ ਵੇਦਨ ਸੋਈ ਜਾਣੈ
ਅਵਰੁ ਕਿ ਜਾਣੈ ਕਾਰੀ ਜੀਉ॥

ਹੇ ਭਾਈ! ਪਰਮਾਤਮਾ ਆਪ (ਜੀਵ ਨੂੰ ਆਪਣੇ ਚਰਨਾਂ ਨਾਲ) ਜੋੜਦਾ ਹੈ, ਆਪ ਹੀ ਮਿਲਾਂਦਾ ਹੈ। (ਜੀਵ ਦੇ ਹਿਰਦੇ ਵਿਚ) ਆਪਣਾ ਪਿਆਰ ਪਰਮਾਤਮਾ ਆਪ ਹੀ ਪੈਦਾ ਕਰਦਾ ਹੈ। ਹੇ ਪ੍ਰਭੂ! (ਤੇਰੇ) ਪਿਆਰ ਦੀ ਕਦਰ (ਭੀ) ਉਹੀ ਜੀਵ ਜਾਣ ਸਕਦਾ ਹੈ, ਜਿਸ ਉਤੇ ਤੇਰੀ ਮਿਹਰ ਦੀ ਨਿਗਾਹ ਹੁੰਦੀ ਹੈ।

ਪਿਆਰ ਦੋ ਰੂਹਾਂ ਦੇ ਆਪਸੀ ਰਿਸ਼ਤੇ ਨੂੰ ਜੋੜ ਕੇ ਰੱਖਣ ਦੀ ਅਹਿਮ ਭੂਮਿਕਾ ਅਦਾ ਕਰਦਾ ਹੈ।

"ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥" ਦਾ ਭਾਵ ਅਰਥ ਵੀ ਇਹੋ ਸੱਚ ਕਹਿ ਰਿਹਾ ਹੈ ਕਿ ਸਾਰੇ ਸੁਣੋ, ਜਿਸ ਨੇ ਰੱਬ ਨਾਲ ਪਿਆਰ ਕਰ ਲਿਆ, ਉਸ ਨੇ ਰੱਬ ਨੂੰ ਪਾ ਲਿਆ ਹੈ।

ਬਾਬਾ ਸ਼ੇਖ ਫਰੀਦ ਜੀ ਵੀ ਲੱਖ ਔਕੜਾਂ ਭਰੇ ਰਸਤਿਆਂ 'ਤੇ ਤੁਰਨ ਲਈ ਜ਼ਿਕਰ ਕਰਦਿਆਂ ਖ਼ੁਦਾ ਨਾਲ ਪਿਆਰ, ਲਗਾਅ, ਸਨੇਹ ਪ੍ਰੀਤ ਦੀ ਗੰਢ ਪੀਢੀ ਰੱਖਣ ਦਾ ਸੁਨੇਹਾ ਦਿੰਦੇ ਹਨ:

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤਾ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥

**ਸੰਸਾਰਿਕ ਪ੍ਰਤਿਕਿਰਿਆ:** ਮਾਵਾਂ ਦਾ ਆਪਣੇ ਬੱਚਿਆਂ ਪ੍ਰਤੀ ਸਨੇਹ, ਸਾਂਝ ਅਤੇ ਸਾਂਭ-ਸੰਭਾਲ ਪਿਆਰ ਦਾ ਹੀ ਸਿੱਟਾ ਹੈ। ਇਹ ਮਨੁੱਖ, ਜਾਨਵਰ, ਪੰਛੀ, ਜੀਵ ਕਿਸੇ ਵੀ ਰੂਪ ਵਿੱਚ ਹੋ ਸਕਦਾ ਹੈ। ਆਪਣੀ ਜਾਨ 'ਤੇ ਖੇਡ ਕੇ ਵੀ ਮਾਪੇ ਆਪਣੇ ਬੱਚਿਆਂ ਨੂੰ ਤੱਤੀ 'ਵਾ ਨਹੀਂ ਲੱਗਣ ਦਿੰਦੇ। ਇਹ ਪਿਆਰ ਦਾ ਹੀ ਇੱਕ ਰੂਪ ਕਿਹਾ ਜਾ ਸਕਦਾ ਹੈ। ਪੰਛੀ ਆਪਣੇ ਮੂੰਹ 'ਚੋਂ ਕੱਢ ਕੇ ਖਾਣਾ ਆਪਣੇ ਬੱਚਿਆਂ ਨੂੰ ਖਵਾਉਂਦੇ ਹਨ, ਮਾਵਾਂ ਜਦੋਂ ਆਪਣੇ ਬੱਚੇ ਨੂੰ ਦੁੱਧ ਪਿਲਾਉਂਦੀਆਂ ਹਨ ਤਾਂ ਇੱਕ ਰਾਹਤ ਭਰੇ ਪਿਆਰ ਜਿਹੇ ਸਕੂਨ ਦਾ ਅਹਿਸਾਸ ਮਹਿਸੂਸ ਕਰਦੀਆਂ ਹਨ। ਲੱਖਾਂ ਮੀਲਾਂ ਦੂਰ ਆਪਣੇ ਬੱਚੇ ਛੱਡ ਕੇ ਆਈਆਂ ਕੂੰਜਾਂ ਬੱਚਿਆਂ ਦੇ ਪਿਆਰ 'ਚ ਹਮੇਸ਼ਾ ਭਿੱਜੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ ਦੇ ਸੁਖਦ ਦਾ ਅਹਿਸਾਸ ਕਬੂਲਦੀਆਂ ਹਨ। ਇਹ ਰੂਹਾਨੀਅਤ ਪਿਆਰ ਦਾ ਹੀ ਸਬੂਤ ਮੰਨਣਾ ਪਵੇਗਾ। ਭੈਣ ਭਾਈ ਦਾ ਆਪਸੀ, ਬੱਚਿਆਂ ਦਾ ਮਾਪਿਆਂ ਨਾਲ, ਰਿਸ਼ਤਿਆਂ ਨਾਲ, ਭਾਈਚਾਰੇ ਨਾਲ, ਬਨਸਪਤੀ, ਜਾਨਵਰਾਂ, ਕੁਦਰਤ, ਵਾਤਾਵਰਨ ਨਾਲ ਸਾਂਝ ਜਾਂ ਲਗਾਅ ਨੂੰ ਪਿਆਰ ਕਹਿਣ ਤੋਂ ਕਿਨਾਰਾਕਸ਼ੀ ਨਹੀਂ।

ਕਹਿੰਦੇ ਹਨ ਕਿ ਕੱਛੂਕੁੰਮੀ ਪਾਣੀ ਤੋਂ ਬਾਹਰ ਰੇਤ ਵਿੱਚ ਆਂਡੇ ਦੇ ਕੇ ਪਾਣੀ ਵਿੱਚ ਰਹਿੰਦਿਆਂ ਆਤਮਿਕ ਤੌਰ 'ਤੇ ਉਨ੍ਹਾਂ ਨਾਲ ਜੁੜੀ ਰਹਿੰਦੀ ਹੈ, ਪਰ ਜਦੋਂ ਆਂਡਿਆਂ 'ਚੋਂ ਬੱਚੇ ਨਿਕਲ ਆਉਂਦੇ ਹਨ ਤਾਂ ਉਹ ਆਪ ਮੁਹਾਰੇ ਆਪਣੀ ਮਾਂ ਵੱਲ ਹੀ ਆਕ੍ਰਸ਼ਿਤ ਹੁੰਦੇ ਆਉਂਦੇ ਹਨ, ਇਹ ਪਿਆਰ ਦੀ ਖਿੱਚ ਦਾ ਹੀ ਨਤੀਜਾ ਹੈ।

ਕਿਸੇ ਰੂਹ, ਦਿਲ ਜਾਂ ਆਤਮਾ ਨੂੰ ਇੱਕ ਦੂਜੇ ਵੱਲ ਖਿੱਚਣ ਵਾਲੀ ਅਸੀਮ ਸ਼ਕਤੀ ਨੂੰ ਮੁਹੱਬਤ ਹੀ ਹੋ ਸਕਦੀ ਹੈ। ਕਿਸੇ ਲੇਖਕ ਨੇ ਮੁਹੱਬਤ ਦਾ ਪ੍ਰਗਟਾਵਾ ਕਰਦਿਆਂ ਕਿਆ ਖੂਬ ਲਿਖਿਆ ਹੈ:

ਮੁਹੱਬਤ ਕੀ ਏ ਚਲ ਦੋ ਲਫ਼ਜ਼ਾਂ ਵਿੱਚ ਦੱਸਦੇ ਹਾਂ,
ਤੇਰਾ ਮਜਬੂਰ ਕਰ ਦੇਣਾ... ਮੇਰਾ ਮਜਬੂਰ ਹੋ ਜਾਣਾ।

ਇਸੇ ਤਰ੍ਹਾਂ ਸੱਜਰੀ ਸਵੇਰ ਦੇ ਸਮੇਂ ਬੂਟਿਆਂ ਦੇ ਪੱਤਿਆਂ 'ਤੇ ਪਈ ਮੋਤੀਆਂ ਵਰਗੇ ਤ੍ਰੇਲ ਦੇ ਤੁਪਕਿਆਂ ਦੀ ਠੰਡਕ ਵਰਗੇ ਅਹਿਸਾਸ ਨੂੰ ਪ੍ਰਗਟਾਉਂਦਾ ਪਿਆਰ ਦੇ ਬੰਧਨ 'ਚ ਬੱਝਿਆ ਕਿਸੇ ਦਿਲਦਾਰ ਦਾ ਦਿਲ ਕਹਿ ਉੱਠਦਾ ਹੈ:

ਜ਼ਿਆਦਾ ਨਹੀਂ ਬਸ ਇੰਨੀ ਕੁ ਮੁਹੱਬਤ ਆ ਤੇਰੇ ਨਾਲ,
ਰਾਤ ਦਾ ਆਖਰੀ ਖਿਆਲ ਤੇ ਸਵੇਰ ਦੀ ਪਹਿਲੀ ਸੋਚ ਆ ਤੂੰ।

ਪਿਆਰ ਤਿਆਗ ਹੈ, ਪਿਆਰ ਇਬਾਦਤ ਹੈ, ਪਿਆਰ ਸੱਚਾ ਇਸ਼ਕ ਹੈ। ਦੋ ਦਿਲਾਂ ਦੇ ਸਾਰਥਕ ਜੋੜ ਨੂੰ ਦੱਸਦਾ ਸ਼ਾਇਰ ਲਿਖਦਾ ਹੈ:

ਜ਼ਿਕਰ ਅੱਲਾ ਦਾ ਤੇ ਗੱਲ ਦਿਲਦਾਰ ਦੀ ਹੋਵੇ
ਸੱਜਦਾ ਅੱਲਾ ਨੂੰ ਤੇ ਰਸਮ ਪਿਆਰ ਦੀ ਹੋਵੇ
ਇਨ੍ਹਾਂ ਆਸ਼ਕਾਂ ਦੇ ਮਹਜ਼ਬ ਦੀ ਕੀ ਗੱਲ ਕਰੀਏ
ਇਬਾਦਤ ਰੱਬ ਦੀ ਤੇ ਸੂਰਤ ਯਾਰ ਦੀ ਹੋਵੇ...।

ਹਿੰਦੀ ਦਾ ਇੱਕ ਲੇਖਕ ਪਿਆਰ ਦੀਆਂ ਕਦਮ ਦਰ ਕੁਝ ਪੌੜੀਆਂ ਦਾ ਕ੍ਰਮਵਾਰ ਜ਼ਿਕਰ ਕਰਦਿਆਂ ਪ੍ਰੇਮ ਹੋਣ ਦੇ ਸੱਤ ਪੜਾਅ ਲਿਖਦਾ ਹੈ: ਪਹਿਲਾ ਆਕ੍ਰਸਣ, ਦੂਜਾ ਖਿਆਲ, ਤੀਸਰਾ ਮਿਲਣ ਦੀ ਚਾਹਤ, ਚੌਥਾ ਸਾਥ ਰਹਿਣ ਦੀ ਚਾਹਤ, ਪੰਜਵਾਂ ਮਿਲਣ ਤੇ ਗੱਲ ਕਰਨ ਦੀ ਕੋਸ਼ਿਸ਼ ਕਰਨਾ, ਛੇਵਾਂ ਮਿਲ ਕੇ ਇਜ਼ਹਾਰ ਕਰਨਾ, ਸੱਤਵਾਂ ਸਾਥ ਜ਼ਿੰਦਗੀ ਜੀਣ ਦਾ ਯਤਨ ਕਰਨਾ ਅਤੇ ਅੰਤ 'ਚ ਜੀਵਨ ਸਾਥੀ ਬਣ ਜਾਣਾ।

ਸਾਡੇ ਤਿਉਹਾਰ, ਮੇਲੇ, ਸਮਾਜਿਕ, ਪਰਿਵਾਰਕ ਅਤੇ ਸੱਭਿਆਚਾਰਕ ਰਸਮਾਂ ਭਾਈਚਾਰਕ ਸਾਂਝ ਦੀ ਮੁਹੱਬਤ ਦੀ ਮਿਸਾਲ ਹਨ।

ਰਹੀਮ ਜੀ ਵੀ ਆਪਣੇ ਦੋਹਿਆਂ ਵਿੱਚ ਪਿਆਰ/ਪ੍ਰੇਮ ਦੀ ਗਵਾਹੀ ਦਿੰਦਿਆਂ ਲਿਖਦੇ ਹਨ:

ਰਹਿਮਨ ਧਾਗਾ ਪ੍ਰੇਮ ਕਾ, ਮਤ ਤੋੜੋ ਚਟਕਾਯ ।
ਟੂਟੇ ਸੇ ਫਿਰ ਨ ਜੁੜੇ, ਜੁੜੇ ਗਾਂਠ ਪਰਿ ਜਾਯ ॥

ਇਸ ਜਨਮ ਵਿੱਚ ਮਿਲੇ ਇਹ ਸੰਸਾਰਿਕ ਰਿਸ਼ਤੇ ਅਗਲੇ ਜਨਮ ਵਿੱਚ ਸਾਡੇ ਨਹੀਂ ਹੋਣਗੇ। ਸੋ ਕੁਦਰਤਿ ਅਤੇ ਕਾਇਨਾਤ ਨਾਲ ਪਿਆਰ ਕਰਦਿਆਂ ਪਰਿਵਾਰਕ ਰਿਸ਼ਤਿਆਂ ਦੀ ਕਦਰ ਕਰੋ, ਇੱਜ਼ਤ ਦਿਓ, ਪਿਆਰ ਕਰੋ, ਸਤਿਕਾਰ ਵੰਡੋ। ਗੁਰੂਆਂ, ਪੀਰਾਂ, ਪੈਗੰਬਰਾਂ ਦੇ ਮੁਹੱਬਤੀ ਸੁਨੇਹੇ ਤੇ ਅਮਲ ਕਰਕੇ ਮਾਨਵਤਾਵਾਦੀ ਬਣੀਏ, ਪਿਆਰ ਦੀ ਖੁਸ਼ਬੋਈ ਫੈਲਾਈਏ।

ਅੰਤ ਵਿੱਚ ਰਿਸ਼ਤਿਆਂ ਦੇ ਪਿਆਰ ਦੀ ਗੱਲ ਕਰਦੇ ਕਿਸੇ ਸ਼ਾਇਰ ਨੇ ਖੂਬ ਲਿਖਿਆ ਹੈ:

ਮਾਂ ਦਾ ਪਿਆਰ ਸਾਡੇ ਸਭ ਲਈ ਅਮੁੱਲ ਹੈ
ਭੈਣ ਭਾਈ ਕਰਦੇ ਤਾਂ ਦੱਸੋ ਕੀਹਦੇ ਤੁੱਲ ਹੈ
ਪਤੀ ਪਤਨੀ 'ਚ ਪਿਆਰ ਸੁੱਖਾਂ ਵਾਲਾ ਪੰਧ ਏ
ਭਾਈਆਂ 'ਚ ਪਿਆਰ ਇੱਕ ਵੱਖਰਾ ਆਨੰਦ ਏ
ਖ਼ੁਸ਼ ਰਹਿਣਾ ਜ਼ਿੰਦਗੀ 'ਚ ਸੁੱਖਾਂ ਵਾਲਾ ਬੀਜ ਹੈ
ਪਿਆਰ ਜ਼ਿੰਦਗੀ ਦੀ ਖੂਬਸੂਰਤ ਚੀਜ਼ ਹੈ।

***ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾ਼ਲ ਗੱਲਾਂ' ਨੂੰ ਅਸੀਂ ਹਥਲੇ ਅੰਕ ਤੋਂ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ। ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ ਦੇ ਸ਼ਬਦਾਂ ਵਿੱਚ "ਇਸ ਸਫਰਨਾਮੇ ਦੀ ਵਿਲੱਖਣਤਾ ਇਹ ਹੈ ਕਿ ਇਸ ਵਿੱਚ ਬਹੁਤਾ ਖਲਾਰਾ ਨਹੀਂ ਹੈ। ਇਹ ਸਫਰਨਾਮਾ ਪੜ੍ਹ ਕੇ ਪਾਕਿਸਤਾਨ ਇੱਕ ਐਸੀ ਜਗ੍ਹਾ ਲੱਗਣ ਲੱਗ ਜਾਵੇਗੀ, ਜਿੱਧਰ ਜਾਣਾ ਜਰੂਰੀ ਹੈ। ਇਹ ਲਾਹੌਰ ਨਾਲ ਆਪਣੀ ਸਾਂਝ ਨੂੰ ਦਰਸਾਉਂਦਾ ਹੈ।" ਇਹ ਸਭ ਤੇ ਹੋਰ ਬੜਾ ਕੁਝ ਰਵਿੰਦਰ ਸਹਿਰਾਅ ਨੇ 'ਲਾਹੌਰ ਨਾਲ ਗੱਲਾਂ' ਵਿੱਚ ਬੜੀ ਖੂਬਸੂਰਤੀ ਨਾਲ ਅੰਕਿਤ ਕੀਤਾ ਹੈ। ਪੇਸ਼ ਹੈ, ਪਹਿਲੀ ਕਿਸ਼ਤ...***






**ਰਵਿੰਦਰ ਸਹਿਰਾਅ**
ਫੋਨ: 219-900-1115

ਲਾਹੌਰ ਪੰਜਾਬ ਦੇ ਇਤਿਹਾਸ, ਸੱਭਿਆਚਾਰ, ਰਾਜਨੀਤੀ, ਫ਼ਿਲਮ, ਫ਼ੈਸ਼ਨ, ਕਲਾ, ਸਾਹਿਤ, ਸਿੱਖਿਆ, ਇਮਾਰਤਸਾਜ਼ੀ ਦਾ ਮਰਕਜ਼ ਕਹਾਉਂਦਾ ਸੀ। ਇਸਨੇ ਹਰੇਕ ਖੇਤਰ ਨਾ਼ਲ ਜੁੜੀਆਂ ਸੰਸਾਰ-ਪ੍ਰਸਿੱਧ ਹਸਤੀਆਂ ਪੈਦਾ ਕੀਤੀਆਂ, ਜਿਨ੍ਹਾਂ ਦੀ ਕਾਰ-ਕਰਦਗੀ 'ਤੇ ਪੂਰਾ ਬਰੇ-ਸਗੀਰ ਮਾਣ ਕਰਦਾ ਹੈ। ਜਿਹੜਾ ਕਿਹਾ ਜਾਂਦਾ ਹੈ: 'ਜਿਸਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਨਹੀਂ', ਇਸਦੇ ਗਹਿਰੇ ਅਰਥ ਹਨ। ਜੇ ਸਾਡਾ ਆਪਣੇ ਇਤਿਹਾਸ, ਸਕਾ਼ਫ਼ਤ, ਕਲਾ, ਸਾਹਿਤ 'ਤੇ ਹੋਰ ਕੋਮਲ ਕਲਾਵਾਂ ਨਾ਼ਲ ਸਜਿੰਦਾ ਨਾਤਾ ਨਹੀਂ ਜੁੜਦਾ ਤਾਂ ਸਮਝੋ ਸਾਡੇ ਅੰਦਰ ਸੂਝ ਤੇ ਸੰਵੇਦਨਾ ਦਾ ਵੱਡਾ ਹਿੱਸਾ ਸੁੱਤਾ ਪਿਆ ਹੈ, ਜਿਸ ਨੂੰ ਜਗਾਉਣ ਲਈ ਸਾਡੀ ਸੁਰਤ ਨੂੰ ਜੁੰਬਿਸ਼ ਦੇਣ ਦੀ ਲੋੜ ਹੈ। ਲਾਹੌਰ ਜਾਣ ਨਾ਼ਲ, ਲਾਹੌਰ ਨੂੰ ਵੇਖਣ, ਜਾਨਣ ਤੇ ਸਮਝਣ ਨਾ਼ਲ ਸਾਡੇ ਅੰਦਰਲੇ ਬੰਦ ਕਈ ਕਿਵਾੜ ਖੁੱਲ੍ਹਦੇ ਹਨ। ਬੰਦੇ ਅੰਦਰ ਇੱਕ ਨਵਾਂ ਸੰਸਾਰ ਉਦੈ ਹੁੰਦਾ ਹੈ, ਜਾਗਦਾ ਹੈ, ਕਰਵਟ ਲੈਂਦਾ ਹੈ। ਉਹਦੀ ਸੂਝ-ਸੁਰਤ ਦਾ ਕੋਈ ਸੁੱਤਾ ਹਿੱਸਾ, ਭਾਵੇਂ ਉਹ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ, ਜਾਗ ਪੈਂਦਾ ਹੈ। ਏਸੇ ਨੂੰ ਬੰਦੇ ਦਾ ਜੰਮਣਾ ਕਹਿੰਦੇ ਨੇ। ਇਹੋ ਕਾਰਨ ਹੈ ਕਿ ਲਾਹੌਰ ਨੂੰ ਵੇਖਣ-ਮਿਲਣ ਦੀ ਖਿੱਚ ਹਰੇਕ ਪੰਜਾਬੀ-ਮਨ ਵਿੱਚ ਤੁਣਕੇ ਮਾਰਦੀ ਰਹਿੰਦੀ ਹੈ...।

ਰਵਿੰਦਰ ਸਹਿਰਾਅ ਦਾ ਲਾਹੌਰ ਨੂੰ ਮਿਲਣਾ ਕੇਵਲ ਇਮਾਰਤਾਂ, ਬਜ਼ਾਰਾਂ ਤੇ ਬੰਦਿਆਂ ਨੂੰ ਮਿਲਣਾ ਹੀ ਨਹੀਂ, ਸਦੀਆਂ ਤੋਂ ਪੰਜਾਬੀਆਂ ਦੇ ਸਾਂਝੇ ਸਾਹ ਲੈਂਦੇ ਅਹਿਸਾਸ ਦੀ ਧੜਕਣ ਨੂੰ ਸੁਣਨਾ ਵੀ ਹੈ।.. ਇਹ ਸਫ਼ਰਨਾਮਾ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਬੰਦ ਦਿਲਾਂ ਨੂੰ ਖੋਲ੍ਹਦਾ ਹੈ। ਸਾਂਝੇ ਲਾਹੌਰ ਨਾ਼ਲ ਜੋੜਦਾ ਹੈ, ਜਿਸ ਬਾਰੇ ਲੋਕ ਗੀਤ ਪ੍ਰਚੱਲਿਤ ਹਨ: ਉੱਚੇ ਬੁਰਜ ਲਾਹੌਰ ਦੇ, ਜਿੱਥੇ ਬ਼ਲਦੇ ਚਾਰ ਮਿਸ਼ਾਲ...।

*-ਵਰਿਆਮ ਸਿੰਘ ਸੰਧੂ*

# ਲਾਹੌਰ ਦੇਖਣ ਦਾ ਸਬੱਬ

ਲਾਹੌਰ ਸ਼ਹਿਰ ਦੇਖਣ ਦਾ ਕਈ ਵੇਰ ਬਣਦਾ-ਬਣਦਾ ਟਲਦਾ ਰਿਹਾ। ਜਾਵੇਦ ਬੂਟਾ ਨਾ਼ਲ ਵੀ ਕਈ ਵੇਰ ਗੱਲ ਚੱਲੀ। ਕਦੀ ਉਹਦੇ ਨਾ਼ਲ ਵਕਤ ਮੈਚ ਨਾ ਕਰਨਾ, ਕਦੀ ਕੰਮ ਦਾ ਮਸਲਾ ਤੇ ਕਦੀ ਵਕਤ ਸਿਰ ਸੱਦਾ ਪੱਤਰ ਨਾ ਮਿਲਣਾ। ਇੱਕ ਵੇਰ ਮਨਜ਼ੂਰ ਇਜ਼ਾਜ਼ ਨੇ ਉੱਥੇ ਹੁੰਦੇ ਪੰਜਾਬੀ ਮੇਲੇ ਬਾਰੇ ਦੱਸਿਆ। ਦਿਲ 'ਚ ਡਰ ਵੀ ਹੋਣਾ ਕਿ ਉਥੇ ਕੋਈ ਜਾਣ ਨਾ ਪਹਿਚਾਣ। ਠਹਿਰਿਆ ਕਿੱਥੇ ਜਾਵੇਗਾ। ਘੁਮਾਏ ਫਿਰਾਏਗਾ ਕੌਣ? ਹੋਟਲਾਂ ਵਿੱਚ ਤਾਂ ਜ਼ਿਆਦਾ ਦੇਰ ਠਹਿਰ ਨਹੀਂ ਸਕਦੇ। ਸਾਲਾਂ ਦੇ ਸਾਲ ਲੰਘਦੇ ਗਏ। ਪੈਸੇ ਧੇਲੇ ਦੀ ਵੀ ਮੁਸ਼ਕਲ ਆ ਜਾਣੀ। ਕਿਉਂਕਿ ਸਾਡੇ ਵਰਗੇ ਸੰਵੇਦਨਸ਼ੀਲ ਬੰਦੇ ਪੈਸੇ ਜੋੜਨ ਪੱਖੋਂ ਢਿੱਲੇ ਹੀ ਰਹੇ ਹਨ। ਬਾਹਰਲੇ ਮੁਲਕਾਂ ਵਿੱਚ ਆ ਕੇ ਜਾਂ ਤਾਂ ਤੁਹਾਡੇ ਕੋਲ ਕਿੱਤਾ ਮੁਖੀ ਡਿਗਰੀ ਹੋਵੇ ਤੇ ਜਾਂ ਫਿਰ ਬਾਹਲੇ ਹੀ ਘੱਟ ਪੜ੍ਹੇ ਹੋਵੋ, ਫੇਰ ਹੀ ਡਾਲਰ ਪੌਂਡ ਇਕੱਠੇ ਹੁੰਦੇ ਹਨ। ਪਰ ਅਸੀ ਤਾਂ ਪੰਜਾਬ ਰਹਿੰਦਿਆਂ 'ਜ਼ਿੰਦਾਬਾਦ-ਮੁਰਦਾਬਾਦ' ਕਰਦਿਆਂ ਹੀ ਲੰਘਾ ਦਿੱਤੀ।

ਖ਼ੈਰ! ਆਪਾਂ ਅਸਲ ਗੱਲ ਵੱਲ ਆਉਂਦੇ ਹਾਂ। ਕੋਵਿਡ ਵਿੱਚ ਸਾਡਾ ਕਾਰੋਬਾਰ ਵੀ ਬੰਦ ਹੋ ਗਿਆ ਤੇ ਰਿਟਾਇਰਮੈਂਟ ਵੀ ਲੈ ਲਈ। ਨੀਰੂ (ਰਵਿੰਦਰ ਸਹਿਰਾਅ ਦੀ ਪਤਨੀ) ਨੇ ਅਜੇ ਕੰਮ ਕਰਨਾ ਸੀ, ਪਰ ਅਸੀਂ ਫ਼ੈਸਲਾ ਕਰ ਲਿਆ ਕਿ ਕੋਵਿਡ ਦੌਰਾਨ ਕੋਈ ਕੰਮ ਨਹੀਂ ਕਰਨਾ। ਏਸੇ ਦੌਰਾਨ ਮੇਰੀ ਸੋਸ਼ਲ ਸਿਕਿਉਰਿਟੀ (ਪੈਨਸ਼ਨ) ਵੀ ਲੱਗ ਗਈ। ਕੰਮ 'ਚੋਂ ਚਾਰ ਛਿੱਲੜ ਵੀ ਜੋੜੇ ਹੋਏ ਸਨ। ਹੁਣ ਜਦੋਂ ਸੋਸ਼ਲ ਮੀਡੀਆ ਉੱਪਰ ਖ਼ਬਰਾਂ ਪੜ੍ਹਨੀਆਂ ਕਿ ਫਲਾਣਾ ਫਲਾਣਾ ਲਾਹੌਰ ਜਾ ਕੇ ਆਇਆ ਹੈ ਜਾਂ ਗਿਆ ਹੋਇਆ ਹੈ ਤਾਂ ਮਨ ਵਿੱਚ ਚੋਹਲ-ਮੋਹਲ ਹੋਣ ਲੱਗ ਜਾਣੀ, ਪਰ ਕੋਵਿਡ ਵਿੱਚ ਤਾਂ ਸਾਰੇ ਮੁਲਕਾਂ ਦੀਆਂ ਫਲਾਈਟਾਂ ਵੀ ਬੰਦ ਸਨ। ਤੀਜੇ ਆਲਮੀ ਮੁਲਕਾਂ ਦਾ ਤਾਂ ਸਹੂਲਤਾਂ ਨਾ ਮਿਲਣ ਕਾਰਨ ਤੇ ਕੁਝ ਭ੍ਰਿਸ਼ਟਾਚਾਰ ਕਾਰਨ ਹੋਰ ਵੀ ਮੰਦਾ ਹਾਲ ਸੀ। ਲਉ ਜੀ ਕੋਵਿਡ ਹਟਿਆ ਨਹੀਂ ਕਿ ਅਸੀਂ ਜ਼ਿਹਨੀ ਤੌਰ 'ਤੇ ਤਿਆਰ ਹੋ ਗਏ, ਹੁਣ ਤਾਂ ਜਾਣਾ ਈ ਜਾਣਾ। ਇਹ ਗੱਲ ਤਾਂ ਆਮ ਹੀ ਕਹੀ ਜਾਂਦੀ ਹੈ ਕਿ 'ਜਿਹਨੇ ਲਾਹੌਰ ਨਹੀਂ ਤੱਕਿਆ, ਉਹ ਜੰਮਿਆਂ ਹੀ ਨਹੀਂ।'

ਦੋਸਤ ਗੁਰਬਖ਼ਸ਼ ਭੰਡਾਲ ਤਾਜ਼ਾ-ਤਾਜ਼ਾ ਜਾ ਕੇ ਆਇਆ ਸੀ। ਉਸ ਨਾ਼ਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕੋਈ ਗੱਲ ਹੀ ਨਹੀਂ। ਉਸ ਕੋਲੋਂ 'ਹਦਾਇਤ ਨਾਮਾ ਸਫ਼ਰ' ਲਿਆ ਤੇ ਕਰਤੀਆਂ ਤਿਆਰੀਆਂ ਸ਼ੁਰੂ। ਨਵੰਬਰ ਦੇ ਪਹਿਲੇ ਹਫ਼ਤੇ ਅਸੀਂ ਭਾਰਤੀ ਪੰਜਾਬ ਦੀਆਂ ਟਿਕਟਾਂ ਕਟਵਾ ਲਈਆਂ। ਏਧਰ ਬਾਲਟੀਮੋਰ (ਮੈਰੀਲੈਂਡ) ਰਹਿੰਦੇ ਦੋਸਤ ਡਾ. ਸੁਰਿੰਦਰ ਗਿੱਲ ਨਾ਼ਲ ਗੱਲ ਕੀਤੀ, ਜੋ ਅੱਜ ਕੱਲ੍ਹ ਪੱਤਰਕਾਰੀ ਦੇ ਨਾ਼ਲ ਕਾਰੋਬਾਰ ਤੇ ਇਮੀਗ੍ਰੇਸ਼ਨ ਸਲਾਹਕਾਰ ਵੀ ਹੈ। ਉਨ੍ਹਾਂ ਵੀ ਆਖਿਆ ਕਿ ਫ਼ਿਕਰ ਨਾ ਕਰੋ ਤੇ ਛੇਤੀ ਫਲਾਣੇ-ਫਲਾਣੇ ਕਾਗਜ਼ ਪੱਤਰ ਭੇਜ ਦਿਉ। ਲਉ ਜੀ, ਦੋ ਕੁ ਹਫ਼ਤਿਆਂ ਵਿੱਚ ਹੀ ਉਨ੍ਹਾਂ ਸਾਨੂੰ ਇੱਕ ਮਹੀਨੇ ਦੇ ਠਹਿਰਨ ਵਾਲਾ ਵੀਜ਼ਾ ਲੁਆ ਦਿੱਤਾ। ਪਾਕਿ ਸਰਕਾਰ ਵੱਲੋਂ ਸਾਨੂੰ ਤਿੰਨ ਮਹੀਨੇ ਦਾ ਸਮਾਂ ਦਿੱਤਾ ਕਿ ਤੁਸੀਂ ਇਸ ਸਮੇਂ ਵਿੱਚ ਕੋਈ ਵੀ ਤੀਹ ਦਿਨਾਂ ਤੱਕ ਰਹਿ ਸਕਦੇ ਹੋ। ਸਾਡੀ ਖ਼ੁਸ਼ੀ ਦੀ ਹੱਦ ਨਾ ਸੀ। ਪਿਛਲੇ ਕਈ ਸਾਲਾਂ ਤੋਂ ਉੱਧਰ ਵਸਦੇ ਕਈ ਨਵੇਂ ਪੁਰਾਣੇ ਲੇਖਕਾਂ ਨਾ਼ਲ ਵੀ ਰਾਬਤੇ ਵਿੱਚ ਸੀ। ਇੱਕ ਹੋਰ ਚੰਗੀ ਗੱਲ ਇਹ ਸੀ ਕਿ ਲਹਿੰਦੇ ਪੰਜਾਬ ਦੇ ਪ੍ਰਸਿੱਧ ਪਾਰਖੂ, ਫ਼ਿਲਮਸਾਜ਼, ਉਲੱਥਾਕਾਰ, ਕਵੀ ਤੇ ਲਾਹੌਰ ਤੋਂ ਨਿਕਲਦੇ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ 'ਡਾਨ' ਦੇ ਪੰਜਾਬੀ ਮਸਲਿਆਂ ਅਤੇ ਸੱਭਿਆਚਾਰ ਬਾਰੇ ਹਫ਼ਤਾਵਰੀ ਕਾਲਮ ਨਵੀਸ ਮੁਸ਼ਤਾਕ ਸੂਫ਼ੀ ਹੋਰਾਂ ਦੀ ਕਾਵਿ ਕਿਤਾਬ 'ਖੰਭ ਸੁਨੇਹਾ' ਦਾ ਸ਼ਾਹਮੁਖੀ ਤੋਂ ਗੁਰਮੁਖੀ 'ਚ ਉਲੱਥਾ ਕਰਕੇ ਨਾ਼ਲ ਲਿਜਾ ਰਹੇ ਸੀ। ਮਰਹੂਮ ਜਾਵੇਦ ਬੂਟਾ ਤੇ ਸੁਰਿੰਦਰ ਸੋਹਲ ਇਸ ਨੂੰ ਬੜੇ ਪਿਆਰ ਨਾ਼ਲ ਉਲਥਾਇਆ ਤੇ 'ਚੇਤਨਾ ਪ੍ਰਕਾਸ਼ਨ' ਵਾਲੇ ਮਿੱਤਰ ਸਤੀਸ਼ ਗੁਲਾਟੀ ਨੇ ਓਨੇ ਹੀ ਪਿਆਰ ਨਾ਼ਲ ਇਹਨੂੰ ਛਾਪਿਆ ਸੀ।

ਪੰਜਾਬ ਦੀ ਹਰ ਫੇਰੀ 'ਤੇ ਬੱਚਿਆਂ ਵਾਂਗ ਸਾਡੇ ਨਾ਼ਲ ਰਹਿਣ ਵਾਲੇ ਮਨਪ੍ਰੀਤ ਬਸਰਾ ਨੂੰ ਅਸੀਂ ਪਹਿਲਾਂ ਹੀ ਦੱਸ ਦਿੱਤਾ ਸੀ। ਉਹ ਪਲਾਹੀ (ਨੇੜੇ ਫਗਵਾੜਾ) ਤੋਂ ਸਾਝਰੇ ਹੀ ਸਾਡੇ ਅਪਾਰਟਮੈਂਟ ਵਿੱਚ ਫਗਵਾੜੇ ਆ ਗਿਆ। ਡੇਢ ਦੋ ਘੰਟੇ ਵਿੱਚ ਅਸੀਂ ਵੀ ਵਾਹਗਾ ਬਾਰਡਰ ਪਹੁੰਚ ਗਏ। ਤੁਰਨ ਤੋਂ ਪਹਿਲਾਂ ਲਾਹੌਰ ਤਾਹਿਰ ਸੰਧੂ ਨੂੰ ਵੀ ਸਮਝਾ ਦਿੱਤਾ ਗਿਆ ਕਿ ਇਮੀਗ੍ਰੇਸ਼ਨ ਹੁੰਦਿਆਂ ਸਾਰ ਹੀ ਤੈਨੂੰ ਫ਼ੋਨ ਕਰ ਦਿਆਂਗੇ, ਪਰ ਭੁੱਲ ਗਏ ਕਿ ਉਧਰ ਤਾਂ ਸਾਡੇ ਫ਼ੋਨ (ਬਿਨਾਂ ਵਾਈ-ਫਾਈ) ਚੱਲਣੇ ਹੀ ਨਹੀਂ।

ਮਨਪ੍ਰੀਤ ਕੋਲ ਵੀ ਉਹਦਾ ਨੰਬਰ ਸੀ, ਜਿਸਨੇ ਸਾਨੂੰ ਭਾਰਤ ਵਾਲੇ ਪਾਸੇ ਛੱਡ ਕੇ ਤਾਹਿਰ ਨੂੰ ਅੰਦਾਜ਼ਨ ਟਾਈਮ ਦੱਸ ਦਿੱਤਾ। ਇੱਧਰੋਂ ਜਾਣ ਵਾਲਾ ਪਹਿਲਾ ਗਰੁੱਪ ਨੌਂ ਵਜੇ ਨਿਕਲ ਚੁੱਕਾ ਸੀ। ਅਸੀਂ ਤਾਂ ਪਹੁੰਚੇ ਹੀ ਨੌਂ ਵਜੇ ਸੀ। ਸੋ ਸਾਨੂੰ ਘੰਟਾ ਡੇਢ ਘੰਟਾ ਹੋਰ ਜ਼ਿਆਦਾ ਲੱਗ ਗਿਆ। ਨਵੰਬਰ 2022 ਦੀ 27 ਤਾਰੀਖ਼ ਸੀ ਤੇ ਦਿਨ ਐਤਵਾਰ। ਤਾਹਿਰ ਇੱਕ ਦੋਸਤ ਨੂੰ ਨਾ਼ਲ ਲੈ ਕੇ ਕਦੋਂ ਦਾ ਉਡੀਕ ਰਿਹਾ ਸੀ। ਅਸੀਂ ਸ਼ੁਕਰ ਕੀਤਾ ਕਿ ਚਲੋ ਐਤਵਾਰ ਹੋਣ ਕਰਕੇ ਉਹਨੇ ਅੱਜ ਹਾਈ ਕੋਰਟ ਤਾਂ ਨਹੀਂ ਜਾਣਾ ਸੀ।

ਭਾਰਤ ਵਾਲੇ ਪਾਸੇ ਇਮੀਗ੍ਰੇਸ਼ਨ ਵਾਲਿਆਂ ਰਸ਼ ਕਰਕੇ ਥੋੜ੍ਹਾ ਜ਼ਿਆਦਾ ਵਕਤ ਲਾ ਲਿਆ, ਪਰ ਉਨ੍ਹਾਂ ਦਾ ਵਿਵਹਾਰ ਵਧੀਆ ਸੀ। ਇੱਕ ਅਫ਼ਸਰ ਨੂੰ ਮੈਂ ਕਿਹਾ, "ਜਨਾਬ ਸਾਨੂੰ ਤਾਂ ਲੋਕੀ ਐਵੇਂ ਡਰਾ ਰਹੇ ਸੀ ਕਿ ਭਾਰਤ ਵਾਲੇ ਤੁਹਾਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਹਨ।" ਕਹਿੰਦੇ, "ਸਰ ਤੁਸੀਂ ਕੋਈ ਗ਼ੈਰ-ਕਾਨੂੰਨੀ ਕੰਮ ਥੋੜ੍ਹਾ ਕਰ ਰਹੇ ਹੋ। ਵੀਜ਼ਾ ਹੈ ਤੁਹਾਡੇ ਕੋਲ ਅਤੇ ਤੁਸੀਂ ਹੈ ਵੀ ਅਮੈਰਿਕਨ ਸ਼ਹਿਰੀ।" ਸਾਨੂੰ ਉਨ੍ਹਾਂ ਦਾ ਵਿਹਾਰ ਵਾਕਈ ਬਹੁਤ ਚੰਗਾ ਲੱਗਾ। ਕੁਲੀ ਨੇ ਸਾਡਾ ਸਮਾਨ ਜ਼ੀਰੋ ਲਾਈਨ ਤੱਕ ਲੈ ਕੇ ਜਾਣ ਵਾਲੀ ਇੱਕ ਮਿੱਡ ਸਾਈਜ਼ ਬੱਸ ਵਿੱਚ ਰੱਖ ਦਿੱਤਾ। ਭਾਰਤ ਤੋਂ ਮੁੜਨ ਵਾਲੇ ਪਾਕਿਸਤਾਨੀ ਸ਼ਹਿਰੀਆਂ ਦੀ ਖਸਤਾ ਹਾਲਤ ਦੇਖ ਕੇ ਮਨ ਬਹੁਤ ਦੁਖੀ ਹੋਇਆ। ਉਹ ਭਾਰਤ ਤੋਂ ਸਮਾਨ ਦੀਆਂ ਪੰਡਾਂ (ਸੱਚਮੁੱਚ ਹੀ) ਬੰਨ੍ਹ ਕੇ ਲਿਜਾ ਰਹੇ ਸਨ ਤੇ ਇਮੀਗ੍ਰੇਸ਼ਨ ਵਾਲੇ ਉਨ੍ਹਾਂ ਦਾ ਸਮਾਨ ਕੁੱਕੜਾਂ ਵਾਂਗ ਖਿਲਾਰ ਕੇ ਚੈੱਕ ਕਰ ਰਹੇ ਸਨ। ਹੋ ਸਕਦਾ ਪਾਕਿਸਤਾਨ ਵਾਲੇ ਵੀ ਭਾਰਤੀ ਸ਼ਹਿਰੀਆਂ ਨਾ਼ਲ ਅਜਿਹਾ ਹੀ ਸਲੂਕ ਕਰਦੇ ਹੋਣ, ਪਰ ਸਾਨੂੰ ਇਹਦਾ ਕੋਈ ਤਜਰਬਾ ਨਹੀਂ ਸੀ।

ਛੋਟੀ ਜਿਹੀ ਬੱਸ ਸਮਾਨ ਅਤੇ ਸਮਾਨ ਮਾਲਕਾਂ ਨਾ਼ਲ ਤੁੰਨੀ ਹੋਈ ਸੀ। ਦਸ ਕੁ ਮਿੰਟਾਂ 'ਚ ਉਹ ਸਾਨੂੰ ਪਾਕਿਸਤਾਨ ਵਾਲੇ ਗੇਟ ਕੋਲ ਲੈ ਗਈ। ਹਰ ਇੱਕ ਨੂੰ ਉਤਰਨ ਦੀ ਕਾਹਲ ਤੇ ਰੌ਼ਲਾ-ਰੱਪਾ। ਮੈਂ ਕੁਝ ਔਰਤ ਮੁਸਾਫ਼ਰਾਂ ਦਾ ਸਮਾਨ ਲਾਹ ਕੇ ਦਿੱਤਾ ਤੇ ਆਪਣਾ ਸਭ ਤੋਂ ਬਾਅਦ 'ਚ ਉਤਾਰਿਆ। ਉਨ੍ਹਾਂ ਸ਼ੁਕਰੀਆ ਕੀਤਾ। ਬੱਸ ਉਤਰਦਿਆਂ ਸਾਰ ਹੀ ਬੀ.ਐਸ.ਐਫ਼. ਵਾਲਿਆਂ ਦੀ ਚੈੱਕ ਪੋਸਟ 'ਤੇ ਫਿਰ ਕਾਗਜ਼ ਪੱਤਰ ਦੇਖੇ ਗਏ।

ਸਾਨੂੰ ਚੜ੍ਹਦੇ ਪਾਸੇ 'ਤੇ ਰਸ਼ਕ ਆ ਰਿਹਾ ਸੀ। ਸ਼ੀਸ਼ੇ ਵਾਂਗ ਚਮਕਦੀ ਇਮਾਰਤ 'ਤੇ ਚਾਰ ਇਮੀਗ੍ਰੇਸ਼ਨ ਅਫ਼ਸਰ ਪੂਰੇ ਸਜ-ਧਜ ਕੇ ਡਿਊਟੀ ਦੇ ਰਹੇ ਸਨ। ਤੇ ਏਧਰ ਦੋ ਖਿੜਕੀਆਂ, ਤੇ ਉਹ ਵੀ ਸੱਖਣੀਆਂ। ਉਧਰ ਤਾਹਿਰ ਦੋ ਵੇਰ ਆਪਣਾ ਹਾਈ ਕੋਰਟ ਦਾ ਕਾਰਡ ਦਿਖਾ ਕੇ ਮੁੜ ਚੁੱਕਿਆ ਸੀ, ਪਰ ਅਸੀਂ ਵਿਹਲੇ ਨਹੀਂ ਸੀ ਹੋਏ। ਫਿਰ ਉਹਨੇ ਇੱਕ-ਦੋ ਕੁਲੀਆਂ ਨੂੰ ਦੱਸ ਕੇ ਕਿ ਜਦੋਂ ਆਹ ਸ਼ਕਲਾਂ ਵਾਲੇ ਮੁਸਾਫ਼ਰ ਆਉਣ ਤਾਂ ਮੈਨੂੰ ਫ਼ੋਨ ਕਰ ਦਿਉ। ਮੈਨੂੰ ਸੁੱਖ ਦਾ ਸਾਹ ਆਇਆ।

ਅੱਧੇ ਕੁ ਘੰਟੇ ਦੀ ਉਡੀਕ ਬਾਅਦ ਦੋ ਅਧਿਕਾਰੀ ਆਏ, ਪਰ ਇੱਕ ਕਿਸੇ ਖ਼ਾਸ ਵਿਅਕਤੀ ਨੂੰ ਭੁਗਤਾ ਫਿਰ ਵਾਪਿਸ ਚਲਾ ਗਿਆ। ਐਹੋ ਜਿਹੇ ਥਾਵਾਂ 'ਤੇ ਤੁਸੀਂ ਝਗੜਾ ਵੀ ਨਹੀਂ ਕਰ ਸਕਦੇ। ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਤੁਹਾਨੂੰ ਵੀ ਲੇਟ ਕਰ ਸਕਦੇ ਹਨ। ਮੈਨੂੰ ਕਾਲਜ ਵੇਲੇ ਲੜੀਆਂ ਲੜਾਈਆਂ ਯਾਦ ਆਈਆਂ, ਜਦੋਂ ਅਜਿਹੇ ਅਧਿਕਾਰੀ ਪਲਾਂ ਵਿੱਚ ਹੀ ਸਿੱਧੇ ਕਰ ਦੇਈਦੇ ਸੀ। ਲਾਈਨ ਆਹਿਸਤਾ-ਆਹਿਸਤਾ ਤੁਰਨ ਲੱਗੀ ਤਾਂ ਹੋਰ ਪੰਗਾ ਖੜ੍ਹਾ ਹੋ ਗਿਆ। ਪੰਜ-ਛੇ ਜਣਿਆਂ ਦੇ ਇੱਕ ਬਜ਼ੁਰਗਾਂ ਦੇ ਗਰੁੱਪ ਕੋਲ ਕਾਗਜ਼ ਨਹੀਂ ਸਨ ਪੂਰੇ ਹੋ ਰਹੇ। ਸਾਰੇ ਪਾਕਿਸਤਾਨੀ ਸਨ ਤੇ ਉਹ ਭੰਬਲਭੂਸੇ ਵਿੱਚ ਪੈ ਗਏ। ਉਪਰੋਂ ਅਫ਼ਸਰ ਨੂੰ ਆਖਣ ਕਿ ਸਾਰੇ ਪੇਪਰ ਸਾਡੇ ਕੋਲ ਸਨ, ਤੁਸੀਂ ਦੁਬਾਰਾ ਚੈੱਕ ਕਰੋ। ਪੰਦਰਾਂ-ਵੀਹ ਮਿੰਟਾਂ ਦੀ ਕਸ਼-ਮਕਸ਼ ਤੋਂ ਬਾਅਦ ਇੱਕ ਬਜ਼ੁਰਗ ਔਰਤ ਦੇ ਬੈਗ ਵਿੱਚੋਂ ਲੋੜੀਂਦੇ ਕਾਗਜ਼ ਮਿਲ ਗਏ। ਸਾਰਿਆਂ ਨੂੰ ਸੁੱਖ ਦਾ ਸਾਹ ਆਇਆ। ਸਾਡੀ ਵਾਰੀ ਆਈ ਤਾਂ ਅਫ਼ਸਰ ਕਹਿੰਦਾ, "ਸਰਦਾਰ ਜੀ ਦੇਰੀ ਲਈ ਮਾਜ਼ਰਤ (ਮੁਆਫ਼ੀ) ਚਾਹੁੰਨਾਂ।" ਸਾਡੇ ਵੀਜ਼ੇ ਚੈੱਕ ਕੀਤੇ ਅਤੇ ਮਿੰਟਾਂ-ਸਕਿੰਟਾਂ ਵਿੱਚ ਹੀ ਸਾਨੂੰ ਫ਼ਾਰਗ ਕਰ ਦਿੱਤਾ। ਅੱਗੋਂ ਸਮਾਨ ਚੈੱਕ ਕਰਨ ਵਾਲਿਆਂ ਵੀ ਫ਼ੁਰਤੀ ਦਿਖਾਈ। ਕਹਿੰਦੇ, "ਸਰਦਾਰ ਜੀ ਤੁਸੀਂ ਜਾ ਸਕਦੇ ਹੋ।" ਇਉਂ ਲੱਗਿਆ ਜਿਵੇਂ ਭਵਸਾਗਰ ਪਾਰ ਕਰ ਲਿਆ ਹੋਵੇ। ਕੁਲੀ ਨੇ ਸਾਡਾ ਸਮਾਨ ਸੰਭਾਲਿਆ। ਬਿਲਡਿੰਗ 'ਚੋਂ ਬਾਹਰ ਨਿਕਲੇ ਤਾਂ ਤਾਹਿਰ ਸੰਧੂ ਵੀ ਉਡੀਕ ਕਰ ਰਿਹਾ ਸੀ, ਪਰ ਅਜੇ ਸਾਨੂੰ ਇੱਕ ਕਿਲੋਮੀਟਰ ਦਾ ਫ਼ਾਸਲਾ ਤੁਰਨਾ ਪੈਣਾ ਸੀ। ਅਸੀਂ ਕੁਲੀ ਦੇ ਪਿੱਛੇ-ਪਿੱਛੇ ਤੁਰ ਪਏ। ਤਾਹਿਰ ਦਾ ਦੋਸਤ ਬਿਲਾਵਲ ਕਾਰ ਕੋਲ ਉਡੀਕ ਰਿਹਾ ਸੀ। ਦੁਆ ਸਲਾਮ ਹੋਈ। ਸਾਡੀ ਭੁੱਖ ਬਾਰੇ ਪੁੱਛਿਆ ਤੇ ਕਹਿੰਦੇ ਤੁਹਾਡੇ ਲਈ ਰਸਤੇ ਵਿੱਚੋਂ ਪਾਏ (ਖਰੌੜੇ) ਪੈਕ ਕਰਵਾ ਲਿਆਏ ਹਾਂ; ਪਰ ਸਾਨੂੰ ਤਾਂ ਲਾਹੌਰ ਹੋਟਲ ਵਿੱਚ ਪਹੁੰਚਣ ਦੀ ਕਾਹਲ ਸੀ। ਦੋਵੇਂ ਜਣੇ ਰਸਤੇ 'ਚ ਜਾਂਦਿਆਂ ਸਾਨੂੰ ਖ਼ਾਸ-ਖ਼ਾਸ ਥਾਵਾਂ ਬਾਰੇ, ਪਿੰਡਾਂ ਬਾਰੇ ਤੇ ਫੂਡ ਆਦਿ ਬਾਰੇ ਵੀ ਦੱਸਦੇ ਜਾ ਰਹੇ ਸਨ ਅਤੇ ਅਸੀਂ ਕਿਹੜੀਆਂ-ਕਿਹੜੀਆਂ ਥਾਵਾਂ ਦੇਖਣੀਆਂ ਹਨ, ਬਾਰੇ ਪੁੱਛ ਵੀ ਰਹੇ ਸਨ। ਉਧਰ ਲਾਹੌਰ ਵਿੱਚ ਮੁਸ਼ਤਾਕ ਸੂਫੀ ਵੀ ਉਡੀਕ ਰਿਹਾ ਸੀ। ਮੁਸ਼ਤਾਕ ਨਾ਼ਲ ਮੇਰੀ ਜਾਣ-ਪਛਾਣ ਪੰਝੀ-ਤੀਹ ਸਾਲ ਪੁਰਾਣੀ ਸੀ। ਜਦੋਂ ਉਹ 'ਅਪਨਾ' ਦੀ ਕਾਨਫ਼ਰੰਸ ਵਿੱਚ (1997) ਵਾਸ਼ਿੰਗਟਨ ਡੀ.ਸੀ. ਆਇਆ ਸੀ। ਮੈਨੂੰ ਯਾਦ ਹੈ, ਇੰਗਲੈਂਡ ਤੋਂ ਮਜ਼ਹਰ ਤਿਰਮਜ਼ੀ ਤੇ ਪੰਜਾਬ ਤੋਂ ਅਨੰਦ ਜੋੜੀ (ਜਗਜੀਤ ਸਿੰਘ ਤੇ ਉਰਮਲਾ ਅਨੰਦ) ਵੀ ਆਏ ਸਨ। ਅਸੀਂ ਇੱਕ ਦਿਨ ਮਨਜ਼ੂਰ ਏਜ਼ਾਜ਼, ਜਾਵੇਦ ਬੂਟਾ, ਸਫ਼ੀਰ ਰਾਮਾਹ ਆਦਿ ਨਾ਼ਲ ਆਪਣੇ ਘਰ ਖਾਣੇ 'ਤੇ ਬੁਲਾਇਆ ਸੀ। ਬਾਬਾ ਨਜ਼ਮੀ, ਜਿਸ ਨਾ਼ਲ ਸਾਡੀ ਮੁਲਾਕਾਤ ਕੁਝ ਮਹੀਨੇ ਪਹਿਲਾਂ ਹੀ ਸਤੀਸ਼ ਗੁਲਾਟੀ ਨੇ ਟੋਰਾਂਟੋ (ਕੈਨੇਡਾ) ਵਿਖੇ ਕਰਾਈ ਸੀ, ਵੀ ਸਾਡੀ ਉਡੀਕ ਕਰ ਰਿਹਾ ਸੀ। ਉਂਜ ਬਾਬਾ ਨਜ਼ਮੀ ਅਤੇ ਤਾਹਿਰ ਦੀ ਵੀ ਵਾਹਵਾ ਬਣਦੀ ਹੈ। ਪੰਜਾਬੀ ਬੋਲੀ ਦੇ ਮਸਲਿਆਂ ਅਤੇ ਕਈ ਵੇਰ ਲੇਖਕਾਂ ਦੇ ਨਿੱਜੀ ਕੇਸ ਉਹ ਬਿਨਾਂ ਫ਼ੀਸ ਲਿਆਂ ਲੜਦਾ ਹੈ। ਖ਼ੈਰ! ਗੱਲਾਂ-ਗੱਲਾਂ ਵਿੱਚ ਪਤਾ ਹੀ ਨਾ ਲੱਗਿਆ ਕਦੋਂ ਅਸੀਂ ਹੋਟਲ ਅੱਗੇ ਆਣ ਰੁਕੇ। ਗੁੁਲਬਰਗ ਇਲਾਕੇ ਦਾ ਇਹ ਹੋਟਲ ਓਬੈਨ (ਭਓਂ) ਬੜਾ ਆਲੀਸ਼ਾਨ ਸੀ। ਤਾਹਿਰ ਨੇ ਪਹਿਲਾਂ ਹੀ ਇਹ ਬੁੱਕ ਕਰਵਾ ਛੱਡਿਆ ਸੀ, ਪਰ ਫਿਰ ਵੀ ਸਾਡੀ ਸਹਿਮਤੀ ਲਈ ਸਾਨੂੰ ਕਮਰਾ ਦਿਖਾਇਆ। ਸਾਨੂੰ ਪਸੰਦ ਆਇਆ। ਰੈਸਟੋਰੈਂਟ ਹੋਟਲ ਦੀ ਸਿਖ਼ਰਲੀ ਮੰਜ਼ਿਲ 'ਤੇ ਸੀ। ਅਸੀਂ ਤਿੰਨਾਂ ਨੇ ਰਾਤ ਦਾ ਖਾਣਾ ਖਾਧਾ। ਤਾਹਿਰ ਨੇ ਘਰ ਸਾਇਮਾ ਅਤੇ ਬੱਚਿਆਂ ਨੂੰ ਫ਼ੋਨ ਕਰਕੇ ਦੱਸਿਆ ਤਾਂ ਉਹ ਵੀ ਸਾਨੂੰ ਮਿਲਣ ਲਈ ਕਾਹਲੇ ਸਨ, ਪਰ ਅਸੀਂ ਥੱਕੇ ਵੀ ਹੋਏ ਸੀ ਅਤੇ ਆਪਣੇ ਕਮਰੇ ਜਾ ਕੇ ਨਹਾ-ਧੋ ਕੇ ਆਰਾਮ ਵੀ ਕਰਨਾ ਚਾਹੁੰਦੇ ਸੀ। ਇੱਕ ਕਾਰਨ ਇਹ ਵੀ ਸੀ ਕਿ ਮੁਸ਼ਤਾਕ ਸੂਫ਼ੀ ਹੋਰੀਂ ਸਾਡੇ ਨਾ਼ਲ ਸਾਝਰੇ ਹੀ ਬਾਬਾ ਬੁਲ੍ਹੇ ਸ਼ਾਹ ਦੇ ਦਰਬਾਰ ਚੱਲਣਾ ਸੀ। ਸੋ ਅਸੀਂ ਤਾਹਿਰ ਤੋਂ ਮੁਆਫ਼ੀ ਚਾਹੀ ਤੇ ਕੱਲ੍ਹ ਫਿਰ ਮਿਲਣ ਦਾ ਵਾਅਦਾ ਲਿਆ। ਸਵੇਰੇ ਸੋਮਵਾਰ ਹੋਣ ਕਾਰਨ ਉਸਨੇ ਵੀ ਹਾਈ ਕੋਰਟ ਜਾਣਾ ਸੀ।



ਜਾਣਕਾਰੀ

# ਸਿੱਖ ਰਾਜ ਅਤੇ ਕਾਂਗੜੇ ਦਾ ਕਿਲ੍ਹਾ

**ਮਾਸਟਰ ਹਰੇਸ਼ ਕੁਮਾਰ**
ਫੋਨ:+91-8360727221





ਕਾਂਗੜੇ ਦਾ ਕਿਲ੍ਹਾ ਦੁਨੀਆਂ ਦੇ ਸਭ ਤੋਂ ਪੁਰਾਣੇ ਕਿਲਿਆਂ ਵਿੱਚੋਂ ਹੈ। ਸਮੇਂ-ਸਮੇਂ ਉੱਤੇ ਕਈ ਦੇਸੀ ਅਤੇ ਵਿਦੇਸ਼ੀ ਹਾਕਮਾਂ ਨੇ ਇਸ ਕਿਲ੍ਹੇ ਉੱਤੇ ਹਕੂਮਤ ਕਾਇਮ ਕੀਤੀ। ਪੰਜਾਬ ਦੇ ਸਿੱਖਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਇਸ ਕਿਲ੍ਹੇ ਨੂੰ ਫਤਿਹ ਕਰ ਆਪਣੇ ਅਧੀਨ ਰੱਖਿਆ।

ਕਾਂਗੜਾ ਹਿਮਾਚਲ ਪ੍ਰਦੇਸ਼ ਦਾ ਕਿਲ੍ਹਾ ਕਾਂਗੜਾ ਸ਼ਹਿਰ ਦੇ ਨਜ਼ਦੀਕ ਸਥਿਤ ਹੈ। ਕਾਂਗੜਾ ਸ਼ਹਿਰ ਪਠਾਨਕੋਟ ਤੋਂ ਲੱਗਭਗ 100 ਕਿਲੋਮੀਟਰ ਦੂਰੀ ਉੱਤੇ ਹੈ। ਇਹ ਕਿਲ੍ਹਾ ਦੁਨੀਆਂ ਦੇ ਸਭ ਤੋਂ ਪੁਰਾਣੇ ਕਿਲ੍ਹਿਆਂ ਵਿੱਚ ਸ਼ਾਮਿਲ ਹੈ। ਇਹ ਸ਼ਹਿਰ ਰਾਜਾ ਭੂਮਚੰਦ ਨਾਲ ਸਬੰਧਤ ਹੈ। ਇਹ ਕਿਲ੍ਹਾ ਕਟੋਚ ਰਾਜਪੂਤ ਰਾਜਿਆਂ ਨਾਲ ਸਬੰਧਤ ਹੈ। ਇਸ ਕਿਲ੍ਹੇ ਉੱਤੇ ਤੁਰਕ, ਮੁਗਲ, ਗੋਰਖੇ, ਸਿੱਖ ਅਤੇ ਅੰਗਰੇਜ਼ਾਂ ਨੇ ਵੀ ਰਾਜ ਕੀਤਾ। ਇਸ ਕਿਲ੍ਹੇ ਨੂੰ ਹਿੰਦੂ ਰਾਜਾ ਸੁਸਰਮਾਚੰਦ ਨੇ 15ਵੀਂ ਸਦੀ ਵਿੱਚ ਬਣਾਇਆ ਸੀ। ਇਸ ਕਿਲ੍ਹੇ ਦਾ ਵਰਨਣ ਮਹਾਂਭਾਰਤ ਵਿੱਚ ਵੀ ਮਿਲਦਾ ਹੈ। ਸਿਕੰਦਰ ਦੇ ਹਮਲੇ ਸਮੇਂ ਵੀ ਇਹ ਕਿਲ੍ਹਾ ਇੱਥੇ ਮੌਜੂਦ ਸੀ। ਇਸ ਕਿਲ੍ਹੇ ਵਿੱਚ ਬਹੁਤ ਜ਼ਿਆਦਾ ਧਨ-ਦੌਲਤ ਕੀਮਤੀ ਸਮਾਨ ਸੀ। ਇਸ ਕਿਲ੍ਹੇ ਵਿੱਚ ਉਸ ਸਮੇਂ ਦੀ ਤਕਨੀਕ ਦਾ ਫੌਜੀ ਸਮਾਨ ਅਤੇ ਹਥਿਆਰ ਵੀ ਸਨ। ਧਨ-ਦੌਲਤ ਲੁੱਟਣ ਦੀ ਨੀਅਤ ਨਾਲ ਸਾਲ 1009 ਵਿੱਚ ਮਹਿਮੂਦ ਗਜਨਵੀਂ ਨੇ ਇਸ ਕਿਲ੍ਹੇ ਉੱਤੇ ਹਮਲਾ ਕੀਤਾ ਸੀ। ਇਸ ਤੋਂ ਬਾਅਦ ਦਿੱਲੀ ਦੇ ਤੋਮਰ ਸ਼ਾਸਕਾਂ ਨੇ ਇਹ ਕਿਲ੍ਹਾ ਕਟੋਚ ਰਾਜਪੂਤ ਰਾਜਿਆਂ ਨੂੰ ਸੌਂਪ ਦਿੱਤਾ ਸੀ। ਇਸ ਤੋਂ ਬਾਅਦ ਮੁਹੰਮਦ ਤੁਗਲਕ ਅਤੇ ਫਿਰੋਜ਼ਸ਼ਾਹ ਤੁਗਲਕ ਨੇ ਵੀ ਇਸ ਕਿਲ੍ਹੇ ਨੂੰ ਆਪਣੇ ਅਧੀਨ ਕਰ ਲਿਆ ਸੀ। ਅਕਬਰ ਨੇ ਰਾਜ ਸੰਭਾਲਣ ਉਪਰੰਤ ਇਹ ਕਿਲ੍ਹਾ ਰਾਜਪੂਤ ਰਾਜਾ ਧਰਮਚੰਦ ਨੂੰ ਫਿਰ ਸੌਂਪ ਦਿੱਤਾ ਸੀ।

ਇਸ ਤੋਂ ਬਾਅਦ ਮੁਗਲ ਬਾਦਸਾਹ ਜਹਾਂਗੀਰ ਨੇ ਇਹ ਕਿਲ੍ਹਾ ਰਾਜਪੂਤ ਰਾਜਿਆਂ ਤੋਂ ਖੋਹ ਲਿਆ ਅਤੇ ਆਪਣੇ ਅਧੀਨ ਕਰ ਲਿਆ। ਰਾਜਪੂਤ ਜਾਤੀ ਅਤੇ ਕਟੋਚ ਰਾਜਪੂਤ ਜਾਤੀ ਦੇ ਲੋਕ ਅਤੇ ਰਾਜੇ ਬਹੁਤ ਹੀ ਮਿਹਨਤੀ ਅਤੇ ਬਹਾਦੁਰ ਸਨ। ਇਨ੍ਹਾਂ ਰਾਜਪੂਤ ਕਟੋਚ ਰਾਜਿਆਂ ਨੇ ਸਮੇਂ-ਸਮੇਂ ਉੱਤੇ ਹਮਲਾਵਰਾਂ ਦੇ ਕਈ ਵਾਰ ਦੰਦ ਖੱਟੇ ਕੀਤੇ ਸਨ। ਹਿੰਦੂ ਧਰਮ ਅਤੇ ਹਿੰਦੂ ਸੱਭਿਆਚਾਰ ਨੂੰ ਬਚਾਈ ਰੱਖਣ ਲਈ ਇਤਿਹਾਸ ਵਿੱਚ ਇਨ੍ਹਾਂ ਦਾ ਅਹਿਮ ਯੋਗਦਾਨ ਹੈ। ਇਨ੍ਹਾਂ ਕਟੋਚ ਵੰਸ਼ ਰਾਜਿਆਂ ਦੇ ਭਾਰਤ ਦੇ ਹੋਰ ਰਿਆਸਤਾਂ ਦੇ ਰਾਜਿਆਂ ਨਾਲ ਵੀ ਗਹਿਰੇ ਸਬੰਧ ਸਨ, ਜਿਸ ਦੇ ਸਬੂਤ ਮੌਜੂਦ ਹਨ। ਜਹਾਂਗੀਰ ਦੇ ਰਾਜਕਾਲ ਵਿੱਚ ਕਿਲ੍ਹੇ ਅੰਦਰ ਜਹਾਂਗੀਰੀ ਦਰਵਾਜ਼ਾ ਅਤੇ ਮਸਜਿਦ ਵੀ ਬਣਾਈ ਗਈ ਸੀ। ਇਸ ਕਿਲ੍ਹੇ ਵਿੱਚ ਮੁਗਲਾਂ ਨਾਲ ਸਬੰਧਤ ਖਜੂਰਾਂ ਦੇ ਰੁੱਖ ਵੇਖਣ ਨੂੰ ਮਿਲਦੇ ਹਨ, ਜੋ ਅੱਜ ਵੀ ਕਿਲ੍ਹੇ ਦੇ ਅੰਦਰ ਅਤੇ ਬਾਹਰ ਮੌਜੂਦ ਹਨ। ਇਹ ਉਹ ਖਜੂਰਾਂ ਹਨ, ਜੋ ਵਿਦੇਸ਼ੀ ਹਮਲਾਵਰਾਂ ਦੇ ਇਲਾਕੇ ਵਿੱਚ ਹੁੰਦੀਆਂ ਸਨ ਅਤੇ ਉਨ੍ਹਾਂ ਦੀ ਫੌਜ ਇਨ੍ਹਾਂ ਖਜੂਰਾਂ ਦੇ ਫਲ ਦੀ ਵਰਤੋਂ ਯੁੱਧ ਸਮੇਂ ਅਤੇ ਸ਼ਾਂਤੀ ਕਾਲ ਵਿੱਚ ਕਰਦੀ ਸੀ। ਇਹ ਖਜੂਰਾਂ ਕਿਲ੍ਹੇ ਨੂੰ ਜਾਂਦੇ ਮੁੱਖ ਮਾਰਗ ਉੱਤੇ ਅੱਜ ਵੀ ਹਨ, ਜੋ ਮੁਗਲ ਕਾਲ ਦੇ ਹਮਲੇ ਦਾ ਸਬੂਤ ਹੈ।

ਇਸ ਕਿਲ੍ਹੇ ਨੇ ਇਤਿਹਾਸ ਦੇ ਕਈ ਉਤਰਾਅ-ਚੜ੍ਹਾਅ ਤੈਅ ਕੀਤੇ ਹਨ। ਕਿਲ੍ਹੇ ਦਾ ਨਿਰਮਾਣ ਪੁਰਾਤਨ ਕਾਲ ਵਿੱਚ ਹੀ ਸੁਰੱਖਿਆ ਨੂੰ ਅਹਿਮ ਰੱਖ ਕੇ ਬਣਾਇਆ ਗਿਆ ਹੈ। ਕਿਲ੍ਹੇ ਨੂੰ ਬਹੁਤ ਹੀ ਉੱਤਮ ਪੱਥਰ ਅਤੇ ਪੁਰਾਣੇ ਸਮੇਂ ਦੀ ਸੀਮੈਂਟ ਤਕਨੀਕ ਨਾਲ ਬਣਾਇਆ ਗਿਆ ਹੈ। ਇਸ ਕਿਲ੍ਹੇ ਨੂੰ ਲੈ ਕੇ ਕਈ ਹੋਰ ਛੋਟੇ-ਛੋਟੇ ਹਮਲੇ ਹਿੰਦੂ ਰਾਜਿਆਂ ਅਤੇ ਮੁਗਲਾਂ ਵਿੱਚ ਹੁੰਦੇ ਰਹੇ, ਪਰ ਕਿਲ੍ਹਾ ਮੁਗਲਾਂ ਅਧੀਨ ਹੀ ਰਿਹਾ। ਸਿੱਖ ਮਿਸਲ ਕਾਲ ਸਮੇਂ ਜ਼ਿਲ੍ਹਾ ਗੁਰਦਾਸਪੁਰ ਦੇ ਸਿੱਖ ਜੈ ਸਿੰਘ ਘਨੱਈਆ ਨੇ ਹਮਲਾ ਕਰਕੇ ਇਹ ਕਿਲਾ ਮੁਗਲਾਂ ਤੋਂ ਖੋਹ ਲਿਆ ਸੀ। ਜੈ ਸਿੰਘ ਘਨੱਈਆ ਨੇ ਇਹ ਕਿਲ੍ਹਾ ਮੁਗਲਾਂ ਤੋਂ ਖੋਹ ਕੇ ਫਿਰ ਕਟੋਚ ਵੰਸ਼ ਨੂੰ ਸੌਂਪ ਦਿੱਤਾ ਸੀ; ਕਿਉਂਕਿ ਪੰਜਾਬ ਦੇ ਸਿੱਖ, ਗੁਰੂਆਂ ਦੀ ਲੀਹ ਉੱਤੇ ਚਲਦੇ ਹਿੰਦੂ ਧਰਮ ਦੀ ਰੱਖਿਆ ਕਰਨਾ ਆਪਣਾ ਜੱਦੀ ਫਰਜ ਸਮਝਦੇ ਸਨ। ਇਸ ਤਰ੍ਹਾਂ ਲੰਬੀ ਗੁਲਾਮੀ ਤੋਂ ਬਾਅਦ ਇਹ ਕਿਲ੍ਹਾ ਫਿਰ ਹਿੰਦੂ ਰਾਜਿਆਂ ਕੋਲ ਆ ਗਿਆ ਸੀ। ਇਸ ਤੋਂ ਬਾਅਦ ਨੇਪਾਲ ਦੇ ਗੋਰਖਾ ਰਾਜਾ ਅਮਰ ਸਿੰਘ ਥਾਪਾ ਨੇ ਚਾਰ ਸਾਲ ਤੱਕ ਕਿਲ੍ਹੇ ਨੂੰ ਆਪਣੇ ਅਧੀਨ ਰੱਖਿਆ। ਫਿਰ ਹਿੰਦੂ ਕਟੋਚ ਰਾਜਪੂਤ ਰਾਜਿਆਂ ਨੇ ਸੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਤੋਂ ਕਿਲ੍ਹਾ ਖਾਲੀ ਕਰਵਾਉਣ ਲਈ ਫੌਜੀ ਸਹਾਇਤਾ ਮੰਗੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਕਿਲ੍ਹੇ ਉੱਤੇ ਹੋਈ ਸੰਧੀ ਮੁਤਾਬਿਕ ਸਾਲ 1809 ਵਿੱਚ ਇਸ ਨੂੰ ਆਪਣੇ ਅਧੀਨ ਕਰ ਲਿਆ ਸੀ। ਇਸ ਕਿਲ੍ਹੇ ਅੰਦਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਨਿਰਮਾਣ ਦਾ ਕੰਮ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਨਾਂ ਉੱਤੇ ਬਣਿਆ ਦਰਵਾਜ਼ਾ/ਗੇਟ ਅੱਜ ਵੀ ਕਿਲ੍ਹੇ ਅੰਦਰ ਹੈ।

ਇਸ ਕਿਲ੍ਹੇ ਅੰਦਰ ਹੋਰ ਕਈ ਦਰਵਾਜ਼ੇ ਹਨ। ਜਿਹੜਾ ਵੀ ਰਾਜਾ ਇਸ ਕਿਲ੍ਹੇ ਨੂੰ ਆਪਣੇ ਅਧੀਨ ਕਰ ਲੈਂਦਾ ਸੀ, ਉਸ ਦਾ ਹੀ ਇਲਾਕੇ ਵਿੱਚ ਰਾਜ ਮੰਨ ਲਿਆ ਜਾਂਦਾ ਸੀ। ਇਸ ਲਈ ਕਿਲ੍ਹੇ ਉੱਤੇ ਕਬਜਾ ਕਰਨ ਲਈ ਦੇਸੀ-ਵਿਦੇਸ਼ੀ ਹਮਲੇ ਕਰਦੇ ਸਨ। ਸਾਲ 1846 ਤੱਕ ਇਹ ਕਿਲ੍ਹਾ ਪੰਜਾਬ ਦੇ ਸਿੱਖਾਂ ਅਧੀਨ ਹੀ ਰਿਹਾ। ਇਹ ਕਿਲ੍ਹਾ ਲੰਬਾ ਸਮਾਂ ਸਿੱਖ ਰਾਜ ਦਾ ਹਿੱਸਾ ਰਿਹਾ ਸੀ। ਕਿਲ੍ਹੇ ਦੇ ਅੰਦਰ ਮੰਦਿਰ, ਮਸਜੀਦ, ਜੇਲ੍ਹ, ਫਾਂਸੀ ਵਾਲਾ ਕਮਰਾ, ਖੂਹ, ਤਲਾਬ ਅਤੇ ਪਾਣੀ ਦੇ ਪ੍ਰਬੰਧ ਦੇ ਅਵਸ਼ੇਸ਼ ਅੱਜ ਵੀ ਵੇਖਣ ਨੂੰ ਮਿਲਦੇ ਹਨ। ਕਿਲ੍ਹੇ ਅੰਦਰ ਪੁਰਾਤਨ ਹਿੰਦੂ ਅਤੇ ਰਾਜਪੂਤ ਕਾਲ ਦੀ ਹਸਤ ਕਲਾ ਦੇ ਸੁੰਦਰ ਨਮੂਨੇ ਅੱਜ ਵੀ ਵੇਖਣ ਨੂੰ ਮਿਲਦੇ ਹਨ। ਕਿਲ੍ਹੇ ਅੰਦਰ ਹਿੰਦੂ ਦੇਵੀ-ਦੇਵਤਿਆਂ ਦੀਆਂ ਪੱਥਰਾਂ ਉੱਤੇ ਬਣੀਆਂ ਮੂਰਤੀਆਂ ਵੇਖਣ ਨੂੰ ਮਿਲਦੀਆਂ ਹਨ। ਕਲਾ ਦੇ ਕਈ ਸੁੰਦਰ ਨਮੂਨੇ ਅਤੇ ਭਵਨ ਨਿਰਮਾਣ ਕਲਾ ਦੇ ਨਮੂਨੇ ਕਿਲ੍ਹੇ ਅੰਦਰ ਮੌਜੂਦ ਹਨ। ਪੁਰਾਤਨ ਸਮੇਂ ਦੀ ਕਾਰੀਗਰੀ ਦਾ ਇਹ ਕਿਲ੍ਹਾ ਸੁੰਦਰ ਨਮੂਨਾ ਹੈ।

ਦੱਸਿਆ ਜਾਂਦਾ ਹੈ ਕਿ ਅੰਗਰੇਜ਼ਾਂ ਦੇ ਰਾਜਕਾਲ ਸਮੇਂ ਸਾਲ 1905 ਵਿੱਚ ਕਾਂਗੜੇ 'ਚ ਬਹੁਤ ਵੱਡਾ ਭੂਚਾਲ ਆਇਆ ਸੀ ਅਤੇ ਕਿਲ੍ਹੇ ਦਾ ਕਾਫੀ ਹਿੱਸਾ ਢਹਿਢੇਰੀ ਹੋ ਗਿਆ ਸੀ। ਇਹ ਕਿਲ੍ਹਾ ਉੱਚੀ ਪਹਾੜੀ ਉੱਤੇ ਬਹੁਤ ਹੀ ਸੁੰਦਰ ਨਿਰਮਾਣ ਤਕਨੀਕ ਨਾਲ ਬਣਾਇਆ ਗਿਆ ਹੈ। ਸਾਲ 1907 ਵਿੱਚ ਕਿਲ੍ਹੇ ਦੇ ਉਸ ਭਾਗ ਨੂੰ ਫਿਰ ਮੁਰੰਮਤ ਕੀਤਾ ਗਿਆ ਸੀ, ਜੋ ਭੂਚਾਲ ਕਾਰਨ ਢਹਿ ਗਿਆ ਸੀ। ਇਸ ਦੇ ਸਬੂਤ ਕਿਲ੍ਹੇ ਅੰਦਰ ਲੱਗੇ ਨੀਂਹ ਪੱਥਰਾਂ ਤੋਂ ਮਿਲਦੇ ਹਨ। ਕਿਲੇ ਦੇ ਦੋਹੀਂ ਪਾਸੀਂ ਕੁਦਰਤੀ ਦਰਿਆ ਹੈ। ਅੱਜ ਵੀ ਹਜ਼ਾਰਾਂ ਲੋਕ, ਸਕਾਲਰ, ਇਤਿਹਾਸ ਪ੍ਰੇਮੀ, ਯਾਤਰੀ ਅਤੇ ਸਕੂਲ ਵਿਦਿਆਰਥੀ ਇਸ ਕਿਲ੍ਹੇ ਨੂੰ ਵੇਖਣ ਜਾਂਦੇ ਹਨ। ਕਿਲ੍ਹੇ ਦੇ ਆਸ-ਪਾਸ ਬਹੁਤ ਹੀ ਸੁੰਦਰ ਮਨਮੋਹਕ ਕੁਦਰਤੀ ਦ੍ਰਿਸ਼ ਵੇਖਣ ਨੂੰ ਮਿਲਦਾ ਹੈ। ਇਹ ਕਿਲ੍ਹਾ ਕਾਂਗੜਾ, ਹਿਮਾਚਲ ਪ੍ਰਦੇਸ਼ ਵਿੱਚ ਪੁਰਾਤਨ, ਮੱਧਵਰਤੀ ਅਤੇ ਆਧੁਨਿਕ ਇਤਿਹਾਸ ਨੂੰ ਸਾਂਭੀ ਬੈਠਾ ਹੈ। ਇਹ ਕਿਲ੍ਹਾ ਹਿੰਦੂ-ਸਿੱਖ ਭਾਈਚਾਰਾ ਅਤੇ ਪੰਜਾਬ ਦੀ ਸਾਂਝ ਨੂੰ ਸੰਭਾਲੀ ਬੈਠਾ ਹੈ। ਇਹ ਕਿਲ੍ਹਾ ਪੰਜਾਬ ਦੇ ਸਿੱਖ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਦਾ ਇਤਿਹਾਸ ਸੰਭਾਲੀ ਬੈਠਾ ਹੈ।

# ਜੋ ਨਜ਼ਰੀਆ ਬਦਲ ਸਕੇ, ਉਹੀ ਰਿਸ਼ਤੇ ਬਚਾਅ ਸਕੇ

ਤਰਜ਼-ਏ-ਜ਼ਿੰਦਗੀ

**ਡਾ. ਅਰਵਿੰਦਰ ਸਿੰਘ ਭੱਲਾ**
ਫੋਨ: +91-9463062603



ਮੁਰਸ਼ਦ ਨੇ ਆਪਣੇ ਮੁਰੀਦਾਂ ਨੂੰ ਸੰਬੋਧਨ ਕਰਦਿਆਂ ਫ਼ੁਰਮਾਇਆ ਕਿ ਜੇ ਹੋ ਸਕੇ ਤਾਂ ਰਿਸ਼ਤਿਆਂ ਨੂੰ ਨਿਭਾਉਣ ਲਈ ਰਤਾ ਕੁ ਅੱਖਾਂ ਬੰਦ ਕਰ ਲਿਆ ਕਰੋ। ਸੱਚ ਜਾਣਿਓ! ਅਜਿਹਾ ਕਰਨ ਨਾਲ ਰਿਸ਼ਤੇ ਨਿਭਾਉਣੇ ਕਾਫੀ ਹੱਦ ਤੱਕ ਆਸਾਨ ਹੋ ਜਾਂਦੇ ਹਨ। ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਜਦੋਂ ਅਸੀਂ ਕੁਝ ਗੌਰ ਨਾਲ ਦੂਸਰਿਆਂ ਵਿੱਚੋਂ ਐਬ ਦੇਖਣ ਦੇ ਆਦੀ ਹੋ ਜਾਂਦੇ ਹਾਂ ਤਾਂ ਰਿਸ਼ਤਿਆਂ ਦਾ ਨਿੱਘ, ਰਿਸ਼ਤਿਆਂ ਦੀ ਪਾਕੀਜ਼ਗੀ ਤੇ ਆਪਣੇਪਨ ਦਾ ਅਹਿਸਾਸ ਕਿਤੇ ਗੁਆਚ ਜਾਂਦਾ ਹੈ ਅਤੇ ਇਨਸਾਨ ਦੀ ਝੋਲੀ ਪੈ ਜਾਂਦੀ ਹੈ ਬਸ ਰਿਸ਼ਤਿਆਂ ਵਿਚਲੀ ਕੁੜੱਤਣ, ਆਪਸੀ ਨਫ਼ਰਤ, ਈਰਖਾ, ਗਿਲੇ-ਸ਼ਿਕਵੇ ਤੇ ਰੋਸੇ। ਰਿਸ਼ਤਿਆਂ ਨੂੰ ਕਾਇਮ ਰੱਖਣ ਲਈ ਇਹ ਸੱਚਾਈ ਸਾਨੂੰ ਪਹਿਲੇ ਦਿਨ ਤੋਂ ਹੀ ਸਵੀਕਾਰ ਕਰ ਲੈਣੀ ਚਾਹੀਦੀ ਹੈ ਕਿ ਕੋਈ ਵੀ ਮਨੁੱਖ ਕਦੇ ਵੀ ਸੰਪੂਰਨ ਨਹੀਂ ਹੁੰਦਾ ਹੈ।

ਦਰਅਸਲ ਸਾਨੂੰ ਦੂਸਰਿਆਂ ਨੂੰ ਉਨ੍ਹਾਂ ਦੇ ਅਧੂਰੇਪਣ ਸਹਿਤ ਹੀ ਅਪਣਾਉਣ ਦਾ ਹੁਨਰ ਸਿੱਖਣ ਦੀ ਲੋੜ ਹੁੰਦੀ ਹੈ। ਸਾਨੂੰ ਇਸ ਗੱਲ ਵੱਲ ਵੀ ਤਵੱਜੋ ਦੇਣੀ ਚਾਹੀਦੀ ਹੈ ਕਿ ਸਾਡੇ ਵਿੱਚ ਵੀ ਲੱਖਾਂ ਕਮੀਆਂ ਅਤੇ ਬੁਰਾਈਆਂ ਪਾਈਆਂ ਜਾਂਦੀਆਂ ਹਨ। ਜੇਕਰ ਸਾਡੇ ਨਾਲ ਵੀ ਕੋਈ ਚਾਰ ਕਦਮ ਚੱਲ ਰਿਹਾ ਹੈ ਤਾਂ ਉਸ ਨੇ ਵੀ ਸਾਨੂੰ ਸਾਡੀਆਂ ਕਮੀਆਂ ਸਹਿਤ ਅਪਣਾਉਣ ਦਾ ਜੇਰਾ ਦਿਖਾਇਆ ਹੈ। ਇਨਸਾਨੀ ਰਿਸ਼ਤਿਆਂ ਵਿੱਚ ਮੋਹ, ਪਿਆਰ ਅਤੇ ਸਤਿਕਾਰ ਤਦ ਹੀ ਕਾਇਮ ਰਹਿ ਸਕਦਾ ਹੈ, ਜੇਕਰ ਮਨੁੱਖ ਆਪਣਿਆਂ ਤੇ ਪਰਾਇਆਂ ਦੀਆਂ ਗ਼ਲਤੀਆਂ ਨੂੰ ਥੋੜ੍ਹਾ ਕੁ ਦਰਗੁਜ਼ਰ ਕਰੇ, ਦੂਸਰਿਆਂ ਨੂੰ ਥੋੜ੍ਹਾ ਕੁ ਬਰਦਾਸ਼ਤ ਕਰੇ, ਥੋੜ੍ਹਾ ਕੁ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ ਅਤੇ ਥੋੜ੍ਹਾ ਕੁ ਮੂੰਹੋਂ ਕੋਈ ਗੱਲ ਕੱਢਣ ਲੱਗਿਆਂ ਪਰਹੇਜ਼ ਵਰਤ ਲਏ ਤਾਂ ਯਕੀਨੀ ਤੌਰ ਉਪਰ ਮਨੁੱਖ ਦੂਸਰਿਆਂ ਦੇ ਦਿਲਾਂ ਉਤੇ ਰਾਜ ਕਰ ਸਕਦਾ ਹੈ, ਲੇਕਿਨ ਅਫ਼ਸੋਸ ਮਨੁੱਖ ਆਪਣੇ ਉਲਾਰੂ ਸੁਭਾਅ, ਬੇਸਬਰੇਪਣ, ਬੇਸਮਝੀ ਅਤੇ ਜ਼ਹਾਲਤ ਕਾਰਨ ਮਨੁੱਖੀ ਰਿਸ਼ਤਿਆਂ ਦੀਆਂ ਪੇਚੀਦਗੀਆਂ ਨੂੰ ਨਾ ਤਾਂ ਸਮਝ ਪਾਉਂਦਾ ਹੈ ਤੇ ਨਾ ਹੀ ਆਪਸੀ ਰਿਸ਼ਤਿਆਂ ਦੀ ਖ਼ੂਬਸੂਰਤੀ ਨੂੰ ਕਾਇਮ ਰੱਖ ਪਾਉਂਦਾ ਹੈ।

ਮੁਰਸ਼ਦ ਨੇ ਫ਼ੁਰਮਾਇਆ ਕਿ ਜ਼ਿੰਦਗੀ ਕੋਈ ਰਿਸ਼ਤਿਆਂ ਨੂੰ ਪਰਖਣ ਵਾਲੀ ਪ੍ਰਯੋਗਸ਼ਾਲਾ ਨਹੀਂ ਕਿ ਜਿੱਥੇ ਮਿੰਟ ਮਿੰਟ ਬਾਅਦ ਅਸੀਂ ਆਪਣੇ ਵੱਲੋਂ ਨਿਰਧਾਰਤ ਮਾਪਦੰਡਾਂ ਉੱਪਰ ਦੂਜਿਆਂ ਨੂੰ ਪਰਖ ਕੇ ਆਪਣੇ ਕਰੀਬ ਜਾਂ ਆਪਣੇ ਤੋਂ ਦੂਰ ਕਰੀਏ। ਮੁਰਸ਼ਦ ਨੇ ਇਸ ਗੱਲ ਦੀ ਵੀ ਤਲਕੀਨ ਕੀਤੀ ਕਿ ਰਿਸ਼ਤਿਆਂ ਦੀ ਬੇਹੁਰਮਤੀ ਕਰਨ ਤੋਂ ਹਮੇਸ਼ਾ ਗੁਰੇਜ਼ ਕਰੋ, ਇੱਕ ਦੂਜੇ ਪ੍ਰਤੀ ਸਮਰਪਣ ਭਾਵ ਰੱਖੋ, ਦੂਜਿਆਂ ਦੀਆਂ ਖ਼ਾਮੀਆਂ ਨੂੰ ਛੱਜ ਵਿੱਚ ਪਾ ਕੇ ਨਾ ਛੱਟੋ, ਤਕਰਾਰ ਦਾ ਰਾਹ ਛੱਡ ਕੇ ਸੰਵਾਦ ਰਚਾਉਣ ਨੂੰ ਪਹਿਲ ਦਿਉ, ਆਪਣੀ ਇੱਛਾ ਨੂੰ ਦੂਸਰਿਆਂ ਉੱਪਰ ਠੋਸਣ ਦੀ ਹਸਰਤ ਨਾ ਪਾਲੋ, ਦੂਸਰਿਆਂ ਦੇ ਸਵੈਮਾਣ ਨੂੰ ਠੇਸ ਨਾ ਪਹੁੰਚਾਉ ਅਤੇ ਆਪਣੇ ਨਜ਼ਰੀਏ ਨੂੰ ਵਿਸ਼ਾਲ ਬਣਾਉਣ ਦਾ ਯਤਨ ਕਰੋ। ਰਿਸ਼ਤਿਆਂ ਦੀਆਂ ਕੋਮਲ ਤੰਦਾਂ ਨੂੰ ਟੁੱਟਣ ਤੋਂ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕਰੋ।

ਚਾਰ ਦਿਨਾਂ ਦੀ ਜ਼ਿੰਦਗੀ ਵਿੱਚ ਇੱਕ ਦੂਜੇ ਪ੍ਰਤੀ ਕੋਈ ਮੰਦਭਾਵਨਾ ਨਾ ਰੱਖੋ ਅਤੇ ਇੱਕ ਦੂਜੇ ਪ੍ਰਤੀ ਕੋਈ ਪੱਕੀਆਂ ਧਾਰਨਾਵਾਂ ਨਾ ਕਾਇਮ ਕਰੋ। ਪਤਾ ਨਹੀਂ ਮਨੁੱਖ ਨੂੰ ਅਗਲੀ ਸਵੇਰ ਦਾ ਸੂਰਜ ਦੇਖਣਾ ਨਸੀਬ ਹੋਵੇ ਜਾਂ ਨਾ ਹੋਵੇ ਅਤੇ ਕੌਣ ਜਾਣਦਾ ਹੈ ਕਿ ਅਗਲੇ ਦਮ ਆਵੇ ਜਾਂ ਨਾ ਆਵੇ; ਲਿਹਾਜ਼ਾ ਆਪਣੇ ਜੀਵਨ ਨੂੰ ਕੁਝ ਮੁੱਠੀ ਭਰ ਕਰੀਬੀ ਲੋਕਾਂ ਦੇ ਸੰਗ ਹੱਸਦੇ-ਹਸਾਉਂਦੇ ਗੁਜ਼ਾਰੋ ਅਤੇ ਆਪਣੇ ਕਰੀਬੀ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾ ਨਿਵਾਸ ਕਰੋ। ਗਰੂਰ ਦੀ ਕੰਧ ਉੱਤੇ ਖੜ੍ਹੇ ਹੋ ਕੇ ਕਦੇ ਵੀ ਲੋਕਾਂ ਨੂੰ ਆਪਣੇ ਤੋਂ ਕਮਤਰ ਸਮਝਣ ਦੀ ਭੁੱਲ ਨਾ ਕਰੋ। ਸਭ ਤਰ੍ਹਾਂ ਦੇ ਮਖੌਟੇ ਉਤਾਰ ਕੇ ਲੋਕਾਂ ਦੀਆਂ ਖੁਸ਼ੀਆਂ ਗ਼ਮੀਆਂ ਨੂੰ ਆਪਣਾ ਸਮਝਦੇ ਹੋਏ ਲੋਕਾਂ ਨਾਲ ਦਿਲਾਂ ਦੀ ਸਾਂਝ ਪਾਉਣ ਦਾ ਯਤਨ ਕਰੋ। ਇਹ ਗੱਲ ਹਮੇਸ਼ਾ ਤੁਹਾਡੇ ਜ਼ਿਹਨ ਵਿੱਚ ਰਹੇ ਕਿ ਇਹ ਮਨੁੱਖੀ ਰਿਸ਼ਤੇ ਹੀ ਤੁਹਾਡੀ ਜ਼ਿੰਦਗੀ ਦਾ ਅਸਲ ਸਰਮਾਇਆ ਹਨ। ਜੇਕਰ ਤੁਹਾਡੇ ਦਿਲ ਕਰੀਬ ਕੋਈ ਨਹੀਂ ਜਾਂ ਤੁਸੀਂ ਕਿਸੇ ਦਿਲ ਦੀ ਧੜਕਨ ਨਹੀਂ ਤਾਂ ਇਹ ਸਮਝ ਲਉ ਕਿ ਜ਼ਿੰਦਗੀ ਵਿੱਚ ਤੁਹਾਡੇ ਕੋਲ ਬਹੁਤ ਕੁਝ ਹੋਣ ਦੇ ਬਾਵਜੂਦ ਤੁਸੀਂ ਆਪਣੇ ਅੰਦਰ ਇੱਕ ਖ਼ਲਾਅ ਅਤੇ ਇਕੱਲਾਪਨ ਮਹਿਸੂਸ ਕਰਦੇ ਰਹੋਗੇ। ਰਿਸ਼ਤੇ ਨਿਭਾਉਣ ਲਈ ਸ਼ਰਤਾਂ ਤੈਅ ਨਾ ਕਰੋ, ਬਲਕਿ ਰਿਸ਼ਤਿਆਂ ਦੇ ਬੁਨਿਆਦੀ ਤਕਾਜ਼ੇ ਪੂਰੇ ਕਰਨ ਲਈ ਕੋਸ਼ਿਸ਼ ਕਰਦੇ ਰਹੋ।

ਅੱਜ ਕੱਲ੍ਹ ਹਾਲਾਤ ਇਹ ਬਣੇ ਹੋਏ ਹਨ ਕਿ ਮਨੁੱਖੀ ਰਿਸ਼ਤੇ ਨਾ ਛੱਡਣ ਯੋਗ ਰਹੇ, ਨਾ ਨਿਭਾਉਣ ਦੇ ਕਾਬਲ। ਬਜ਼ੁਰਗ ਨੇ ਆਪਣੇ ਸ਼ਿਸ਼ ਨੂੰ ਫ਼ੁਰਮਾਇਆ ਕਿ ਇਸ ਫ਼ਾਨੀ ਸੰਸਾਰ ਵਿੱਚ ਜਦੋਂ ਤੱਕ ਇੱਕ ਦੂਜੇ ਨਾਲ ਮਿਲਦਿਆਂ-ਵਰਤਦਿਆਂ ਕੋਈ ਇਨਸਾਨ ਨਸ਼ਰ ਨਹੀਂ ਹੋ ਜਾਂਦਾ ਤਾਂ ਰਿਸ਼ਤਿਆਂ ਦਾ ਭਰਮ ਬਣਿਆ ਰਹਿੰਦਾ ਹੈ ਅਤੇ ਇੱਕ ਦੂਜੇ ਪ੍ਰਤੀ ਮੋਹ, ਮੁਹੱਬਤ ਤੇ ਆਪਣੇਪਣ ਦਾ ਕੱਚ ਸੱਚ ਦੁਨੀਆਂ ਦੀਆਂ ਨਜ਼ਰਾਂ ਤੋਂ ਲੁਕਿਆ-ਛੁਪਿਆ ਰਹਿੰਦਾ ਹੈ। ਲੇਕਿਨ ਜਦੋਂ ਕਿਸੇ ਇਨਸਾਨ ਵਲੋਂ ਰਿਸ਼ਤਿਆਂ ਦੇ ਤਮਾਮ ਤਕਾਜ਼ੇ ਪੂਰੇ ਕਰਨ ਦੇ ਬਾਵਜੂਦ ਉਸ ਦੇ ਸਵੈਮਾਣ ਨੂੰ ਠੇਸ ਪਹੁੰਚਾਈ ਜਾਂਦੀ ਹੈ, ਜਦੋਂ ਉਸ ਨੂੰ ਜਾਣ-ਬੁੱਝ ਕੇ ਸਾਰਿਆਂ ਵਿੱਚ ਜ਼ਲੀਲ ਕੀਤਾ ਜਾਂਦਾ ਹੈ, ਜਦੋਂ ਕੋਈ ਗੁਨਾਹ ਕੀਤੇ ਬਿਨਾਂ ਉਸ ਨੂੰ ਕਟਹਿਰੇ ਵਿੱਚ ਖੜ੍ਹੇ ਕਰਕੇ ਸਜ਼ਾ ਸੁਣਾਈ ਜਾਂਦੀ ਹੈ, ਉਸ ਉਤੇ ਕੋਈ ਝੂਠੀ ਤੋਹਮਤ ਲਗਾਈ ਜਾਂਦੀ ਹੈ ਜਾਂ ਫਿਰ ਜਦੋਂ ਕੋਈ ਰਿਸ਼ਤਿਆਂ ਨੂੰ ਨਿਭਾਉਂਦੇ ਹੋਏ ਉਸ ਨੂੰ ਘੁੱਟਣ ਦਾ ਅਹਿਸਾਸ ਹੋਣਾ ਆਰੰਭ ਹੋ ਜਾਵੇ ਤਾਂ ਇਸ ਸਭ ਦੇ ਨਤੀਜੇ ਵਜੋਂ ਉਸ ਮਨੁੱਖ ਦਾ ਕਰੀਬੀ ਤੋਂ ਕਰੀਬੀ ਰਿਸ਼ਤਿਆਂ ਤੋਂ ਮੋਹ ਭੰਗ ਹੋ ਜਾਣਾ ਬੇਹੱਦ ਸੁਭਾਵਿਕ ਹੈ।

ਗੱਲ ਤਾਂ ਹੱਦੋਂ ਵੱਧ ਉਸ ਸਮੇਂ ਹੋ ਜਾਂਦੀ ਹੈ, ਜਦੋਂ ਤੁਸੀਂ ਉਨ੍ਹਾਂ ਅੱਗੇ ਖੁਦ ਨੂੰ ਬੇਬਸ, ਕਮਤਰ ਅਤੇ ਅਪਮਾਨਿਤ ਹੁੰਦੇ ਹੋ, ਜਿਨ੍ਹਾਂ ਅੱਗੇ ਤੁਸੀਂ ਆਪਣੇ ਕੱਦ ਤੋਂ ਵੱਡਾ ਅਕਸ ਸਿਰਜਿਆ ਹੁੰਦਾ ਹੈ। ਇੱਕ ਦੂਜੇ ਨਾਲ ਵਾਬਸਤਾ ਰਿਸ਼ਤਿਆਂ ਵਿੱਚ ਤਰੇੜਾਂ ਉਸ ਸਮੇਂ ਜੱਗ ਜ਼ਾਹਰ ਹੁੰਦੀਆਂ ਹਨ, ਜਦੋਂ ਜਿਨ੍ਹਾਂ ਨੂੰ ਤੁਸੀਂ ਆਪਣੀ ਹਥੇਲੀ ਤੋਂ ਚੋਗਾ ਚੁਗਾਇਆ ਹੁੰਦਾ ਹੈ, ਉਹੀ ਹੀ ਕਮਜ਼ਰਫ ਲੋਕ ਤੁਹਾਡੀ ਕਿਰਦਾਰਕੁਸ਼ੀ ਕਰਨ ਲੱਗ ਜਾਂਦੇ ਹਨ ਜਾਂ ਫਿਰ ਤੁਹਾਨੂੰ ਹਾਸ਼ੀਏ ਉੱਤੇ ਧਕੇਲ ਕੇ ਆਪਣੇ ਰਾਹ ਆਪ ਬਣਾਉਣੇ ਸ਼ੁਰੂ ਕਰ ਦਿੰਦੇ ਹਨ। ਦਰਅਸਲ ਇਨਸਾਨ ਨੂੰ ਦੁਨੀਆਂ ਦੀ ਮੋਹ ਮਾਇਆ ਦੇ ਤਿਆਗ ਦਾ ਖਿਆਲ ਵੀ ਅਕਸਰ ਉਸ ਸਮੇਂ ਆਉਂਦਾ ਹੈ, ਜਦੋਂ ਦੁਨੀਆਂ ਉਸ ਨੂੰ ਆਪਣੀਆਂ ਤਰਜੀਹਾਂ ਵਿੱਚੋਂ ਵਿਸਾਰ ਦਿੰਦੀ ਹੈ। ਜਿਸ ਸੰਸਾਰ ਵਿੱਚ ਕੁਝ ਵੀ ਸਥਿਰ ਨਹੀਂ, ਉਥੇ ਇਨਸਾਨ ਵੱਲੋਂ ਸਦੀਵੀਂ ਰਿਸ਼ਤਿਆਂ ਦੀ ਭਾਲ ਕਰਨ ਦੀ ਵਿਅਰਥ ਕੋਸ਼ਿਸ਼ ਕੀਤੀ ਜਾਂਦੀ ਹੈ।

ਦੁਨਿਆਵੀ ਹਕੀਕਤਾਂ ਤੋਂ ਚੰਗੀ ਤਰ੍ਹਾਂ ਜਾਣੂੰ ਹੋਣ ਦੇ ਬਾਵਜੂਦ ਸਭ ਕੁਝ ਜਾਣਦਿਆਂ-ਬੁਝਦਿਆਂ ਇਨਸਾਨ ਮਨੁੱਖੀ ਰਿਸ਼ਤਿਆਂ ਦੇ ਚੱਕਰਵਿਊ ਵਿੱਚ ਉਲਝੇ ਰਹਿਣ ਨੂੰ ਹੀ ਜ਼ਿੰਦਗੀ ਸਮਝਣ ਦੀ ਭੁੱਲ ਕਰਦਾ ਦਿਖਾਈ ਦਿੰਦਾ ਹੈ। ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਮਹਿਸੂਸ ਹੁੰਦਾ ਹੈ ਕਿ ਇਸ ਛਲਾਵੇ ਵਰਗੇ ਸੰਸਾਰ ਵਿੱਚ ਹਰ ਕੋਈ ਆਪਣੀਆਂ ਗਰਜ਼ਾਂ ਨਾਲ ਬੱਝਿਆ ਹੋਇਆ ਹੈ। ਇਸ ਸੁਪਨੇ ਨਿਆਈਂ ਸੰਸਾਰ ਵਿੱਚ ਰਿਸ਼ਤਿਆਂ ਦਾ ਟੁੱਟਣਾ ਕੋਈ ਅਣਹੋਣੀ ਨਹੀਂ, ਸਗੋਂ ਇਹ ਤਾਂ ਰੋਜ਼ਮੱਰ੍ਹਾ ਜ਼ਿੰਦਗੀ ਦਾ ਇੱਕ ਸਧਾਰਨ ਜਿਹਾ ਵਰਤਾਰਾ ਹੈ।

ਅਸਲ ਵਿੱਚ ਰਿਸ਼ਤਿਆਂ ਦੇ ਤਲਿਸਮ ਨੂੰ ਸਮਝਣ ਦੀ ਜ਼ਰੂਰਤ ਹੁੰਦੀ ਹੈ, ਬੇਸ਼ੱਕ ਇਸ ਮੁਆਸ਼ਰੇ ਵਿੱਚ ਮਨੁੱਖ ਇਕੱਲਿਆਂ ਨਹੀਂ ਰਹਿ ਸਕਦਾ ਹੈ, ਲੇਕਿਨ ਦੇਖਿਆ ਜਾਵੇ ਤਾਂ ਅਜਿਹੇ ਰਿਸ਼ਤੇ ਨਿਭਾਉਣ ਦਾ ਵੀ ਕੀ ਲਾਭ ਹੈ ਕਿ ਜਿੱਥੇ ਤੁਸੀਂ ਮਹਿਜ਼ ਇੱਕ ਖਿਲੌਣੇ ਦੀ ਤਰ੍ਹਾਂ ਵਰਤੇ ਜਾ ਰਹੇ ਹੋਵੋ। ਅਜਿਹੇ ਰਿਸ਼ਤਿਆਂ ਦਾ ਕੀ ਫਾਇਦਾ ਕਿ ਦੂਸਰੇ ਲੋਕ ਤੁਹਾਨੂੰ ਆਪਣੇ ਮਨ ਪਰਚਾਵੇ ਜਾਂ ਨਿੱਜੀ ਮੁਫਾਦ ਦੀ ਖ਼ਾਤਰ ਇਸਤੇਮਾਲ ਕਰ ਰਹੇ ਹੋਣ। ਲਿਹਾਜ਼ਾ ਮਨੁੱਖੀ ਰਿਸ਼ਤਿਆਂ ਦੀ ਦੁਨੀਆਂ ਦੀਆਂ ਗੁੱਝੀਆਂ ਰਮਜਾਂ ਨੂੰ ਸਮਝੋ ਤਾਂ ਜੋ ਰਿਸ਼ਤਿਆਂ ਦੀ ਬੇਹੁਰਮਤੀ ਦੇ ਫਲਸਰੂਪ ਹੋਣ ਵਾਲੇ ਨਾਕਾਬਿਲੇ ਬਰਦਾਸ਼ਤ ਦਰਦ ਤੋਂ ਤੁਸੀਂ ਨਿਜ਼ਾਤ ਹਾਸਲ ਕਰ ਸਕੋ। ਬਜ਼ੁਰਗ ਨੇ ਇਹ ਵੀ ਫ਼ੁਰਮਾਇਆ ਕਿ ਕੱਚ ਵਰਗੇ ਰਿਸ਼ਤੇ ਜਦੋਂ ਚਕਨਾਚੂਰ ਹੁੰਦੇ ਹਨ ਤਾਂ ਰੂਹ ਤੱਕ ਜ਼ਖ਼ਮੀ ਹੋ ਜਾਂਦੀ ਹੈ।

---

*ਪ੍ਰਿੰਸੀਪਲ, ਗੁਰੂ ਨਾਨਕ ਖਾਲਸਾ ਕਾਲਜ, ਯਮੁਨਾ ਨਗਰ (ਹਰਿਆਣਾ)*

ਦੁੱਖੜੇ ਬਟਵਾਰੇ ਦੇ




ਸਾਂਵਲ ਧਾਮੀ
ਫੋਨ:+91-9781843444


# ਨੱਤੀਆਂ ਤੋਂ ਸੱਖਣੇ ਕੰਨਾਂ ਦੀ ਕਹਾਣੀ

***1947 ਦੇ ਦੁਖੜਿਆਂ ਦੀ ਵਾਰਤਾ ਬਹੁਤ ਲੰਮੀ ਹੈ। ਸੰਤਾਲ਼ੀ 'ਚ ਕਰੋੜਾਂ ਲੋਕਾਂ ਨੇ ਹਿਜਰਤ ਕੀਤੀ। ਹਜ਼ਾਰਾਂ ਅਜਿਹੇ ਵੀ ਸਨ, ਜਿਨ੍ਹਾਂ ਨੂੰ ਆਪਣਿਆਂ ਕੋਲ਼ ਪਹੁੰਚਣ ਲਈ ਕਈ ਦਿਨ, ਮਹੀਨੇ ਤੇ ਸਾਲ ਲੱਗ ਗਏ। ਅਜਿਹੀ ਹੀ ਇੱਕ ਕਹਾਣੀ ਇੱਥੇ ਬਿਆਨ ਹੈ, ਜਿਸ ਵਿੱਚ ਨੱਤੀਆਂ ਦੇ ਵਿਗੋਚੇ ਦੀ ਵਾਰਤਾ ਹੈ। ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।***

ਸੰਤਾਲ਼ੀ ਤੋਂ ਪਹਿਲਾਂ ਕੋਟਲੇ ਪਿੰਡ 'ਚ ਰਾਏ ਗੋਤ ਦੇ ਮੁਸਲਮਾਨ ਜੱਟ, ਅਰਾਈਂ, ਹਿੰਦੂ ਪਰਜਾਪਤ ਤੇ ਆਦਿ ਧਰਮੀ ਵੱਸਦੇ ਸਨ। ਬਾਬਾ ਦਰਸ਼ਣ ਰਾਮ ਦਾ ਦਾਦਾ ਜੀਣ ਦਾਸ ਤੇ ਉਸਦਾ ਭਰਾ ਰਲਾ, ਜ਼ਿਲ੍ਹਾ ਜਲੰਧਰ ਦੇ ਇਸ ਪਿੰਡ ਤੋਂ ਉੱਠ ਕੇ ਬਹਾਵਲਪੁਰ ਰਿਆਸਤ 'ਚ ਚਲੇ ਗਏ ਸਨ। ਜ਼ਿਲ੍ਹਾ ਸੀ ਬਹਾਵਲ ਨਗਰ, ਮੰਡੀ ਤੇ ਸਟੇਸ਼ਨ ਸੀ ਚਿਸ਼ਤੀਆਂ ਤੇ ਚੱਕ ਨੰਬਰ ਸੀ ਇੱਕ ਸੌ ਅੱਸੀ।

ਇਹ ਪੂਰਾ ਚੱਕ ਅਰਾਈਆਂ ਦਾ ਸੀ। ਅੱਧਾ ਪਿੰਡ ਬਟਾਲੀਆਂ ਦਾ ਸੀ ਅਤੇ ਬਾਕੀ ਅੱਧਾ ਜਲੰਧਰੀਆਂ ਤੇ ਹੁਸ਼ਿਆਰਪੁਰੀਆਂ ਦਾ। ਇਨ੍ਹਾਂ 'ਚੋਂ ਤਿੰਨ ਘਰ ਕੋਟਲੇ, ਚਾਰ-ਚਾਰ ਘਰ ਸੰਨਵਾਂ, ਮਸੀਤੀ ਤੇ ਅਲੱਡ ਤੇ ਪੰਜ ਘਰ ਬਾਕਰਪੁਰ ਪੰਡੋਰੀ ਦੇ ਸਨ।

ਕਰੀਮ ਬਖ਼ਸ਼ ਨੰਬਰਦਾਰ ਬਟਾਲੇ ਤੋਂ ਗਿਆ ਹੋਇਆ ਸੀ। ਸਦਰਦੀਨ ਪੰਜ ਪੁੱਤਰਾਂ ਦਾ ਪਿਉ ਤੇ ਪੰਜ ਮੁਰੱਬਿਆਂ ਦਾ ਮਾਲਕ ਸੀ। ਵੱਡੇ ਮੁੰਡੇ ਦਾ ਨਾਂ ਗੁਲਾਮ ਮੁਹੰਮਦ ਸੀ ਤੇ ਬਾਕੀ ਸਨ- ਨਿਜ਼ਾਮ, ਜਲਾਲ, ਚਿਰਾਗ਼ ਤੇ ਸ਼ਫ਼ੀ। ਮੁਹੰਮਦ ਅਲੀ ਤੇ ਸਰਦਾਰਾ ਇਸਦੇ ਭਤੀਜੇ ਸਨ। ਮੁਤਬਰ ਬੰਦਿਆਂ 'ਚੋਂ ਇੱਕ ਸੀ ਸ਼ਰਫ਼ਦੀਨ। ਇਸਦੇ ਅੱਠ ਪੁੱਤਰ ਸਨ। ਸਰਵਰ, ਫ਼ਜ਼ਲ ਕਰੀਮ, ਗੁਲਾਮ ਮੁਹੰਮਦ ਤੇ ਇਲਮਦੀਨ ਹੁਰੀਂ ਚਾਰ ਤਾਂ ਪਿੰਡ 'ਚ ਹੀ ਰਹਿੰਦੇ ਹਨ। ਚਾਰ ਉਸਨੇ ਬੇਦਖ਼ਲ ਕੀਤੇ ਹੋਏ ਸਨ, ਜੋ ਇਸ ਚੱਕ 'ਚੋਂ ਜਾ ਚੁੱਕੇ ਸਨ। ਸ਼ਰਫ਼ਦੀਨ ਦੀਆਂ ਅਖੌਤਾਂ ਜਿਹੀਆਂ ਗੱਲਾਂ ਬਾਬੇ ਦਰਸ਼ਣ ਨੂੰ ਅੱਜ ਵੀ ਯਾਦ ਨੇ।

'ਜੇ ਝੂਠ ਬੋਲਣ 'ਤੇ ਇੱਕ ਦਮੜੀ ਵੀ ਲੱਗਦੀ ਹੋਵੇ ਤਾਂ ਸੰਸਾਰ 'ਤੇ ਕੋਈ ਝੂਠ ਨਾ ਬੋਲੇ।'

ਤਵੇ ਵਾਲ਼ੀ ਮਸ਼ੀਨ ਸਿਰਫ਼ ਉਸਦੇ ਕੋਲ ਹੁੰਦੀ ਸੀ। ਚਾਲ਼ੀ ਤੋਂ ਅੱਸੀ ਤੱਕ ਪਸ਼ੂ ਹੁੰਦੇ ਸਨ, ਹਰ ਘਰ ਵਿੱਚ। ਖੇਤੀਬਾੜੀ ਦੇ ਕੰਮ ਰਾਤ ਦੇ ਦਸ ਕੁ ਵਜੇ ਮੁੱਕਦੇ। ਲੋਕ ਰੋਟੀ ਖਾ ਕੇ ਪੱਠੇ ਕੁਤਰਦੇ। ਸਾਰੇ ਵਿਹਲੇ ਹੁੰਦੇ ਤਾਂ ਸ਼ਰਫ਼ਦੀਨ ਗ੍ਰਾਮੋਫੋਨ ਲਗਾਉਂਦਾ ਕਿ ਹੁਣ ਕਿਸੇ ਦਾ ਵੀ ਕੰਮ ਨਹੀਂ ਰੁਕਣਾ।

ਨੰਬਰਦਾਰ ਤਾਜਦੀਨ, ਇਸਮਾਈਲ, ਨਵਾਬ, ਮਿਹਰ ਅਲੀ, ਗਾਮੀ, ਨੱਥੂ, ਰਹਿਮਾ, ਦੌਲਾ, ਨੂਰ ਮੁਹੰਮਦ ਤੇ ਫ਼ਕੀਰ ਇਸ ਪਿੰਡ ਦੇ ਚੌਧਰੀ ਬੰਦੇ ਸਨ। ਬਾਬੇ ਦਰਸ਼ਣ ਦੇ ਹਾਣੀ ਸਨ- ਸਾਦਿਕ, ਤਾਲਿਬ ਹੁਸੈਨ, ਦਿਲਾਵਰ ਹੁਸੈਨ, ਸ਼ੇਰ ਹੁਸੈਨ, ਬਰਕਤ ਅਲੀ, ਨਿਆਜ਼ ਖਾਂ, ਮੰਦ ਖਾਂ ਤੇ ਬਰਕਤ ਖਾਂ।

ਬਾਬਾ ਦਰਸ਼ਣ ਰਾਮ ਦੇ ਬਜ਼ੁਰਗ ਪਹਿਲਾਂ ਕੱਪੜਾ ਬੁਣਦੇ ਹੁੰਦੇ ਸਨ। ਇਹ ਉਨ੍ਹਾਂ ਵਕਤਾਂ ਦੀ ਗੱਲ ਏ ਜਦੋਂ ਆਮ ਬੰਦਾ ਪੰਜ ਰੁਪਏ ਮਹੀਨੇ 'ਤੇ ਨੌਕਰੀ ਕਰਦਾ ਹੁੰਦਾ ਸੀ, ਦੋ ਰੁਪਏ ਦੀ ਕਣਕ ਦੀ ਬੋਰੀ ਆ ਜਾਂਦੀ ਸੀ ਤੇ ਫੌਜੀ ਦੀ ਤਨਖ਼ਾਹ ਪੰਦਰਾਂ-ਸੋਲ੍ਹਾਂ ਰੁਪਏ ਹੁੰਦੀ ਸੀ। ਉਦੋਂ ਇਹ ਟੱਬਰ ਨਿੱਤ ਇੱਕ ਰੁਪਈਆ ਕਮਾਉਂਦਾ ਹੁੰਦਾ ਸੀ।

"ਅਸੀਂ ਮੌਜ-ਮੇਲੇ 'ਚ ਹੀ ਰਹੇ। ਬੜੀ ਬਾਦਸ਼ਾਹਤ ਮਾਣੀ ਓਥੇ।" ਬਾਬਾ ਪੁਰਾਣੇ ਦਿਨਾਂ ਨੂੰ ਯਾਦ ਕਰਦਾ ਹੋਇਆ ਹਉਕਾ ਭਰਦਾ ਹੈ।

ਖੱਡੀਆਂ ਵਾਲ਼ਾ ਕੰਮ ਛੱਡ ਕੇ ਇਹ ਟੱਬਰ ਚਮੜਾ ਖਰੀਦਣ ਲੱਗ ਪਿਆ ਸੀ। ਨੇੜਲੇ ਪਿੰਡਾਂ 'ਚੋਂ ਮੋਏ ਪਸ਼ੂਆਂ ਦੀਆਂ ਖੱਲਾਂ ਖਰੀਦ, ਇਹ ਚਿਸ਼ਤੀਆਂ ਮੰਡੀ 'ਚ ਵੇਚਣ ਜਾਂਦੇ। ਪਿੰਡ ਦਾ ਬਜ਼ੁਰਗ ਗੌਹਰ ਇੱਕ ਦਿਨ ਕਹਿਣ ਲੱਗਾ, "ਦੁਨੀਆਂ 'ਤੇ ਕੰਮ ਹੁੰਦੇ ਆਏ ਨੇ ਤੇ ਹੁੰਦੇ ਰਹਿਣੇ ਨੇ, ਪਰ ਘਰੋਂ ਤੁਰਨ ਲੱਗੇ ਤੁਸੀਂ ਇਹੋ ਸੋਚਦੇ ਹੋਵੋਗੇ ਕਿ ਮਾਲ ਮਿਲੇ। ਮਾਲ ਤਾਂ ਤਦ ਮਿਲੂ, ਜੇ ਕਿਸੇ ਦਾ ਡੰਗਰ ਮਰੂ। ਮੌਤ ਮੰਗਣੀ ਕੋਈ ਸਵਾਬ ਦਾ ਕੰਮ ਨਹੀਂ ਹੁੰਦਾ!"

ਚੰਮ ਖਰੀਦਣ ਵਾਲਿਆਂ ਕੋਲ ਡਾਂਗ ਤੇ ਰੱਸਾ ਜ਼ਰੂਰ ਹੁੰਦਾ। ਡਾਂਗ ਰੱਖ ਕੇ ਇਨ੍ਹਾਂ ਦਾ ਬਜ਼ੁਰਗ ਪੁੱਛਣ ਲੱਗਾ, "ਦੱਸ ਮੇਹਰ, ਫਿਰ ਕਿਹੜਾ ਕੰਮ ਕਰੀਏ?" ਉਹਨੇ ਸਲਾਹ ਦਿੱਤੀ ਕਿ ਮੱਝਾਂ ਖਰੀਦੋ ਤੇ ਵੇਚੋ। ਸ਼ਾਹੂਕਾਰ ਸਦਵਾਓਗੇ ਤੇ ਸ਼ਾਹੂਕਾਰ ਹੋ ਜਾਓਗੇ।

ਇਨ੍ਹਾਂ ਗੌਹਰ ਦਾ ਆਖਾ ਮੰਨ ਲਿਆ। ਗੌਹਰ ਦੇ ਬੋਲ ਸੱਚ ਸਾਬਿਤ ਹੋਏ।

"ਅਰਾਈਂ ਜ਼ਿਮੀਦਾਰ ਤਾਂ ਵੱਡੇ ਸੀ, ਪਰ ਗੁਰਬਤ ਦੀ ਜ਼ਿੰਦਗੀ ਹੰਢਾਉਂਦੇ ਸੀ। ਫ਼ਸਲਾਂ ਦਾ ਬਹੁਤਾ ਭਾਅ ਨਹੀਂ ਸੀ ਹੁੰਦਾ। ਸਾਡੇ ਟੱਬਰ ਕੋਲ ਪੈਸੇ ਵਿਉਪਾਰ ਨਾਲ ਆਏ ਸਨ। ਅਰਾਈਂ ਸਾਡੇ ਕੋਲੋਂ ਸੌ-ਸੌ ਰੁਪਏ ਤੱਕ ਉਧਾਰ ਮੰਗ ਲੈਂਦੇ। ਉਦੋਂ ਕਿਸੇ ਪਚਵੰਜਾ ਰੁਪੱਈਆਂ ਦੀ ਮੱਝ ਲਿਆਉਣੀ ਤਾਂ ਲੋਕਾਂ ਕਹਿਣਾ-ਵਾਹ ਜੀ ਵਾਹ! ਇਸ ਮੱਝ ਨਾਲੋਂ ਦੋ ਮੁਰੱਬੇ ਕਿਉਂ ਨਾ ਖਰੀਦ ਲੈਂਦੇ!" ਬਾਬੇ ਦਰਸ਼ਣ ਨੇ ਮਾਣ ਨਾਲ ਦੱਸਿਆ ਸੀ।

"1940 ਦੀ ਗੱਲ ਏ...!" ਬਾਬਾ ਦਰਸ਼ਣ ਨਵੀਂ ਗੱਲ ਸ਼ੁਰੂ ਕਰਦਾ ਹੈ।

"...ਮੈਨੂੰ ਤਾਪ ਚੜਿਆ ਸੀ, ਤਿੰਨ ਮਹੀਨੇ। ਓਥੇ ਟਿੱਬਿਆਂ 'ਚ ਡਾਕਟਰ-ਡੁਕਟਰ ਕੋਈ ਨਹੀਂ ਸੀ ਹੁੰਦਾ। ਇੱਕ ਸੱਯਦ ਇਲਾਜ ਕਰਦਾ ਹੁੰਦਾ ਸੀ। ਮੈਂ ਤਿੰਨ ਮਹੀਨੇ ਰੋਟੀ-ਪਾਣੀ ਨਾ ਖਾਧਾ। ਇਕਾਨਵੇਂ ਦਿਨੀਂ ਤਾਪ ਟੁੱਟਿਆ ਸੀ ਮੇਰਾ। ਸੱਯਦ ਕਹਿੰਦਾ ਕਿ ਜੇ ਇਹ ਪੰਜ ਦਿਨਾਂ 'ਚ ਇੱਕ ਬੁਰਕੀ ਵੀ ਖਾ ਗਿਆ ਤਾਂ ਬਚ ਜਾਊ। ਨਹੀਂ ਤਾਂ...! ਸੰਨਵਾਂ ਦਾ ਬਰਕਤ ਮੇਰੇ ਸਿਰਾਹਣੇ ਬੈਠ ਗਿਆ। ਪਿੱਠ ਤੋਂ ਆਸਰਾ ਦੇ ਕੇ ਉਸਨੇ ਮੈਨੂੰ ਬਿਠਾਲ ਲਿਆ। ਮੁੜ-ਮੁੜ ਇੱਕੋ ਗੱਲ ਆਖੀ ਜਾਏ- ਭਾਅ ਰੋਟੀ ਖਾ ਲੈ! ਭਾਅ ਰੋਟੀ ਖਾ ਲੈ! ਆਖ਼ਰ ਰਾਤ ਦੇ ਦਸ ਵਜੇ ਉਹਨੇ ਇੱਕ ਬੁਰਕੀ ਮੇਰੇ ਮੂੰਹ 'ਚ ਪਾ ਹੀ ਦਿੱਤੀ। ਆਲੇ-ਦੁਆਲੇ ਬੈਠੇ ਲੋਕਾਂ ਨੇ ਤਾੜੀਆਂ ਮਾਰ ਦਿੱਤੀਆਂ। ਬਾਰ੍ਹਾਂ ਵਜੇ ਤੱਕ ਉਹਨੇ ਮੈਨੂੰ ਤਿੰਨ ਬੁਰਕੀਆਂ ਹੋਰ ਖੁਆ ਦਿੱਤੀਆਂ। ਇਹ ਜ਼ਿੰਦਗੀ ਬਰਕਤ ਦੀ ਬਖ਼ਸ਼ੀ ਹੋਈ ਏ ਪੁੱਤਰਾ। ਕੀ ਦੱਸਾਂ! ਕਿੰਨਾ ਪਿਆਰ ਸੀ ਸਾਡਾ!"

ਸੰਤਾਲ਼ੀ ਆਇਆ ਤਾਂ ਇਸ ਚੱਕ ਵਾਲਿਆਂ ਦੇ ਵੀ ਸਾਹ ਸੁੱਤੇ ਗਏ। ਪਹਿਲਾਂ ਤਾਂ ਇਹ ਚਰਚਾ ਸੀ ਕਿ ਇਹ ਵੰਡ ਸਿਰਫ਼ ਅੰਗਰੇਜ਼ੀ ਰਾਜ 'ਚ ਹੀ ਹੋਣੀ ਹੈ ਤੇ ਰਿਆਸਤਾਂ 'ਚ ਇਹ ਰੌਲ਼ਾ ਨਹੀਂ ਪੈਣਾ; ਪਰ ਚਾਣਚੱਕ ਇਸ ਇਲਾਕੇ 'ਚ ਪਠਾਣਾਂ ਦੀਆਂ ਸੈਆਂ ਪੱਖੀਆਂ ਉੱਗ ਆਈਆਂ। ਹਰੇਕ ਪਠਾਣ ਕੋਲ ਰਫ਼ਲ ਹੁੰਦੀ ਸੀ।

"ਲੋਕ ਧਾੜਵੀਆਂ ਨੂੰ ਕਹਿੰਦੇ-ਬਹੁਤੀ ਦੁਨੀਆਂ ਨਾ ਲੁੱਟੋ। ਅੱਸੀ ਵਾਲੇ ਆਦਿ-ਧਰਮੀਆਂ ਦੇ ਤਿੰਨ ਘਰ ਲੁੱਟ ਲਓ। ਲਓ ਜੀ ਸ਼ਹਿਦ ਨੂੰ ਮੱਖੀਆਂ ਆ ਗਈਆਂ। ਸਾਡੀ ਚੜ੍ਹਤ ਨੇ ਮਰਵਾਇਆ ਸਾਨੂੰ। ਮੁਸਲਮਾਨ ਕਹਿਣ ਲੱਗੇ ਕਿ ਦੇਸ ਤੋਂ ਰਿਆਸਤ ਤੱਕ ਸਾਡੇ ਪਿਉ-ਦਾਦੇ ਇਕੱਠੇ ਰਹਿ ਰਹੇ ਨੇ। ਉਨ੍ਹਾਂ ਸਾਨੂੰ ਰਲ ਕੇ ਤੋਰਿਆ। ਬਟਾਲੀਆ ਨਿਜ਼ਾਮ ਬੇਈਮਾਨੀ ਕਰ ਗਿਆ। ਉਹਨੇ ਪਠਾਣਾਂ ਤੇ ਬਲੋਚਾਂ ਨੂੰ ਜਾ ਦੱਸਿਆ। ਜਦੋਂ ਤਾਰਾ ਚੜ੍ਹਿਆ, ਅਸੀਂ ਸਤਾਨਵੇਂ ਤੇ ਅਠਾਨਵੇਂ ਚੱਕਾਂ ਦੇ ਵਿਚਕਾਰ ਜਿਹੇ ਤੋਂ ਲੰਘ ਰਹੇ ਸਾਂ। ਪਿੰਡ ਇੱਕ ਬਲੋਚਾਂ ਦਾ ਸੀ ਤੇ ਦੂਜਾ ਸੀ ਪਠਾਣਾਂ ਦਾ। ਡੂਢ-ਡੂਢ ਮੀਲ 'ਤੇ ਦੋਵੇਂ ਪਿੰਡ ਸਨ। ਦੁਆਲੇ ਟਿੱਬੇ ਸਨ, ਬਹੁਤ ਵੱਡੇ-ਵੱਡੇ। ਓਥੇ ਉਨ੍ਹਾਂ ਸਾਨੂੰ ਆਣ ਘੇਰਿਆ। ਉਨ੍ਹਾਂ ਕੋਲ ਬਰਛੇ ਸਨ, ਬਾਰ੍ਹਾਂ-ਬਾਰ੍ਹਾਂ ਫੁੱਟ ਲੰਮੇ। ਜਿੱਥੇ ਸਾਨੂੰ ਲੁੱਟਿਆ, ਓਥੋਂ ਸਾਡਾ ਚੱਕ ਕੋਈ ਤੇਰ੍ਹਾਂ ਕੋਹ ਦੂਰ ਸੀ। ਅੱਲਤੀਆਂ ਦਾ ਸਾਦਿਕ ਗਿਆ ਸੀ, ਨਾਲ ਸਾਡੇ। ਉਹ ਘੋੜੀ 'ਤੇ ਸੀ। ਉਹ ਤਾਂ ਜਾਨ ਬਚਾ ਕੇ ਨੱਠ ਤੁਰਿਆ। ਉਹ ਕਹਿਣ ਲੱਗੇ- ਇੱਥੇ ਬਿਠਾਲੋ ਉਠ। ਉਠਾਂ ਵਾਲੇ ਤਾਂ ਪੈਸਿਆਂ 'ਤੇ ਆਏ ਸਨ। ਕੁੱਲ ਸਤਾਰਾਂ ਉਠ ਸਨ। ਨੇੜਲੇ ਪਿੰਡਾਂ ਦੇ ਹੋਰ ਬੰਦੇ ਤੇ ਸਾਡੇ ਪਿੰਡ ਦੇ ਤਿੰਨ ਘਰ ਖੱਤਰੀਆਂ ਦੇ ਵੀ ਨਾਲ ਸਨ ਸਾਡੇ। ਉਹ ਬੋਲੇ- ਜਿਸ ਕਿਸੇ ਨੇ ਕੋਈ ਪੈਸਾ ਜਾਂ ਟੂੰਮ ਰੱਖੀ, ਉਹ ਬੰਦਾ ਨਹੀਂ ਛੱਡਣਾ। ਕੱਪੜਾ ਅਸੀਂ ਕੋਈ ਲੈਣਾ ਨਹੀਂ। ਉਨ੍ਹਾਂ ਖੇਸੀਆਂ ਵਿਛਾ ਦਿੱਤੀਆਂ। ਉਦੋਂ ਦੇ ਕੰਗਣ ਲਾਹੇ, ਉਦੋਂ ਦੀਆਂ ਨੱਤੀਆਂ ਲਾਹੀਆਂ, ਮੁੜ ਨਹੀਂ ਜੁੜੀਆਂ ਲੁਧਿਆਣੇ ਦੇ ਆਦਿ-ਧਰਮੀ ਹਾਲੇ ਵੀ ਵੱਸ ਰਹੇ ਸਨ। ਜੁੱਤੀਆਂ ਸੀਂਦੇ ਸੀ ਉਹ। ਛੇ-ਛੇ ਕਨਾਲ ਦੇ ਅਹਾਤੇ ਸੀ, ਉਨ੍ਹਾਂ ਕੋਲ਼। ਉਹ ਕਹਿਣ ਲੱਗੇ ਕਿ 'ਕੱਠਾ ਕਰ ਲਓ ਮੁਲਕ। ਕੋਈ ਬੰਦਾ ਰਹਿ ਨਾ ਜਾਏ। ਹਰਨਾਮ ਦਾਸ, ਮਾਹੀ ਦਿੱਤਾ ਤੇ ਦੌਲਤ ਰਾਮ ਨਾਂ ਸਨ, ਉਨ੍ਹਾਂ ਦੇ। ਲੁਧਿਆਣੇ ਆ ਕੇ ਉਨ੍ਹਾਂ 'ਚੋਂ ਦੌਲਤ ਰਾਮ ਐਮ.ਐਲ.ਏ. ਵੀ ਬਣਿਆ।"

"ਉਹ ਖ਼ਾਸ ਦੋਸਤ ਬਰਕਤ ਅਲੀ ਵੀ ਯਾਦ ਆਇਆ ਕਦੇ?" ਮੈਂ ਸਵਾਲ ਕੀਤਾ ਸੀ।

"ਯਾਦ ਕਰਨ ਦੀ ਹੱਦ ਆ ਕੋਈ। ਬਰਕਤ ਨਹੀਂ ਭੁੱਲ ਸਕਦਾ ਕਦੇ!" ਇਹ ਕਹਿੰਦਿਆਂ ਉਸਦਾ ਗੱਚ ਭਰ ਆਇਆ ਸੀ।

"ਉਹ ਪਿੰਡ, ਉਹ ਇਲਾਕਾ ਕਿੰਨਾ ਕੁ ਯਾਦ ਆਉਂਦਾ?" ਮੈਂ ਅਗਲਾ ਸਵਾਲ ਕੀਤਾ ਸੀ।

"ਬੁੱਲੇ ਲੁੱਟੇ ਅਸੀਂ ਜ਼ਿੰਦਗੀ ਦੇ ਓਥੇ! ਫਿਰ ਤਾਂ ਗਰੀਬੀ ਈ ਨਹੀਂ ਮੁੱਕੀ। ਮੁੜ ਕੇ ਪੈਰਾਂ 'ਤੇ ਨਹੀਂ ਆਏ ਕੁੱਲ ਜ਼ਿੰਦਗੀ!" ਉਹ ਪਛਤਾਵੇ 'ਚ ਸਿਰ ਮਾਰਦਾ ਹੋਇਆ ਬੋਲਿਆ ਸੀ।

"ਪਿੰਡ ਵਾਲਿਆਂ ਲਈ ਕੋਈ ਸੁਨੇਹਾ?" ਮੈਂ ਆਖ਼ਰੀ ਸਵਾਲ ਕੀਤਾ ਤਾਂ ਉਸਦੀਆਂ ਅੱਖਾਂ ਚਮਕ ਉੱਠੀਆਂ ਸਨ।



ਮੈਨੂੰ। ਦੋ ਕੁ ਬੰਦਿਆਂ ਦੇ ਰੁਪਏ ਰਹਿ ਗਏ ਸਨ। ਉਹ ਉਨ੍ਹਾਂ ਜੁੱਤੀਆਂ ਦੇ ਤਲਿਆਂ ਦੇ ਥੱਲੇ ਸੀਅ ਲਏ ਸਨ। ਉਠਾਂ ਵਾਲੇ ਤਾਂ ਚਲੇ ਗਏ ਫਟਾ-ਫਟ ਸਮਾਨ ਲਾਹ ਕੇ। ਲਾਗੇ ਸੀ ਚੱਕ ਨੰਬਰ ਤੇਤੀ। ਅਸੀਂ ਸਾਰੇ ਓਥੇ ਪਹੁੰਚ ਗਏ। ਮੁਰਾਦ ਨੇ ਪਿੰਡ ਜਾ ਕੇ ਦੱਸਿਆ ਤਾਂ ਸਾਰਾ ਪਿੰਡ ਘੋੜੀਆਂ-ਉਠਾਂ 'ਤੇ ਸਵਾਰ ਹੋ ਕੇ ਸਾਨੂੰ ਲੱਭਣ ਤੁਰ ਪਿਆ। ਦੋ ਦਿਨਾਂ ਬਾਅਦ ਪਿੰਡ ਵਾਲਿਆਂ ਲੱਭ ਲਿਆ ਸੀ ਸਾਨੂੰ।"

ਲੁੱਟ-ਪੁੱਟ ਕੇ ਜਦ ਇਹ ਆਪਣੇ ਚੱਕ ਨੂੰ ਮੁੜੇ ਤਾਂ ਇਹ ਹਿੰਮਤ ਹਾਰ ਚੁੱਕੇ ਸਨ। ਬਸ ਕੰਮ ਕਰ ਲੈਣਾ ਤੇ ਰੋਟੀ ਖਾ ਲੈਣੀ। ਜ਼ਿੰਦਗੀ ਬੇਰਸ ਜਿਹੀ ਹੋ ਕੇ ਰਹਿ ਗਈ ਸੀ। ਇਨ੍ਹਾਂ ਇਸੀ ਤਰ੍ਹਾਂ ਕੋਈ ਪੰਜ-ਛੇ ਮਹੀਨੇ ਗੁਜ਼ਾਰੇ। ਚੜ੍ਹਦੇ ਪੰਜਾਬੋਂ ਉੱਜੜ ਕੇ ਆਏ ਮੁਸਲਮਾਨ ਇੱਕ ਸੌ ਅੱਸੀ ਚੱਕ ਵਾਲੇ ਮੁਸਲਮਾਨਾਂ 'ਤੇ ਦਬਾਅ ਬਣਾਉਣ ਲੱਗੇ ਕਿ ਇਨ੍ਹਾਂ ਹਿੰਦੂਆਂ ਨੂੰ ਉਠਾਲੋ। ਬੇਗਮਪੁਰ-ਜੰਡਿਆਲੇ ਵਾਲੇ ਮੌਲਵੀ ਦੇ ਭਰਾ-ਭਤੀਜੇ ਵੀ ਉਸ ਚੱਕ 'ਚ ਪਹੁੰਚ ਗਏ ਸਨ। ਉਹ ਕਹਿਣ ਲੱਗੇ ਕਿ ਸਾਨੂੰ ਓਧਰ ਇਨ੍ਹਾਂ ਆਦਿ-ਧਰਮੀਆਂ ਨੇ ਹੀ ਬਹੁਤਾ ਲੁੱਟਿਆ-ਮਾਰਿਆ ਏ।

ਨੂਰ ਮੁਹੰਮਦ ਤੇ ਇਸਮਾਈਲ ਹੁਰਾਂ ਜਵਾਬ ਦਿੱਤਾ ਕਿ ਜੋ ਕਰਨਾ ਓਥੇ ਦੇਸ ਜਾ ਕੇ ਕਰੋ। ਇਹ ਤਾਂ ਵਿਚਾਰੇ ਇੱਥੇ ਆਪ ਲੁੱਟੇ ਗਏ ਨੇ।

"ਦੂਜੀ ਵਾਰ ਮੁਸਲਮਾਨ ਤਾਂ ਕਹਿੰਦੇ ਸਨ ਕਿ ਚਿਸ਼ਤੀਆਂ ਸਟੇਸ਼ਨ ਤੱਕ ਛੱਡ ਕੇ ਆਵਾਂਗੇ। ਬਾਪੂ ਕਹਿੰਦਾ ਕਿ ਪਹਿਲਾਂ ਜਿਨ੍ਹੇ ਧੋਖਾ ਕੀਤਾ ਹੁਣ ਉਹਦੇ ਕੋਲ ਪੈਰ ਨਹੀਂ ਹੈਗੇ ਕਿ ਜ਼ੁਬਾਨ ਨਹੀਂ ਹੈਗੀ। ਅਸੀਂ ਲੁਕ-ਛਿਪ ਕੇ ਪੈਦਲ ਪਹੁੰਚੇ ਚਿਸ਼ਤੀਆਂ ਤੱਕ। ਲੋਹੜੀ ਤੋਂ ਬਾਅਦ ਵਿਸਾਖੀ ਤੱਕ ਅਸੀਂ ਬਹਾਵਲਪੁਰ ਮੰਡੀ ਵਾਲੇ ਕੈਂਪ 'ਚ ਰਹੇ। ਓਥੇ

"ਰੱਬ ਉਨ੍ਹਾਂ ਦੇ ਘਰੀਂ ਸੁੱਖ ਰੱਖੇ। ਚੰਗੀ ਮੱਤ ਦੇਵੇ ਰੱਬ ਹਰ ਇੱਕ ਨੂੰ। ਸ਼ਰਫ਼ਦੀਨ ਕਹਿੰਦਾ ਹੁੰਦਾ ਸੀ ਕਿ ਜੇ ਕੋਈ ਚੰਗੀ ਮੱਤ ਦੇ ਕੇ ਪੰਜ ਜੁੱਤੀਆਂ ਵੀ ਮਾਰ ਲਏ ਤਾਂ ਉਹਨੂੰ ਮੱਥਾ ਟੇਕਿਓ। ਰਾਜ ਕਰੋਗੇ। ਉਹ ਬਹੁਤ ਅਕਲ ਵਾਲਾ ਸੀ। ਉਹ ਕਹਿੰਦਾ ਹੁੰਦਾ ਸੀ ਕਿ ਜੇ ਕਦੇ ਤੁਹਾਨੂੰ ਕੋਈ ਘਿਉ-ਸ਼ੱਕਰ ਖੁਆ ਕੇ ਮਾੜੀ ਮੱਤ ਦੇਵੇ ਤਾਂ ਤੁਸੀਂ ਤਾਂ ਕੀ ਤੁਹਾਡੇ ਮਾਂ-ਪਿਓ, ਭੈਣ ਭਰਾ ਵੀ ਰੋ-ਰੋ ਕੇ ਮਰ ਜਾਣਗੇ। ਆਉਣ ਵਾਲੀ ਔਲਾਦ ਵੀ ਰੋਂਦੀ ਰਹੇਗੀ। ਉੱਝ ਸ਼ਰਫ਼ਦੀਨ ਬੰਦਾ ਤਾਂ ਸਿਆਣਾ ਸੀ। ਉਹ ਜੋ ਕਹਿੰਦਾ, ਸੱਚ ਹੋ ਜਾਂਦਾ। ਬਸ ਉਹਦੀ ਇੱਕ ਗੱਲ ਸੱਚੀ ਸਾਬਿਤ ਨਾ ਹੋ ਸਕੀ।" ਬਾਬਾ ਉਦਾਸ ਹੋ ਗਿਆ ਸੀ।

"ਉਹ ਕਿਹੜੀ?" ਉਤਾਵਲੇ ਹੁੰਦਿਆਂ ਪੁੱਛਿਆ ਸੀ ਮੈਂ।

"ਜਦੋਂ ਅਸੀਂ ਲੁੱਟ-ਪੁੱਟ ਕੇ ਪਿੰਡ ਮੁੜੇ ਤਾਂ ਅਸੀਂ ਅੰਦਰੋਂ-ਬਾਹਰੋਂ ਟੁੱਟੇ ਹੋਏ ਸਾਂ। ਸ਼ਰਫ਼ਦੀਨ ਨੇ ਬੜਾ ਹੌਸਲਾ ਦਿੱਤਾ। ਸਾਡੇ ਲਈ ਰਾਸ਼ਣ-ਪਾਣੀ ਦਾ ਵੀ ਇੰਤਜ਼ਾਮ ਕੀਤਾ। ਸਾਨੂੰ ਮੁੜ ਤੋਂ ਜਿਉਣ ਜੋਗੇ ਕਰ ਦਿੱਤਾ। ਮੈਨੂੰ ਕਹਿਣ ਲੱਗਾ- ਦਰਸ਼ਣਾ ਕੰਨ ਸਲਾਮਤ ਨੇ ਨਾ ਤੇਰੇ, ਤੂੰ ਨੱਤੀਆਂ ਦਾ ਵਿਗੋਚਾ ਨਾ ਕਰ। ਬੜੀ ਜ਼ਿੰਦਗੀ ਪਈ ਏ ਸੋਹਣਿਆ। ਮਿਹਨਤ ਕਰੀਂ, ਬੜੀਆਂ ਨੱਤੀਆਂ ਮਿਲਣਗੀਆਂ ਤੈਨੂੰ। ਮਿਹਨਤ ਵੀ ਬੜੀ ਕੀਤੀ। ਜ਼ਿੰਦਗੀ ਵੀ ਕਿਨਾਰੇ ਲੱਗੀ ਪਈ ਏ। ਪੌਣੀ ਸਦੀ ਬੀਤ ਗਈ ਏ ਉਸ ਗੱਲ ਨੂੰ। ਅੱਜ ਤੱਕ ਕੰਨ ਉਵੇਂ ਨੇ, ਸੱਖਣੇ ਦੇ ਸੱਖਣੇ। ਹੁਣ ਤਾਂ ਲੱਗਦੈ, ਇਹ ਇਉਂ ਸੱਖਣੇ ਹੀ ਜਾਣਗੇ ਸਿਵਿਆਂ ਨੂੰ!" ਬਾਬੇ ਦਰਸ਼ਣ ਨੇ ਖ਼ਾਲੀ ਕੰਨਾਂ 'ਤੇ ਹੱਥ ਫੇਰਦਿਆਂ ਦਰਦੀਲਾ ਜਿਹਾ ਹਾਸਾ ਹੱਸਿਆ ਸੀ।

## ਚੜ੍ਹਦੇ ਪਾਣੀ

ਪੰਜਾਬ!
ਤੂੰ ਕਦੇ ਈਨ ਨਹੀਂ ਮੰਨੀ
ਗੋਡੇ ਨਹੀਂ ਟੇਕੇ
ਔਕੜਾਂ, ਮੁਸੀਬਤਾਂ ਵਿੱਚ ਵੀ
ਸਿਰ ਉੱਚਾ ਰੱਖਿਆ ਹੈ!

ਤੇਰੀ ਪਹਿਚਾਣ
ਸਿਰ ਉੱਚਾ ਚੁੱਕ ਕੇ
ਜੀਣ ਵਿੱਚ ਹੈ
ਆਫ਼ਤਾਂ ਦੇ ਬਾਵਜੂਦ
ਮੁਸਕਰਾਣ ਵਿੱਚ ਹੈ
ਹਾਲਾਤ ਨਾਲ ਲੜ੍ਹਨ ਵਿੱਚ ਹੈ

ਪੰਜਾਬ!
ਤੂੰ ਮਾਣ ਸਨਮਾਨ
ਕਮਾਇਆ ਹੈ!
ਸੱਤ੍ਹਾਧਾਰੀਆਂ ਕੋਲੋਂ
ਬਖ਼ਸ਼ਿਸ਼ ਵਜੋਂ
ਹਾਸਲ ਨਹੀਂ ਕੀਤਾ!
ਸਖ਼ਤ ਮਿਹਨਤ ਕੀਤੀ ਹੈ
ਪੁੱਤ ਵਾਰੇ ਨੇ
ਖ਼ੂਨ ਵਹਾਇਆ ਹੈ!

ਇਜ਼ਤ ਦਾ ਮੁਕਾਮ
ਜੋ ਤੂੰ ਹਾਸਲ ਕੀਤਾ ਹੈ
ਅਸੀਮ ਹੈ
ਇਹ ਪੈਮਾਨਿਆਂ
ਮੰਡੀ ਦੇ ਨਾਪਤੋਲਾਂ
ਮਾਪਦੰਡਾਂ ਦੀ ਸਮਰੱਥਾ ਤੋਂ
ਪਾਰਲੀ ਗੱਲ ਹੈ!

ਤੇਰਾ ਸਨਮਾਨ
ਮਿੱਟੀ 'ਚੋਂ ਉਗਮਿਆ ਹੈ
ਅਣਖ ਤੇ ਗ਼ੈਰਤ ਦਾ
ਪ੍ਰਤੀਕ ਹੈ
ਹਿੰਮਤ ਹੌਂਸਲੇ ਦਾ
ਲਖਾਇਕ ਹੈ
ਇਸ ਦਾ ਸਬੰਧ ਸਮੂਹਕ
ਦੇਖਭਾਲ ਤੇ
ਸਾਂਭ-ਸੰਭਾਲ ਦੇ ਨਿਸ਼ਚੇ ਨਾਲ ਹੈ
ਇਖਲਾਕ ਨਾਲ ਹੈ!

ਪੰਜਾਬ!
ਤੇਰੀ ਧਰਤੀ ਦੀ ਛਾਤੀ 'ਤੇ ਜਦੋਂ
ਹੜ੍ਹ ਆ ਚੜ੍ਹਦੇ ਨੇ
ਸਰਹੱਦਾਂ 'ਤੇ ਲੱਗੀਆਂ
ਕੰਡਿਆਲੀਆਂ ਤਾਰਾਂ ਵਾਂਗਰਾਂ
ਕਾਨੂੰਨ ਅੜਿਕਾ ਬਣਦੇ ਨੇ
ਤੂੰ ਹਾਰ ਕੇ ਨਹੀਂ ਬੈਠਦਾ
ਡਿੱਗਦਾ ਨਹੀਂ
ਉਭਰਦਾ ਏਂ!
ਢਾਲ ਲੈਂਦਾ ਏਂ ਆਪਣੇ ਆਪ ਨੂੰ
ਹਾਲਾਤ ਅਨੁਸਾਰ!
ਅਸੂਲਾਂ ਨਾਲ
ਸਮਝੌਤਾ ਨਹੀਂ ਕਰਦਾ!
ਪਾ ਲੈਂਦਾ ਏਂ
ਰੋਕਾਂ ਰੁਕਾਵਟਾਂ, ਮੁਸ਼ਕਲਾਤਾਂ 'ਤੇ ਕਾਬੂ!

ਤੇਰਾ ਟਰੈਕਟਰ ਬਣ ਜਾਂਦਾ ਹੈ
ਪਹੀਆਂ 'ਤੇ ਚਲਦਾ
ਗੁਰਬਾਣੀ ਰੂਪ ਗ੍ਰੰਥ
ਤੂੰ ਗਾਉਂਦਾ ਏਂ
ਹਿੰਮਤ ਹੌਂਸਲੇ ਨਾਲ ਭਰਪੂਰ
ਜਜ਼ਬਾਤੀ ਗੀਤ
ਜੋ ਨੇੜੇ ਨਹੀਂ ਫਟਕਣ ਦੇਂਦੇ ਡਰ ਨੂੰ!

ਤੇਰੇ ਲੰਗਰ ਵਿੱਚ
ਨਹੀਂ ਹੁੰਦਾ ਕੋਈ ਭੇਦਭਾਵ
ਹਰ ਕਿਸੇ ਨੂੰ ਮਿਲਦਾ ਹੈ
ਇੱਜ਼ਤ ਨਾਲ ਪਰੋਸਿਆ
ਰਸਦਾਇਕ ਭੋਜਨ

ਤੇਰੇ ਲੰਗਰ ਦੀ
ਪੰਗਤ ਵਿੱਚ ਵਰਤਦੀ ਹੈ
ਬਖ਼ਸ਼ਿਸ਼ ਗੁਰਾਂ ਦੀ
ਮੁੱਕਦੀ ਹੈ ਮੇਰ ਤੇਰ
ਹੁੰਦਾ ਹੈ ਪਰਗਟਾਵਾ
ਬਰਾਬਰੀ ਦਾ!
ਸਾਂਝ ਉਗਮਦੀ ਹੈ
'ਤੂੰ ਤੇ ਮੈਂ' ਮੁੱਕਦੀ ਹੈ
'ਅਸੀਂ' ਵਿਗਸਦੀ ਹੈ।

ਪੰਜਾਬ ਤੂੰ
ਗੁਰਾਂ ਦੇ ਨਾਮ 'ਤੇ ਜਿਊਂਦਾ ਏਂ
ਤੇ ਹੋਣੀ ਆਪਣੀ
ਆਪ ਸਿਰਜਦਾ ਏਂ
ਤੈਨੂੰ ਸ਼ੁਭ-ਕਾਮਨਾਵਾਂ!

-ਅਮਰਜੀਤ ਗਰੇਵਾਲ

ਵਿਸ਼ੇਸ਼



ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 937-573-9812

# ਸਿਆਸਤਦਾਨਾਂ ਨੇ ਮਿੱਟੀ ਵਿੱਚ ਰੋਲ ਦਿੱਤਾ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਨੂੰ

ਪਿਛਲੀ ਸਦੀ ਦੇ ਵਿਲੱਖਣ ਸਿੱਖ ਸ਼ਹੀਦ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦਾ ਸ਼ਹੀਦੀ ਦਿਹਾੜਾ 27 ਅਕਤੂਬਰ ਨੂੰ ਹੁੰਦਾ ਹੈ, ਜਿਸ ਨੂੰ ਆਮ ਤੌਰ 'ਤੇ ਉਨ੍ਹਾਂ ਦੇ ਜਿਗਰੀ ਦੋਸਤ ਜਥੇਦਾਰ ਸੋਹਣ ਸਿੰਘ ਜਲਾਲ ਉਸਮਾ ਵੱਲੋਂ ਸਥਾਪਿਤ ਕੀਤੇ ਗਏ 'ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਟਰੱਸਟ, ਰਈਆ' ਜਾਂ ਇੱਕ ਦੋ ਹੋਰ ਸਥਾਨਕ ਗੁਰਦੁਆਰਾ ਸਾਹਿਬ ਤੋਂ ਇਲਾਵਾ ਪੰਜਾਬ ਦੀ ਕਿਸੇ ਹੋਰ ਸਿਆਸੀ ਪਾਰਟੀ ਵੱਲੋਂ ਨਹੀਂ ਮਨਾਇਆ ਜਾਂਦਾ। ਭਾਵੇਂ ਕਿ ਉਨ੍ਹਾਂ ਨੇ 'ਸਿੱਖ ਅਰਦਾਸ' ਦੀ ਮਹਾਨਤਾ ਨੂੰ ਸਿਰੜ ਨਾਲ ਉਜਾਗਰ ਕਰਨ ਲਈ ਅਤੇ ਪੰਜਾਬ ਦੀਆਂ ਅਤਿ ਅਹਿਮ ਤੇ ਹੱਕੀ ਮੰਗਾਂ ਦੀ ਪੂਰਤੀ ਲਈ 74 ਦਿਨ ਭੁੱਖੇ ਰਹਿ ਕੇ ਪ੍ਰਾਣ ਵਾਰ ਦਿੱਤੇ।

**ਮਰਨ ਵਰਤ ਕਿਉਂ ਰੱਖਿਆ?:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਾਸਟਰ ਤਾਰਾ ਸਿੰਘ ਨੇ ਸੰਨ 1961 ਵਿੱਚ ਪੰਜਾਬੀ ਭਾਸ਼ੀ ਸੂਬਾ ਬਣਾਉਣ ਦੀ ਮੰਗ ਨੂੰ ਲੈ ਕੇ ਅਕਾਲ ਤਖ਼ਤ ਸਾਹਿਬ ਵਿਖੇ ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਉਹ ਮਰਨ ਵਰਤ ਜਾਰੀ ਰੱਖਣਗੇ। ਇਸ ਐਲਾਨ ਨੇ ਕੇਂਦਰ ਨੂੰ ਭਾਜੜਾਂ ਪਾ ਦਿੱਤੀਆਂ। ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਇੱਕ ਚਿੱਠੀ ਲਿਖ ਕੇ ਉਨ੍ਹਾਂ ਵੱਲੋਂ ਉਠਾਏ ਗਏ ਮੁੱਦਿਆਂ ਨੂੰ ਘੋਖਣ ਦਾ ਭਰੋਸਾ ਦਿੱਤਾ। ਇਸ ਭਰੋਸੇ ਨੂੰ ਲੈ ਕੇ ਮਾਸਟਰ ਤਾਰਾ ਸਿੰਘ ਨੇ ਸੰਤ ਫਤਿਹ ਸਿੰਘ ਦੇ ਹੱਥੋਂ ਜੂਸ ਦਾ ਗਿਲਾਸ ਪੀ ਕੇ 48 ਦਿਨਾਂ ਮਗਰੋਂ ਆਪਣਾ ਮਰਨ ਵਰਤ ਖ਼ਤਮ ਕਰ ਦਿੱਤਾ, ਪਰ ਅਕਾਲੀ ਦਲ ਨਾਲ ਜੁੜੇ ਜ਼ਿਆਦਾਤਰ ਲੋਕ ਇਸ ਫ਼ੈਸਲੇ ਤੋਂ ਨਾਰਾਜ਼ ਹੋ ਗਏ। ਉਨ੍ਹਾਂ ਤੋਂ ਪਿੱਛੋਂ 1965 ਵਿੱਚ ਸੰਤ ਫ਼ਤਿਹ ਸਿੰਘ ਨੇ ਵੀ ਮਰਨ ਵਰਤ ਸ਼ੁਰੂ ਕਰ ਦਿੱਤਾ, ਪਰ ਭਾਰਤ ਤੇ ਪਾਕਿਸਤਾਨ ਜੰਗ ਸ਼ੁਰੂ ਹੋ ਜਾਣ 'ਤੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੀ ਅਪੀਲ ਉਪਰੰਤ ਉਨ੍ਹਾਂ ਵੀ ਮਰਨ ਵਰਤ ਛੱਡ ਦਿੱਤਾ।

ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਅਕਤੂਬਰ 1966 ਵਿੱਚ ਪੰਜਾਬੀ ਸੂਬਾ ਬਣਾਉਣ ਦਾ ਐਲਾਨ ਕਰ ਦਿੱਤਾ। ਪੰਜਾਬੀ ਸੂਬਾ ਐਕਟ ਬਣਾਉਣ ਸਮੇਂ ਪੰਜਾਬ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ। ਕਈ ਪੰਜਾਬੀ ਬੋਲਦੇ ਇਲਾਕੇ ਨਵੇਂ ਹੋਂਦ ਵਿੱਚ ਆਏ ਹਿਮਾਚਲ ਤੇ ਹਰਿਆਣੇ ਵਿੱਚ ਸ਼ਾਮਲ ਕਰ ਦਿੱਤੇ। ਚੰਡੀਗੜ੍ਹ ਅਤੇ ਭਾਖੜਾ ਡੈਮ ਦਾ ਪ੍ਰਬੰਧ ਕੇਂਦਰੀ ਸਰਕਾਰ ਨੇ ਆਪਣੇ ਕੋਲ ਰੱਖ ਲਿਆ ਤੇ ਦਰਿਆਈ ਪਾਣੀਆਂ ਦੀ ਵੀ ਕਾਣੀ ਵੰਡ ਕਰ ਦਿੱਤੀ।

ਲੰਗੜਾ ਪੰਜਾਬੀ ਸੂਬਾ ਹੋਂਦ ਵਿੱਚ ਆਉਣ ਪਿੱਛੋਂ ਜਦੋਂ ਹਰ ਪਾਸਿਓਂ ਫਿਟਕਾਰਾਂ ਪੈਣ ਲੱਗੀਆਂ ਤਾਂ ਸੰਤ ਫ਼ਤਹਿ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਨਾਲ ਲੱਗਦੇ ਕਮਰੇ ਉਪਰ ਅਗਨ-ਕੁੰਡ ਬਣਾ ਲਏ ਅਤੇ 17 ਦਸੰਬਰ 1966 ਨੂੰ ਮਰਨ ਵਰਤ ਸ਼ੁਰੂ ਕਰ ਦਿੱਤਾ ਤੇ ਸਰਕਾਰ ਨੂੰ ਇਹ ਅਲਟੀਮੇਟਮ ਦਿੱਤਾ ਕਿ ਜੇ ਦਸ ਦਿਨਾਂ ਦੇ ਅੰਦਰ-ਅੰਦਰ ਪੰਜਾਬੀ ਸੂਬੇ ਨੂੰ ਮੁਕੰਮਲ ਕਰਨ ਦੀ ਮੰਗ ਨਾ ਮੰਨੀ ਗਈ ਤਾਂ ਉਹ ਅਗਨ ਕੁੰਡ ਵਿੱਚ ਬੈਠ ਕੇ ਸੜ ਮਰਨਗੇ। ਉਨ੍ਹਾਂ ਦੇ ਇਸ ਐਲਾਨ ਪਿੱਛੋਂ ਸੰਤ ਚੰਨਣ ਸਿੰਘ, ਜਥੇਦਾਰ ਭਾਗ ਸਿੰਘ ਜੈਦ, ਜਥੇਦਾਰ ਪ੍ਰੀਤਮ ਸਿੰਘ ਸ਼ਰੀਂਹ, ਸ. ਜਗੀਰ ਸਿੰਘ ਫੱਗੂਵਾਲ ਅਤੇ ਜਥੇਦਾਰ ਜਗੀਰ ਸਿੰਘ ਪੂਲੇ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਸੰਤ ਫ਼ਤਹਿ ਸਿੰਘ ਤੋਂ ਅਗਲੇ ਦਿਨ ਸੜ ਮਰਨਗੇ।

ਪੰਜਾਬ ਵਿਧਾਨ ਸਭਾ ਤੋਂ ਆਜ਼ਾਦ ਜਿੱਤਿਆ ਸ. ਹਜ਼ਾਰਾ ਸਿੰਘ ਗਿੱਲ ਆਪਣੇ ਸਾਥੀਆਂ ਨੂੰ ਲੈ ਕੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਨ ਨੇੜੇ ਮਰਨ ਵਰਤ 'ਤੇ ਬੈਠ ਗਿਆ ਅਤੇ ਐਲਾਨ ਕਰ ਦਿੱਤਾ ਕਿ ਪੰਜਾਬੀ ਸੂਬੇ ਨੂੰ ਮੁਕੰਮਲ ਕਰਵਾਏ ਬਿਨਾ ਸੰਤ ਫ਼ਤਿਹ ਸਿੰਘ ਤੇ ਉਸ ਦੇ ਸਾਥੀਆਂ ਨੂੰ ਮਰਨ ਵਰਤ ਛੱਡ ਕੇ ਭੱਜਣ ਨਹੀਂ ਦੇਣਾ। ਆਖ਼ਰਕਾਰ ਸੜ ਮਰਨ ਦਾ ਦਿਨ ਆ ਗਿਆ। ਨਿਯਤ ਸਮਾਂ ਲੰਘ ਗਿਆ। ਦੁਪਹਿਰ ਦੇ ਢਾਈ ਵੱਜ ਚੁੱਕੇ ਸਨ ਕਿ ਇੱਕ ਹਵਾਈ ਜਹਾਜ਼ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਪਰੋਂ ਦੀ ਲੰਘਿਆ। ਅਕਾਲੀਆਂ ਦੇ ਮੁਰਝਾਏ ਚਿਹਰੇ ਖਿੜ ਗਏ। ਹਰ ਪਾਸਿਓਂ 'ਸ. ਹੁਕਮ ਸਿੰਘ ਆ ਗਿਆ, ਸ. ਹੁਕਮ ਸਿੰਘ ਆ ਗਿਆ' ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਕੋਈ ਅੱਧੇ ਘੰਟੇ ਪਿੱਛੋਂ ਸ. ਹੁਕਮ ਸਿੰਘ ਆਏ, ਜੋ ਉਸ ਵੇਲੇ ਲੋਕ ਸਭਾ ਦੇ ਸਪੀਕਰ ਸਨ। ਉਹ ਅਕਾਲ ਤਖ਼ਤ ਸਾਹਿਬ ਦੀ ਦੂਜੀ ਮੰਜ਼ਲ 'ਤੇ ਚੜ੍ਹ ਗਏ ਅਤੇ ਸੰਤ ਫ਼ਤਹਿ ਸਿੰਘ ਨਾਲ ਮਿਲਣ ਉਪਰੰਤ ਅਕਾਲ ਤਖ਼ਤ ਸਾਹਿਬ 'ਤੇ ਖੜੋ ਕੇ ਕਿਹਾ ਕਿ ਭਾਰਤ ਸਰਕਾਰ ਨੇ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ, ਜਿਨ੍ਹਾਂ ਦਾ ਵਿਸਥਾਰ ਮਗਰੋਂ ਦੱਸਿਆ ਜਾਵੇਗਾ। ਇਸ ਐਲਾਨ ਦੀ ਢਿੱਲ ਸੀ ਕਿ ਸੰਤ ਫ਼ਤਹਿ ਸਿੰਘ ਨੇ ਜੂਸ ਦਾ ਗਿਲਾਸ ਗੱਟ-ਗੱਟ ਕਰਕੇ ਪੀ ਲਿਆ। ਜਿੱਤ ਦੇ ਜੈਕਾਰੇ ਗੂੰਜਣ ਲੱਗੇ। ਸ. ਹਜ਼ਾਰਾ ਸਿੰਘ ਗਿੱਲ ਤੇ ਉਸ ਦੇ ਸਾਥੀਆਂ ਨੇ ਬਹੁਤ ਰੌਲਾ ਪਾਇਆ ਕਿ ਕੌਮ ਨਾਲ ਠੱਗੀ ਹੋਣ ਲੱਗੀ ਹੈ, ਪਰ ਅਕਾਲੀਆਂ ਦੀ ਬੁਰਛਾਗਰਦੀ ਅੱਗੇ ਉਹ ਬਹੁਤੀ ਦੇਰ ਟਿਕ ਨਾ ਸਕੇ।

ਇਸ ਮੌਕੇ ਲੇਖਕ (ਸ. ਗੁਮਟਾਲਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਦਫ਼ਤਰ ਦੇ ਬਾਹਰ ਸਾਰਾ ਦ੍ਰਿਸ਼ ਵੇਖ ਰਿਹਾ ਸੀ। ਮੇਰੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਮੈਂਬਰ ਜਥੇਦਾਰ ਅਮਰ ਸਿੰਘ ਘਣੂਪੁਰ ਖੜ੍ਹੇ ਸਨ, ਜਿਉਂ ਹੀ ਐਲਾਨ ਹੋਇਆ ਕਿ ਸੰਤ ਫ਼ਤਹਿ ਸਿੰਘ ਨੇ ਮਰਨ ਵਰਤ ਛੱਡ ਦਿੱਤਾ ਹੈ, ਸਾਡੇ ਨਜ਼ਦੀਕ ਸੰਤ ਫ਼ਤਹਿ ਸਿੰਘ ਦੀ ਵੱਡੀ ਸਾਰੀ ਰੰਗਦਾਰ ਤਸਵੀਰ ਲੱਗੀ ਹੋਈ ਸੀ, ਘਣੂਪੁਰ ਸਾਹਿਬ ਨੇ ਜੁੱਤੀ ਦਾ ਛਿੱਤਰ ਲਾਹ ਕੇ ਜ਼ੋਰ ਦੀ ਮਾਰਿਆ ਤੇ ਨਾਲ ਹੀ ਕਿਹਾ, 'ਲਾਹਨਤ ਹੈ ਐਸੇ ਸਾਧ ਨੂੰ!' ਤੇ ਫੋਟੋ ਫੱਟ ਗਈ।

ਸ. ਫੇਰੂਮਾਨ ਵੱਲੋਂ ਪਹਿਲੀ ਅਗਸਤ 1969 ਨੂੰ ਰਈਆ ਵਿਖੇ ਇੱਕ ਕਾਨਫਰੰਸ ਰੱਖ ਕੇ ਐਲਾਨ ਕੀਤਾ ਗਿਆ ਕਿ ਉਹ 15 ਅਗਸਤ ਨੂੰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਅਰਦਾਸ ਕਰਨਗੇ, ਜਿਹੜੀ ਸੰਤ ਫ਼ਤਹਿ ਸਿੰਘ ਤੇ ਉਸ ਦੇ ਸਾਥੀਆਂ ਨੇ ਕਈ ਵਾਰ ਕਾਇਰਾਂ ਵਾਂਗ ਤੋੜੀ ਹੈ ਤੇ ਇਸ ਉਪਰੰਤ ਉਹ ਮਰਨ ਵਰਤ ਸ਼ੁਰੂ ਕਰਨਗੇ। ਜਾਂ ਤਾਂ ਅਰਦਾਸ ਪੂਰੀ ਹੋਵੇਗੀ ਜਾਂ ਆਪ ਆਪਣੀ ਜਾਨ ਉਸ ਦੇ ਲੇਖੇ ਲਾ ਜਾਣਗੇ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਉਹ ਮਰਨ ਵਰਤ ਸ਼ੁਰੂ ਕਰਨ ਤਾਂ ਕੋਈ ਵੀ ਨਾ ਤਾਂ ਅਮਨ ਭੰਗ ਕਰੇ ਅਤੇ ਨਾ ਹੀ ਕਿਸੇ ਸਰਕਾਰੀ ਜਾਇਦਾਦ ਦਾ ਨੁਕਸਾਨ ਕਰੇ।

ਪਰ 9 ਅਗਸਤ 1969 ਨੂੰ ਇੱਕ ਸਧਾਰਨ ਜਿਹੇ ਬੰਦੇ ਗੁਰਦਿੱਤ ਸਿੰਘ ਵੱਲੋਂ ਬਿਆਸ ਥਾਣੇ ਵਿੱਚ ਲਿਖਵਾਈ ਰਪਟ ਦੇ ਆਧਾਰ 'ਤੇ ਪੁਲਿਸ ਨੇ ਉਨ੍ਹਾਂ ਵਿਰੁੱਧ ਦਫ਼ਾ 9 ਅਧੀਨ ਕੇਸ ਦਰਜ ਕਰ ਲਿਆ ਅਤੇ 12 ਅਤੇ 13 ਅਗਸਤ ਦੀ ਰਾਤ ਨੂੰ ਪੰਜਾਬ ਸਿਕਿਓਰਿਟੀ ਐਕਟ ਦੀ ਦਫ਼ਾ 9 ਅਧੀਨ ਘਰੋਂ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਕਰ ਦਿੱਤਾ।

ਉਨ੍ਹਾਂ 15 ਅਗਸਤ ਨੂੰ ਜੇਲ੍ਹ ਵਿੱਚ ਹੀ ਅਰਦਾਸ ਕਰਕੇ ਮਰਨ ਵਰਤ ਸ਼ੁਰੂ ਕਰ ਦਿੱਤਾ। ਦਿਨੋਂ ਦਿਨ ਵਿਗੜ ਰਹੀ ਹਾਲਤ ਕਾਰਨ ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਦੇ ਫੈਮਿਲੀ ਵਾਰਡ ਦੇ ਕਮਰਾ ਨੰ. 13 ਵਿੱਚ ਲਿਆਂਦਾ ਗਿਆ। ਭਾਵੇਂ ਸਰਕਾਰ ਨੇ ਉਨ੍ਹਾਂ ਦੀ ਰਿਹਾਈ ਦਾ ਹੁਕਮ ਦੇ ਦਿੱਤਾ ਸੀ, ਪਰ ਉਹ ਪੁਲਿਸ ਦੀ ਨਿਗਰਾਨੀ ਹੇਠ ਹੀ ਰਹੇ। ਕਿਸੇ ਵੀ ਆਮ ਆਦਮੀ ਨੂੰ ਉਨ੍ਹਾਂ ਨੂੰ ਮਿਲਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। 27 ਅਕਤੂਬਰ 1969 ਦੀ ਸ਼ਾਮ ਦੇ ਸਾਢੇ ਤਿੰਨ ਵਜੇ 74 ਦਿਨਾਂ ਦੇ ਮਰਨ ਵਰਤ ਉਪਰੰਤ ਉਨ੍ਹਾਂ ਨੇ ਅੰਤਿਮ ਸਵਾਸ ਲਿਆ ਅਤੇ ਉਨ੍ਹਾਂ ਦੀ ਆਤਮਾ ਗੁਰੂ ਚਰਨਾਂ ਵਿੱਚ ਜਾ ਬਿਰਾਜੀ। ਇਸ ਤਰ੍ਹਾਂ ਉਨ੍ਹਾਂ ਨੇ ਸਿੱਖਾਂ ਵਾਲੀ ਮਹਾਨ ਸ਼ਹੀਦਾਂ ਦੀ ਪਦਵੀ ਪ੍ਰਾਪਤ ਕੀਤੀ।



ਦਰਸ਼ਨ ਸਿੰਘ ਫੇਰੂਮਾਨ

ਉਨ੍ਹਾਂ ਨੇ ਪਹਿਲੀ ਅਗਸਤ 1969 ਨੂੰ ਇੱਕ ਵਸੀਹਤ ਕੀਤੀ ਸੀ, ਜਿਸਦੀ ਲਿਖਤ ਅਜੇ ਮੌਜੂਦ ਹੈ ਅਤੇ ਉਨ੍ਹਾਂ ਦੀ ਆਵਾਜ਼ ਵਿੱਚ ਰਿਕਾਰਡ ਵੀ ਕੀਤੀ ਹੋਈ ਹੈ, ਜਿਸ ਦੇ ਪ੍ਰਤੀਕਰਮ ਵਜੋਂ ਸ਼੍ਰੋਮਣੀ ਵਿਦਵਾਨ ਸ. ਕਪੂਰ ਸਿੰਘ ਨੇ ਜੋ ਲਿਖਿਆ, "ਸ. ਦਰਸ਼ਨ ਸਿੰਘ ਫੇਰੂਮਾਨ ਨੇ ਇਸ ਲਈ ਸ਼ਹਾਦਤ ਦਿੱਤੀ ਸੀ ਕਿ ਉਹ ਕਾਲਖ ਜਿਹੜੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਜਿਉਂਦੇ ਸੜ ਮਰਨ ਦੇ ਅਰਦਾਸੇ ਭੰਗ ਕਰਕੇ ਕਾਇਰ, ਦੰਭੀ, ਗੁਰੂ ਤੋਂ ਬੇਮੁੱਖ ਤੇ ਪੰਥ ਦੇ ਅਖੌਤੀ ਭਗੌੜੇ ਲੀਡਰਾਂ ਨੇ, ਪੰਥ ਦੇ ਉੱਜਲ ਮੁੱਖ ਉੱਤੇ ਮਲੀ ਹੈ, ਉਹ ਧੋਤੀ ਜਾਵੇ। ਉਨ੍ਹਾਂ ਨੇ ਆਪਣਾ ਬਲੀਦਾਨ ਦਿੱਤਾ ਤਾਂ ਜੋ ਜਿਹੜੇ ਝੂਠੇ ਦਾਅਵੇ, ਅਖੌਤੀ ਸਿੱਖ ਲੀਡਰਾਂ ਨੇ ਚੰਡੀਗੜ੍ਹ ਅਤੇ ਭਾਖੜਾ ਨੂੰ ਪੰਜਾਬ ਵਿੱਚ ਸ਼ਾਮਲ ਕਰਾਉਣ ਲਈ ਕੀਤੇ ਸਨ, ਉਨ੍ਹਾਂ ਬਚਨਾਂ ਉੱਤੇ ਮੁੜ ਪਹਿਰਾ ਦੇ ਕੇ, ਉਹ ਪੂਰੇ ਕੀਤੇ ਜਾਣ। ਸ. ਦਰਸ਼ਨ ਸਿੰਘ ਫੇਰੂਮਾਨ ਨੇ ਮਹਾਨ ਕੁਰਬਾਨੀ ਇਸ ਲਈ ਕੀਤੀ ਸੀ ਤਾਂ ਜੋ ਉਨ੍ਹਾਂ ਕਾਇਰ, ਦੰਭੀ ਅਤੇ ਪੰਥ ਦੇ ਗ਼ੱਦਾਰ, ਜਿਨ੍ਹਾਂ ਨੇ ਜਿਉਂਦੇ ਸੜ ਮਰਨ ਦਾ ਅਰਦਾਸਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤ ਉੱਤੇ ਅਗਨੀ ਕੁੰਡ ਬਣਾਏ ਹਨ ਅਤੇ ਮੌਤ ਤੋਂ ਡਰਦੇ ਗਿੱਦੜਾਂ ਵਾਂਗ ਭੱਜ ਗਏ ਹਨ ਤੇ ਇਉਂ ਪੰਥ ਦੇ ਅਦ੍ਰਿਸ਼ਟ, ਦਿੱਬ ਗੁਰੂ ਨਾਲ ਪੀਡੇ ਰਿਸ਼ਤੇ ਨੂੰ ਕਮਜ਼ੋਰ ਕੀਤਾ ਹੈ, ਉਹ ਰਿਸ਼ਤਾ ਮੁੜ ਸੁਰਜੀਤ ਕੀਤਾ ਜਾਵੇ। ਇਹ ਸ਼ਹਾਦਤ ਸਿੱਖ ਹੋਮਲੈਂਡ ਦੀ ਸਥਾਪਤੀ ਅਤੇ ਆਜ਼ਾਦ ਪੰਥ ਆਜ਼ਾਦ ਹਿੰਦੁਸਤਾਨ ਵਿੱਚ ਪ੍ਰਾਪਤ ਕਰਨ ਲਈ ਕੀਤੀ ਗਈ ਹੈ।"

ਸ. ਫੇਰੂਮਾਨ ਦੀ ਸ਼ਹਾਦਤ ਤੋਂ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਚੁਣੇ ਗਏ। ਜਥੇਦਾਰ ਤੁੜ ਨੇ ਅਕਾਲੀ ਦਲ ਦਾ ਨਵਾਂ ਪਾਲਿਸੀ ਪ੍ਰੋਗਰਾਮ ਤਿਆਰ ਕਰਨ ਲਈ ਸ. ਕਪੂਰ ਸਿੰਘ ਆਈ.ਸੀ.ਐਸ. ਦੀ ਸਰਪ੍ਰਸਤੀ ਹੇਠ ਇੱਕ ਸੱਤ ਮੈਂਬਰੀ ਸਬ ਕਮੇਟੀ ਬਣਾ ਦਿੱਤੀ, ਜਿਸ ਨੇ ਇੱਕ ਖਰੜਾ ਤਿਆਰ ਕੀਤਾ, ਜੋ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਂ ਨਾਲ ਪ੍ਰਸਿੱਧ ਹੋਇਆ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ 16-17 ਅਕਤੂਬਰ 1973 ਨੂੰ ਸ੍ਰੀ ਆਨੰਦਪੁਰ ਸਾਹਿਬ ਇਕੱਤਰਤਾ ਵਿੱਚ ਪ੍ਰਵਾਨ ਕੀਤਾ ਗਿਆ, 28 ਅਗਸਤ 1977 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਏ ਜਨਰਲ ਇਜਲਾਸ ਵਿੱਚ ਪ੍ਰਵਾਨ ਕੀਤਾ ਗਿਆ ਅਤੇ ਜਿਸ ਨੂੰ 28-29 ਅਕਤੂਬਰ 1978 ਦੀ ਲੁਧਿਆਣਾ ਕਾਨਫਰੰਸ ਨੇ ਮੋਹਰ ਲਾਈ ਤੇ 20 ਅਗਸਤ 1980 ਦੇ ਅਕਾਲੀ ਦਲ ਦੇ ਜਨਰਲ ਇਜਲਾਸ ਨੇ ਪ੍ਰਵਾਨ ਕੀਤਾ। ਸ. ਭਾਨ ਸਿੰਘ, ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਖ਼ੁਦ ਛਪਵਾਇਆ ਹੈ ਤੇ ਲਾਗੂ ਕਰਨ ਲਈ ਭਾਰਤ ਸਰਕਾਰ ਨੂੰ ਭੇਜਿਆ ਗਿਆ। ਕੇਂਦਰ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਾ ਦਿੱਤਾ। ਇਸ ਨੂੰ ਲਾਗੂ ਕਰਵਾਉਣ ਲਈ ਅਕਾਲ ਤਖ਼ਤ ਸਾਹਿਬ ਤੋਂ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਗਿਆ। ਇਸ ਮੋਰਚੇ ਦਾ ਹਸ਼ਰ ਜੋ ਹੋਇਆ, ਉਹ ਸਭ ਦੇ ਸਾਹਮਣੇ ਹੈ। ਜੇ ਇਸ 'ਤੇ ਅਮਲ ਕੀਤਾ ਜਾਂਦਾ, ਤਾਂ ਨਾ ਤਾਂ ਪੰਜਾਬ ਦੀ ਜੋ ਹਾਲਤ ਹੋਈ ਹੈ, ਉਹ ਨਹੀਂ ਸੀ ਹੋਣੀ ਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਦੀ।

ਮੌਜੂਦਾ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਿਦਵਾਨਾਂ ਦੀ ਇੱਕ ਕਮੇਟੀ ਬਣਾ ਕੇ ਇਸ ਵਿਚਲੇ ਮੁੱਦਿਆਂ ਦਾ, ਜਿਨ੍ਹਾਂ ਦਾ ਕੇਂਦਰ ਸਰਕਾਰ ਨਾਲ ਸਬੰਧ ਹੈ, ਉਨ੍ਹਾਂ ਦੀ ਨਿਸ਼ਾਨਦੇਹੀ ਕਰਵਾਏ ਤੇ ਜਿਹੜੇ ਰਾਜ ਸਰਕਾਰ ਨਾਲ ਸਬੰਧਿਤ ਹਨ, ਉਨ੍ਹਾਂ ਦੀ ਵੱਖਰੀ ਨਿਸ਼ਾਨਦੇਹੀ ਕਰਵਾਏ। ਇਸ ਤੋਂ ਬਾਅਦ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੀ ਮੀਟਿੰਗ ਸਦ ਕੇ ਕੇਂਦਰ ਨਾਲ ਸਬੰਧਿਤ ਮੰਗਾਂ ਲਈ ਗੱਲਬਾਤ ਕੀਤੀ ਜਾਵੇ। ਜਿਹੜੇ ਮਸਲੇ ਪੰਜਾਬ ਸਰਕਾਰ ਨਾਲ ਸਬੰਧਿਤ ਹਨ, ਉਨ੍ਹਾਂ 'ਤੇ ਵਿਚਾਰ-ਵਟਾਂਦਰਾ ਕਰਕੇ ਉਨ੍ਹਾਂ ਨੂੰ ਰਾਜ ਸਰਕਾਰ ਲਾਗੂ ਕਰੇ।

# ਕੁਸ਼ਤੀ ਤੋਂ ਪਹਿਲਾਂ ਘੀਓ ਪੀਣ ਨਾਲ ਕੁਸ਼ਤੀ ਨਹੀਂ ਜਿੱਤੀ ਜਾਂਦੀ !

ਪ੍ਰਿੰਸੀਪਲ ਵਿਜੈ ਕੁਮਾਰ
vijaykumarbehki@gmail.com

ਪੰਜਾਬੀ ਦੀ ਇੱਕ ਕਹਾਵਤ ਹੈ ਕਿ ਕੁਸ਼ਤੀ ਤੋਂ ਪਹਿਲਾਂ ਦੇਸੀ ਘੀਓ ਪੀਣ ਨਾਲ ਕੁਸ਼ਤੀ ਨਹੀਂ ਜਿੱਤੀ ਜਾਂਦੀ। ਕੁਸ਼ਤੀ ਜਿੱਤਣ ਲਈ ਪਹਿਲਾਂ ਖ਼ੁਰਾਕ ਖਾਣ ਦੇ ਨਾਲ-ਨਾਲ ਅਭਿਆਸ ਕਰਨਾ ਪੈਂਦਾ ਹੈ। ਸਨ 2011 ਦੌਰਾਨ ਜਾਪਾਨ 'ਚ ਜਦੋਂ ਹੜ੍ਹ ਤੇ ਤੂਫਾਨ ਦੀ ਸੁਨਾਮੀ ਆਈ ਤਾਂ ਉਨ੍ਹਾਂ ਦੇ ਤੀਹ ਹਜ਼ਾਰ ਲੋਕਾਂ ਦੀ ਜਾਨ ਚਲੀ ਗਈ ਅਤੇ 360 ਅਮਰੀਕੀ ਅਰਬ ਡਾਲਰ ਦਾ ਨੁਕਸਾਨ ਹੋਇਆ ਸੀ। ਜਾਪਾਨ ਦੀਆਂ ਸਰਕਾਰਾਂ ਉਸ ਸੁਨਾਮੀ ਤੋਂ ਹੋਏ ਦੇਸ਼ ਅਤੇ ਲੋਕਾਂ ਦੇ ਨੁਕਸਾਨ ਨੂੰ ਵੇਖ ਕੇ ਚੁੱਪ ਕਰਕੇ ਨਹੀਂ ਬੈਠੀਆਂ ਸਨ, ਸਗੋਂ ਉਨ੍ਹਾਂ ਨੇ ਮੁੜ ਉਸ ਹੜ੍ਹ ਤੇ ਤੂਫ਼ਾਨ ਦੀ ਤਬਾਹੀ ਤੋਂ ਬਚਣ ਲਈ ਸਮਾਲ ਮਸ਼ਰਕੀ ਵਿੱਚ 395 ਕਿਲੋਮੀਟਰ ਲੰਬੀ, 42 ਫੁੱਟ ਉੱਚੀ ਅਤੇ 82 ਫੁੱਟ ਡੂੰਘੀ ਕੰਧ ਬਣਾਈ। ਉਸ ਕੰਧ ਅੱਗੇ ਇੱਕ ਕਰੋੜ ਰੁੱਖ ਲਗਾਏ, ਪਰ ਭਾਰਤ ਦੀਆਂ ਸਰਕਾਰਾਂ ਦੀ ਹਾਲਤ ਉਤੇ ਇਹ ਕਹਾਵਤ ਢੁਕਦੀ ਹੈ, 'ਜਦੋਂ ਪਈਆਂ ਤਰਕਾਲਾਂ, ਕੁਚੱਜੀ ਮਾਰੇ ਛਾਲਾਂ।'

ਸਰਕਾਰਾਂ ਨੇ 1988 ਦੇ ਹੜ੍ਹਾਂ ਤੋਂ ਕੋਈ ਸਬਕ ਨਹੀਂ ਲਿਆ। ਸਰਕਾਰਾਂ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਪੰਜ ਸਾਲ ਕੱਢਣ ਬਾਰੇ ਸੋਚਦੀਆਂ ਹਨ। ਉਨ੍ਹਾਂ ਨੂੰ ਲੋਕਾਂ ਦੇ ਨੁਕਸਾਨ ਨਾਲੋਂ ਆਪਣੇ ਘਰ ਭਰਨ ਦਾ ਜ਼ਿਆਦਾ ਫ਼ਿਕਰ ਹੁੰਦਾ ਹੈ। ਕੈਨੇਡਾ 'ਚ ਕੋਈ ਵੀ ਕੁਦਰਤੀ ਆਫ਼ਤ ਆਉਣ 'ਤੇ ਲੋਕਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਤੋਂ ਪਹਿਲਾਂ ਸਰਕਾਰ ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਪਾ ਦਿੰਦੀ ਹੈ, ਪਰ ਸਾਡੇ ਦੇਸ਼ ਵਿੱਚ ਕੁਦਰਤੀ ਆਫ਼ਤ ਤੋਂ ਲੋਕਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਵਿੱਚ ਹੀ ਕਈ ਮਹੀਨੇ ਕੱਢ ਦਿੱਤੇ ਜਾਂਦੇ ਹਨ। ਹਰ ਵਿਰੋਧੀ ਪਾਰਟੀ ਮੌਜੂਦਾ ਸਰਕਾਰ ਉਤੇ ਮਾਈਨਿੰਗ ਨੂੰ ਨਾ ਰੋਕਣ ਦਾ ਦੋਸ਼ ਲਗਾਉਂਦੀ ਹੈ, ਪਰ ਜਦੋਂ ਉਸ ਪਾਰਟੀ ਦੀ ਆਪਣੀ ਸਰਕਾਰ ਆਉਂਦੀ ਹੈ ਤਾਂ ਉਸਨੂੰ ਸਭ ਕੁਝ ਭੁੱਲ ਜਾਂਦਾ ਹੈ, ਕਿਉਂਕਿ ਸਿਆਸੀ ਲੋਕਾਂ ਲਈ ਮਾਈਨਿੰਗ ਕਮਾਈ ਦਾ ਸਾਧਨ ਹੈ।

ਸਰਕਾਰਾਂ ਨੂੰ ਇਹ ਸਵਾਲ ਕਰਨਾ ਬਣਦਾ ਹੈ ਕਿ ਇਸ ਨਾਜਾਇਜ਼ ਮਾਈਨਿੰਗ ਰੋਕਣ ਲਈ ਸਰਕਾਰਾਂ ਸਾਫ਼ ਨੀਅਤ ਨਾਲ ਕੰਮ ਕਦੋਂ ਕਰਨਗੀਆਂ? ਸਰਕਾਰਾਂ ਨੂੰ ਨਦੀਆਂ, ਡੈਮਾਂ, ਨਹਿਰਾਂ ਅਤੇ ਨਾਲਿਆਂ ਦੇ ਬੰਨ੍ਹ ਟੁੱਟਣ ਦਾ ਪਤਾ ਉਦੋਂ ਹੀ ਕਿਉਂ ਲੱਗਦਾ ਹੈ, ਜਦੋਂ ਲੋਕ ਪਾਣੀ ਵਿੱਚ ਘਿਰ ਜਾਂਦੇ ਹਨ? ਇਨ੍ਹਾਂ ਨਦੀਆਂ, ਡੈਮਾਂ, ਨਹਿਰਾਂ ਅਤੇ ਨਾਲਿਆਂ ਦੇ ਬੰਨ੍ਹ ਟੁੱਟਣ ਤੋਂ ਪਹਿਲਾਂ ਉਨ੍ਹਾਂ ਉੱਤੇ ਨਜ਼ਰ ਰੱਖਣਾ, ਉਨ੍ਹਾਂ ਦਾ ਕੰਮ ਕਰਵਾਉਣਾ, ਵਿਭਾਗਾਂ ਤੋਂ ਉਨ੍ਹਾਂ ਦੀ ਰਿਪੋਰਟ ਲੈਣਾ, ਅਧਿਕਾਰੀਆਂ ਨਾਲ ਮੀਟਿੰਗਾਂ ਕਰਨਾ, ਉਨ੍ਹਾਂ ਨਾਲ ਸੰਪਰਕ ਕਾਇਮ ਰੱਖਣਾ ਅਤੇ ਉਨ੍ਹਾਂ ਵਾਸਤੇ ਫੰਡ ਜਾਰੀ ਕਰਨਾ ਸਰਕਾਰਾਂ ਦੀ ਹੀ ਜ਼ਿੰਮੇਵਾਰੀ ਬਣਦੀ ਹੈ। ਇਹ ਹੜ੍ਹਾਂ ਦੇ ਵਰਤਾਰੇ ਦਾ ਵਾਪਰਨਾ ਸਰਕਾਰਾਂ ਦੀ ਗੈਰ-ਜ਼ਿੰਮੇਵਾਰੀ ਦਾ ਹੀ ਨਤੀਜਾ ਹੁੰਦਾ ਹੈ। ਸਰਕਾਰਾਂ ਨੂੰ ਇਹ ਸਵਾਲ ਕਰਨਾ ਬਣਦਾ ਹੈ ਕਿ ਉਹ ਇਹ ਬਣਦੀ ਸਾਰੀ ਜ਼ਿੰਮੇਵਾਰੀ ਕਦੋਂ ਨਿਭਾਉਣਗੀਆਂ? ਬਰਸਾਤ ਤੋਂ ਪਹਿਲਾਂ ਨਾਲਿਆਂ, ਨਹਿਰਾਂ, ਖੱਡਾਂ, ਖਾਲਿਆਂ ਅਤੇ ਡੈਮਾਂ ਦੀ ਸਫ਼ਾਈ ਕਰਵਾਉਣਾ, ਉਨ੍ਹਾਂ ਦੇ ਆਲੇ-ਦੁਆਲੇ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣਾ ਅਤੇ ਰੁੱਖਾਂ ਦੀ ਕਟਾਈ ਨੂੰ ਰੋਕਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ, ਪਰ ਸਰਕਾਰਾਂ ਇਸ ਜ਼ਿੰਮੇਵਾਰੀ ਤੋਂ ਕਿਨਾਰਾ ਕਰਦੀਆਂ ਰਹਿੰਦੀਆਂ ਹਨ, ਜਿਸਦਾ ਖਮਿਆਜ਼ਾ ਬੇਕਸੂਰ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਲੋਕ ਸਰਕਾਰਾਂ ਨੂੰ ਇਹ ਸਵਾਲ ਕਰਦੇ ਹਨ ਕਿ ਉਹ ਆਪਣੀ ਬਣਦੀ ਇਸ ਜ਼ਿੰਮੇਵਾਰੀ ਨੂੰ ਕਦੋਂ ਨਿਭਾਉਣਗੀਆਂ?

ਮਾਹਿਰਾਂ ਦਾ ਕਹਿਣਾ ਹੈ ਕਿ ਸੂਬਿਆਂ ਦਾ ਇੱਕ ਦੂਜੇ ਨਾਲ ਪਾਣੀ ਦੀ ਵੰਡ ਦਾ ਬਖੇੜਾ ਖੜ੍ਹਾ ਕਰਨਾ ਸਰਕਾਰਾਂ ਦੀਆਂ ਸਿਆਸੀ ਰੋਟੀਆਂ ਸੇਕਣ ਦੀਆਂ ਚਾਲਾਂ ਹਨ। ਸਾਰੇ ਦੇਸ਼ 'ਚ ਵਹਿ ਰਹੇ ਪਾਣੀ ਦੇ ਕੁਦਰਤੀ ਸੋਮਿਆਂ ਦੇ ਵਹਾਅ ਅਤੇ ਵੰਡ 'ਚ ਆਪਣੀਆਂ ਵੋਟਾਂ ਖਾਤਿਰ ਅਸੰਤੁਲਨ ਪੈਦਾ ਕਰਨ ਨਾਲ ਵੀ ਹੜ੍ਹਾਂ ਦੀ ਨੌਬਤ ਪੈਦਾ ਹੋਣਾ ਸੁਭਾਵਿਕ ਵਰਤਾਰਾ ਹੈ। ਸਰਕਾਰਾਂ ਆਪਣੇ ਸਿਆਸੀ ਹਿਤਾਂ ਨੂੰ ਛੱਡ ਕੇ ਸੂਬਿਆਂ ਵਿਚਕਾਰ ਪਾਣੀਆਂ ਦੀ ਵੰਡ ਦੇ ਮਸਲੇ ਨੂੰ ਆਪਸੀ ਸਹਿਮਤੀ ਨਾਲ ਕਦੋਂ ਖਤਮ ਕਰਨਗੀਆਂ? ਡ੍ਰੇਨੇਜ, ਨਹਿਰੀ ਅਤੇ ਹੋਰ ਵਿਭਾਗਾਂ 'ਚ ਅਸਾਮੀਆਂ ਦਾ ਖਾਲੀ ਹੋਣਾ, ਖਾਮੀਆਂ ਭਰਪੂਰ ਸੀਵਰੇਜ ਸਿਸਟਮ, ਫੰਡਾਂ ਦੀ ਘਾਟ, ਰੁੱਖਾਂ ਤੇ ਪਹਾੜਾਂ ਦੀ ਅੰਨੇਵਾਹ ਕਟਾਈ, ਬਿਨਾ ਯੋਜਨਾ ਤੋਂ ਕਾਲੋਨੀਆਂ ਦੀ ਉਸਾਰੀ ਅਤੇ ਸੂਬਿਆਂ ਦਾ ਆਰਥਿਕ ਸੰਕਟ ਇਨ੍ਹਾਂ ਹੜ੍ਹਾਂ ਲਈ ਮੁੱਖ ਕਾਰਨ ਹਨ, ਜਿਨ੍ਹਾਂ ਲਈ ਸਰਕਾਰਾਂ ਦੀ ਬੇਧਿਆਨੀ ਜ਼ਿੰਮੇਵਾਰ ਹੈ। ਜਿਨ੍ਹਾਂ ਸੂਬਿਆਂ ਵਿੱਚ ਵਿਰੋਧੀ ਪਾਰਟੀ ਦੀਆਂ ਸਰਕਾਰਾਂ ਹਨ, ਉਨ੍ਹਾਂ ਨਾਲ ਕੇਂਦਰ ਸਰਕਾਰ ਦਾ ਮਤਰੇਈ ਮਾਂ ਵਾਲਾ ਸਲੂਕ ਵੀ ਸੂਬਿਆਂ ਦੇ ਲੋਕਾਂ ਲਈ ਹੜ੍ਹਾਂ ਦਾ ਸੰਤਾਪ ਭੋਗਣ ਦਾ ਕਾਰਨ ਬਣਦਾ ਹੈ। ਸਰਕਾਰਾਂ ਨੂੰ ਹੁਣ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਹੁਣ ਹੜ੍ਹਾਂ ਤੋਂ ਪ੍ਰਭਾਵਿਤ ਲੋਕ ਚੁੱਪ ਨਹੀਂ ਬੈਠਣਗੇ। ਇਨ੍ਹਾਂ ਹੜ੍ਹਾਂ ਦੌਰਾਨ ਲੋਕਾਂ ਨੇ ਸਰਕਾਰ ਅਤੇ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਬਹੁਤ ਤਲਖ਼ ਸੁਰ ਵਿੱਚ ਸਵਾਲ ਕੀਤੇ। ਸਰਕਾਰ ਅਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਜਵਾਬ ਨਹੀਂ ਅਹੁੜ ਰਹੇ।

# ਫ਼ਿਜੀ ਦੀ ਤਰੱਕੀ ਵਿੱਚ ਪੰਜਾਬੀਆਂ ਦਾ ਯੋਗਦਾਨ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਪੰਜਾਬੀ ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ ਅਤੇ ਉਨ੍ਹਾਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ ਵਿੱਚ ਮੰਨਵਾਇਆ ਹੈ। ਫ਼ਿਜੀ ਨਾਲ ਭਾਰਤੀਆਂ ਤੇ ਪੰਜਾਬੀਆਂ ਦਾ ਨਾਤਾ ਕਾਫੀ ਪੁਰਾਣਾ ਦੱਸਿਆ ਜਾਂਦਾ ਹੈ। ਪੰਜਾਬੀਆਂ ਦੀ ਪਹਿਲੀ ਅਤੇ ਮਹੱਤਵਪੂਰਨ ਆਮਦ ਇੱਥੇ ਸੰਨ 1900 ਅਤੇ 1930 ਦੇ ਦਰਮਿਆਨ ਹੋਈ ਮੰਨੀ ਜਾਂਦੀ ਹੈ। ਸਮਾਂ ਬੀਤਣ ਨਾਲ ਭਾਰਤ ਤੋਂ ਗੁਜਰਾਤੀ ਵਪਾਰੀ ਅਤੇ ਵੱਖ-ਵੱਖ ਖੇਤਰਾਂ ਵਿੱਚ ਨਿਪੁੰਨਤਾ ਪ੍ਰਾਪਤ ਕਾਮੇ ਵੀ ਇੱਥੇ ਆਣ ਵੱਸੇ ਸਨ। ਫ਼ਿਜੀ ਵਿੱਚ ਵੱਸਦੇ ਪੰਜਾਬੀਆਂ ਦੀ ਸੰਖਿਆ ਬੇਸ਼ੱਕ ਜ਼ਿਆਦਾ ਨਹੀਂ ਹੈ, ਪਰ ਜਿੰਨੀ ਵੀ ਹੈ, ਉਸਦਾ ਪ੍ਰਭਾਵ ਇੱਥੇ ਬਹੁਤ ਹੀ ਮਹੱਤਵਪੂਰਨ ਅਤੇ ਪ੍ਰਸ਼ੰਸਾਯੋਗ ਹੈ। ਉਨ੍ਹਾਂ ਨੂੰ ਫ਼ਿਜੀ 'ਚ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਦਾ ਸ਼ਰਫ਼ ਹਾਸਿਲ ਸੀ। ਪੇਸ਼ ਹੈ, ਇਸ ਸਾਂਝ ਦਾ ਸੰਖੇਪ ਵੇਰਵਾ...***



■ ਫ਼ਿਜੀ ਵਿੱਚ ਪੁਰਾਣੇ ਸਮੇਂ ਸਿੱਖ ਤੇ ਹਿੰਦੂ ਭਾਈਚਾਰੇ ਦੇ ਲੋਕ



■ ਜੋਗਿੰਦਰ ਸਿੰਘ ਕੰਵਲ

***ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਜ਼ੁਬਾਨਾਂ ਦੇ ਮਾਹਿਰ ਸ. ਜੋਗਿੰਦਰ ਸਿੰਘ ਕੰਵਲ ਨੂੰ ਫ਼ਿਜ਼ੀ ਵਿਖੇ ਸਥਿਤ 'ਖ਼ਾਲਸਾ ਕਾਲਜ' ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾਉਣ ਦਾ ਸ਼ਰਫ਼ ਵੀ ਹਾਸਿਲ ਹੋਇਆ ਸੀ।***

ਪ੍ਰਸ਼ਾਂਤ ਮਹਾਂਸਾਗਰ ਦੇ ਦੱਖਣੀ ਹਿੱਸੇ ਵਿੱਚ ਮੌਜੂਦ ਅਤੇ ਨਿਓਜ਼ੀਲੈਂਡ ਤੋਂ ਦੋ ਹਜ਼ਾਰ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਫ਼ਿਜੀ ਨਾਂ ਦਾ ਮੁਲਕ ਲਗਪਗ 330 ਤੋਂ ਵੱਧ ਟਾਪੂਆਂ ਦਾ ਸਮੂਹ ਹੈ ਤੇ ਇਸਦਾ ਰਕਬਾ ਕੁੱਲ ਮਿਲਾ ਕੇ 18,274 ਵਰਗ ਕਿਲੋਮੀਟਰ ਬਣਦਾ ਹੈ। ਦਿਲਚਸਪ ਗੱਲ ਹੈ ਕਿ ਫ਼ਿਜੀ ਦੀ ਕੁੱਲ ਵੱਸੋਂ ਇਸ ਵਕਤ ਭਾਵ ਸਾਲ 2025 ਵਿੱਚ 9,33,000 ਦੇ ਕਰੀਬ ਹੈ ਤੇ ਇਸ ਵਿੱਚੋਂ ਵੀ 87 ਫ਼ੀਸਦੀ ਵੱਸੋਂ ਕੇਵਲ ਦੋ ਹੀ ਟਾਪੂਆਂ 'ਤੇ ਵੱਸਦੀ ਹੈ, ਜਿਨ੍ਹਾਂ ਦੇ ਨਾਂ ਵਿਤੀ ਲੇਵੂ ਅਤੇ ਵੇਨੂਆ ਲੇਵੂ ਹਨ। ਇਸ ਮੁਲਕ ਨੂੰ ਬਰਤਾਨਵੀ ਸਾਮਰਾਜ ਕੋਲੋਂ 10 ਅਕਤੂਬਰ 1970 ਨੂੰ ਆਜ਼ਾਦੀ ਮਿਲੀ ਸੀ। ਇੱਥੇ ਜਨਸੰਖਿਆ ਘਣਤਾ ਲਗਪਗ 46 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਇੱਥੋਂ ਦੀ ਆਬਾਦੀ ਦਾ 64 ਫ਼ੀਸਦੀ ਹਿੱਸਾ ਈਸਾਈ ਧਰਮ ਦਾ ਪੈਰੋਕਾਰ ਹੈ, ਜਦੋਂ ਕਿ ਹਿੰਦੂ ਅਤੇ ਮੁਸਲਿਮ ਧਰਮਾਂ ਵਿੱਚ ਆਸਥਾ ਰੱਖਣ ਵਾਲਿਆਂ ਦੀ ਆਬਾਦੀ ਕ੍ਰਮਵਾਰ 28 ਫ਼ੀਸਦੀ ਅਤੇ 6 ਫ਼ੀਸਦੀ ਦੇ ਕਰੀਬ ਹੈ। ਇੱਥੋਂ ਦੀ ਕਰੰਸੀ ਦਾ ਨਾਂ 'ਫ਼ਿਜੀਅਨ ਡਾਲਰ' ਹੈ।

ਫ਼ਿਜੀ ਨਾਲ ਭਾਰਤੀਆਂ ਦਾ ਨਾਤਾ ਕਾਫੀ ਪੁਰਾਣਾ ਦੱਸਿਆ ਜਾਂਦਾ ਹੈ। ਇਤਿਹਾਸ ਦੇ ਵਰਕਿਆਂ 'ਤੇ ਦਰਜ ਜਾਣਕਾਰੀ ਦੱਸਦੀ ਹੈ ਕਿ ਸੰਨ 1879 ਤੋਂ 1916 ਦੇ ਦਰਮਿਆਨ ਭਾਰਤ ਅਤੇ ਫ਼ਿਜੀ- ਦੋਹਾਂ ਮੁਲਕਾਂ ਵਿੱਚ ਬਰਤਾਨਵੀ ਰਾਜ ਕਾਇਮ ਸੀ ਤੇ ਇਸ ਕਾਲ ਖੰਡ ਦੌਰਾਨ ਬਰਤਾਨਵੀ ਹਾਕਮ ਹੀ ਲਗਪਗ 60 ਹਜ਼ਾਰ ਭਾਰਤੀਆਂ ਨੂੰ ਗੰਨੇ ਦੀ ਖੇਤੀ ਵਾਸਤੇ ਬਤੌਰ ਮਜ਼ਦੂਰ ਭਾਰਤ ਤੋਂ ਇੱਥੇ ਲੈ ਕੇ ਆਏ ਸਨ। ਉਹ ਮਜ਼ਦੂਰ ਬਾਅਦ ਵਿੱਚ ਇੱਥੇ ਹੀ ਵੱਸ ਗਏ ਤੇ ਹੌਲੀ-ਹੌਲੀ ਫ਼ਿਜੀ ਦੇ ਸੱਭਿਆਚਾਰ ਵਿੱਚ ਭਾਰਤੀ ਸੱਭਿਆਚਾਰ ਦੇ ਕਈ ਲੱਛਣ ਇਕਮਿਕ ਹੀ ਹੋ ਗਏ। ਇੱਥੋਂ ਤੱਕ ਕਿ ਭਾਸ਼ਾਈ ਦੀਵਾਰਾਂ ਨੂੰ ਤੋੜ ਕੇ ਇੱਥੋਂ ਦੇ ਵਾਸੀਆਂ ਨੇ ਫ਼ਿਜੀ ਦੀ ਸਥਾਨਕ ਭਾਸ਼ਾ ਅਤੇ ਭਾਰਤੀਆਂ ਦੀ ਹਿੰਦੀ ਭਾਸ਼ਾ ਦਾ ਮੇਲ ਕਰਾ ਕੇ 'ਫ਼ਿਜੀ-ਹਿੰਦੀ' ਨਾਂ ਦੀ ਭਾਸ਼ਾ ਨੂੰ ਜਨਮ ਦਿੱਤਾ ਸੀ, ਜੋ ਇੱਥੇ ਖ਼ੂਬ ਵਰਤੀ ਜਾਂਦੀ ਹੈ ਤੇ ਇੱਥੋਂ ਦੀ ਦਫ਼ਤਰੀ ਭਾਸ਼ਾ ਵੀ ਬਣ ਚੁੱਕੀ ਹੈ। ਸਮਾਂ ਬੀਤਣ ਨਾਲ ਭਾਰਤ ਤੋਂ ਗੁਜਰਾਤੀ ਵਪਾਰੀ ਅਤੇ ਵੱਖ-ਵੱਖ ਖੇਤਰਾਂ ਵਿੱਚ ਨਿਪੁੰਨਤਾ ਪ੍ਰਾਪਤ ਕਾਮੇ ਇੱਥੇ ਆਣ ਵੱਸੇ ਸਨ।

ਫ਼ਿਜੀ ਵਿੱਚ ਵੱਸਦੇ ਪੰਜਾਬੀਆਂ ਦੀ ਸੰਖਿਆ ਬੇਸ਼ੱਕ ਜ਼ਿਆਦਾ ਨਹੀਂ ਹੈ, ਪਰ ਜਿੰਨੀ ਵੀ ਹੈ, ਉਸਦਾ ਪ੍ਰਭਾਵ ਇੱਥੇ ਬਹੁਤ ਹੀ ਮਹੱਤਵਪੂਰਨ ਅਤੇ ਪ੍ਰਸ਼ੰਸਾਯੋਗ ਹੈ। ਵੀਹਵੀਂ ਸਦੀ ਦੇ ਅਰੰਭ ਵਿੱਚ ਇੱਥੇ ਪੰਜਾਬੀਆਂ ਨੇ ਪੁੱਜਣਾ ਸ਼ੁਰੂ ਕਰ ਦਿੱਤਾ ਸੀ। ਇਹ ਪੰਜਾਬੀ ਲੋਕ ਇੱਥੇ ਆਏ ਤਾਂ ਬਤੌਰ ਗੰਨਾ ਮਜ਼ਦੂਰ ਸਨ, ਪਰ ਬਾਅਦ ਵਿੱਚ ਇਨ੍ਹਾਂ ਨੇ ਅਤੇ ਇਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਇੱਥੇ ਆਪਣੇ ਕਾਰੋਬਾਰ ਸਥਾਪਿਤ ਕੀਤੇ ਤੇ ਫ਼ਿਜੀ ਦੀ ਅਰਥ ਵਿਸਥਾ ਨੂੰ ਇੱਕ ਵੱਡਾ ਹੁਲਾਰਾ ਦਿੱਤਾ ਸੀ। ਫ਼ਿਜੀਅਨ ਦੋ ਡਾਲਰ ਦੇ ਨੋਟ ਉਤੇ ਗੰਨਾ ਲੀਡਰ ਵਜੋਂ ਸ. ਮਿਹਰ ਸਿੰਘ ਦੀ ਫੋਟੋ ਵੀ ਪ੍ਰਕਾਸ਼ਿਤ ਕੀਤੀ ਗਈ ਸੀ।

ਪੰਜਾਬੀਆਂ ਦੀ ਪਹਿਲੀ ਅਤੇ ਮਹੱਤਵਪੂਰਨ ਆਮਦ ਇੱਥੇ ਸੰਨ 1900 ਅਤੇ 1930 ਦੇ ਦਰਮਿਆਨ ਹੋਈ ਮੰਨੀ ਜਾਂਦੀ ਹੈ ਤੇ ਇੱਥੇ ਆਉਣ ਵਾਲੇ ਜ਼ਿਆਦਾਤਰ ਪੰਜਾਬੀਆਂ ਦਾ ਪਿਛੋਕੜ ਜਲੰਧਰ ਅਤੇ ਹੁਸ਼ਿਆਰਪੁਰ ਆਦਿ ਜ਼ਿਲ੍ਹਿਆਂ ਨਾਲ ਜੁੜਿਆ ਹੋਇਆ ਸੀ। ਪ੍ਰਾਪਤ ਅੰਕੜਿਆਂ ਅਨੁਸਾਰ ਸੰਨ 1921 ਦੀ ਜਨਗਣਨਾ ਅਨੁਸਾਰ ਇੱਥੇ 61 ਹਜ਼ਾਰ ਭਾਰਤੀ ਵੱਸਦੇ ਸਨ, ਜਿਨ੍ਹਾਂ ਵਿੱਚੋਂ ਪੰਜਾਬੀਆਂ ਦੀ ਸੰਖਿਆ 449 ਸੀ। ਇਸੇ ਤਰ੍ਹਾਂ ਸਥਾਨਕ ਲੇਬਰ ਵਿਭਾਗ ਦੇ ਅੰਕੜਿਆਂ ਅਨੁਸਾਰ ਸੰਨ 1927 ਤੋਂ 1930 ਤੱਕ ਇੱਥੇ ਪੁੱਜੇ ਪੰਜਾਬੀਆਂ ਵਿੱਚ 1508 ਮਰਦ ਅਤੇ 18 ਔਰਤਾਂ ਸ਼ਾਮਿਲ ਸਨ। ਫ਼ਿਜੀ ਵਿਖੇ ਆ ਕੇ ਇਨ੍ਹਾਂ ਪੰਜਾਬੀਆਂ ਨੇ ਇੱਥੋਂ ਦੇ ਪੱਛਮੀ ਜ਼ਿਲ੍ਹਿਆਂ ਵਿੱਚ ਅਤੇ ਲਾਬਾਸਾ ਨਾਮਕ ਖੇਤਰ ਦੇ ਆਸ-ਪਾਸ ਟਿਕਾਣਾ ਕਰ ਲਿਆ ਸੀ। ਬਾਅਦ ਵਿੱਚ ਅਮਰੀਕਾ, ਇੰਗਲੈਂਡ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਆਦਿ ਵਿਦੇਸ਼ੀ ਮੁਲਕਾਂ ਤੋਂ ਚੱਲ ਕੇ ਵੀ ਬਹੁਤ ਸਾਰੇ ਪੰਜਾਬੀ ਲੋਕ ਫ਼ਿਜੀ ਵਿਖੇ ਆਣ ਪੁੱਜੇ ਸਨ। ਸਾਲ 1956 ਵਿੱਚ ਇੱਥੇ ਭਾਰਤੀਆਂ ਦੀ ਗਿਣਤੀ 26 ਹਜ਼ਾਰ ਤੋਂ ਵੀ ਘੱਟ ਰਹਿ ਗਈ ਸੀ ਤੇ ਉਨ੍ਹਾਂ ਵਿੱਚੋਂ ਵੀ ਪੰਜਾਬੀਆਂ ਦੀ ਗਿਣਤੀ ਕੇਵਲ 468 ਸੀ। ਸੰਨ 1966 ਦੀ ਜਨਗਣਨਾ ਅਨੁਸਾਰ ਫ਼ਿਜੀ ਅੰਦਰ ਪੰਜਾਬੀਆਂ ਦੀ ਸੰਖਿਆ 3002 ਸੀ, ਜੋ ਸੰਨ 1996 ਵਿੱਚ ਇਹ ਅੰਕੜਾ 3076 ਹੋ ਗਿਆ ਸੀ। ਸਾਲ 2007 ਦੀ ਜਨਗਣਨਾ ਮੁਤਾਬਿਕ ਫ਼ਿਜੀ ਅੰਦਰ ਵੱਸਦੇ ਪੰਜਾਬੀ ਲੋਕ ਗਿਣਤੀ ਪੱਖੋਂ ਕੇਵਲ 2577 ਹੀ ਰਹਿ ਗਏ ਸਨ।

***ਸ. ਜੀਵਨ ਸਿੰਘ ਉਹ ਸ਼ਖ਼ਸ ਹਨ, ਜਿਨ੍ਹਾਂ ਨੇ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੌਰਾਨ ਫ਼ਿਜ਼ੀ ਦੇ ਪੁਲਿਸ ਵਿਭਾਗ ਵਿੱਚ ਸੇਵਾ ਨਿਭਾਈ ਸੀ ਤੇ ਉਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਲਾਮਿਸਾਲ ਦਲੇਰੀ ਦਾ ਮੁਜ਼ਾਹਰਾ ਕਰਕੇ 'ਡਿਫ਼ੈਂਸ ਮੈਡਲ' ਵੀ ਹਾਸਿਲ ਕੀਤਾ ਸੀ। ਕਿਹਾ ਜਾਂਦਾ ਹੈ ਕਿ ਉਹ ਫ਼ਿਜ਼ੀ ਦੇ 'ਸੂਵਾ' ਇਲਾਕੇ ਵਿੱਚ ਸੇਵਾ ਨਿਭਾਉਣ ਵਾਲੇ ਆਖ਼ਰੀ ਪਗੜੀਧਾਰੀ ਪੁਲਿਸ ਅਫ਼ਸਰ ਸਨ।***



■ 1956: ਅਫ਼ਸਰ ਜੀਵਨ ਸਿੰਘ ਫ਼ਿਜ਼ੀ ਪੁਲਿਸ ਫੋਰਸ ਦੇ ਦੋ ਸਾਥੀਆਂ ਦੇ ਨਾਲ

ਆਪਣੀ ਧਾਰਮਿਕ ਫ਼ਿਤਰਤ ਅਨੁਸਾਰ ਪੰਜਾਬੀਆਂ ਨੇ ਇੱਥੇ ਵੀ ਆਪਣੇ ਇਸ਼ਟ ਨੂੰ ਯਾਦ ਕਰਨ ਲਈ ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕਰ ਦਿੱਤੀ ਸੀ, ਜਿਨ੍ਹਾਂ ਵਿੱਚ 'ਗੁਰਦੁਆਰਾ ਸਾਹਿਬ ਸੰਬੂਲਾ', 'ਗੁਰੂ ਰਵਿਦਾਸ ਗੁਰਦੁਆਰਾ ਨਾਸੀਨੂ', 'ਸਿੱਖ ਟੈਂਪਲ ਲੌਤੁਕਾ', 'ਗੁਰਦੁਆਰਾ ਲਾਬਾਸਾ' ਅਤੇ 'ਸਿੱਖ ਟੈਂਪਲ ਤਗੀ-ਤਗੀ' ਆਦਿ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਇਨ੍ਹਾਂ ਗੁਰੂਘਰਾਂ ਵਿੱਚ ਆਉਣ ਵਾਲੇ ਹਰੇਕ ਲੋੜਵੰਦ ਲਈ ਲੰਗਰ ਅਤੇ ਰਾਤ ਨੂੰ ਵਿਸ਼ਰਾਮ ਕਰਨ ਦੀ ਵਿਵਸਥਾ ਸਦਾ ਹੀ ਮੌਜੂਦ ਰਹਿੰਦੀ ਹੈ। ਸ. ਸੰਪੂਰਨ ਸਿੰਘ ਨਾਮਕ ਗੁਰਮੁਖ਼ ਹਸਤੀ ਨੇ ਸੰਨ 1922 ਵਿੱਚ 'ਸਿੱਖ ਟੈਂਪਲ ਸੰਬੂਲਾ' ਦੀ ਸਥਾਪਨਾ ਕੀਤੀ ਸੀ, ਜੋ ਕਿ ਫ਼ਿਜੀ ਵਿਖੇ ਸਥਾਪਿਤ ਕੀਤਾ ਜਾਣ ਵਾਲਾ ਪਹਿਲਾ ਸਿੱਖ ਗੁਰੂਘਰ ਸੀ। ਇਸੇ ਤਰ੍ਹਾਂ ਸੰਨ 1939 ਵਿੱਚ ਸ੍ਰੀ ਲੱਛੂ ਰਾਮ, ਸ੍ਰੀ ਰੱਖਾ ਰਾਮ, ਸ੍ਰੀ ਬਖ਼ਸ਼ੀ ਰਾਮ, ਸ੍ਰੀ ਮੇਲੂ ਰਾਮ, ਸ੍ਰੀ ਖ਼ੁਸ਼ੀ ਰਾਮ ਅਤੇ ਸ੍ਰੀ ਮਹਿੰਗਾ ਰਾਮ ਆਦਿ ਟਰੱਸਟੀਆਂ ਦੀ ਅਗਵਾਈ ਵਿੱਚ ਨਾਸੀਨੂ ਨਾਮਕ ਇਲਾਕੇ ਵਿੱਚ 'ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ' ਦੀ ਸਥਾਪਨਾ ਕੀਤੀ ਗਈ ਸੀ ਤੇ ਦਿਲਚਸਪ ਤੱਥ ਇਹ ਹੈ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਭਾਰਤ ਤੋਂ ਬਾਹਰ ਬਣਨ ਵਾਲਾ ਇਹ ਸ਼ਾਇਦ ਸਭ ਤੋਂ ਪਹਿਲਾ ਗੁਰਦੁਆਰਾ ਸੀ। ਇਹ ਵੀ ਦੱਸਣਾ ਬਣਦਾ ਹੈ ਕਿ ਲਾਬਾਸਾ ਵਿਖੇ ਸਥਿਤ ਗੁਰਦੁਆਰਾ ਸਾਹਿਬ ਅਜਿਹਾ ਇਕਲੌਤਾ ਗੁਰੂਘਰ ਹੈ, ਜੋ ਫ਼ਿਜੀ ਦੀ ਮੁੱਖ ਭੂਮੀ ਆਖੇ ਜਾਂਦੇ ਵਿੱਤੀ ਲੇਵੂ ਨਾਮਕ ਟਾਪੂ ਤੋਂ ਬਾਹਰ ਸਥਿਤ ਹੈ ਤੇ ਫ਼ਿਜੀ ਦੇ ਦੂਸਰੇ ਸਭ ਤੋਂ ਵੱਡੇ ਟਾਪੂ 'ਵੇਨੂਆ ਲੇਵੂ' ਉਤੇ ਹਾਜ਼ਰ ਹੈ।

ਪੰਜਾਬੀਆਂ ਨੇ ਇੱਥੇ ਆਪਣੀ ਪੈਂਠ ਕਾਇਮ ਕਰਦਿਆਂ ਬੜੇ ਹੀ ਮਜਬੂਤ ਸਮਾਜਿਕ ਅਤੇ ਸੱਭਿਅਚਾਰਕ ਸੰਗਠਨਾਂ ਦੀ ਸਥਾਪਨਾ ਵੀ ਕੀਤੀ, ਜਿਨ੍ਹਾਂ ਵਿੱਚ 'ਸਿੱਖ ਐਜੂਕੇਸ਼ਨਲ ਸੁਸਾਇਟੀ' ਅਤੇ 'ਫ਼ਿਜੀ ਸਿੱਖ ਐਸੋਸੀਏਸ਼ਨ' ਆਦਿ ਜਿਹੇ ਨਾਮਵਰ ਅਤੇ ਮਹੱਤਵਪੂਰਨ ਸੰਗਠਨ ਵੀ ਸ਼ਾਮਿਲ ਹਨ। ਇੱਥੇ ਸਿੱਖਿਆ ਨੂੰ ਆਪਣੀ ਪ੍ਰਾਥਮਿਕਤਾ ਦਰਸਾਉਂਦਿਆਂ ਇਨ੍ਹਾਂ ਪੰਜਾਬੀਆਂ ਨੇ ਇੱਥੇ ਕਿੰਡਰਗਾਰਟਨ ਸਕੂਲ, ਪ੍ਰਾਇਮਰੀ ਸਿੱਖਿਆ ਪ੍ਰਦਾਨ ਕਰਨ ਵਾਲੇ ਸਕੂਲ, 'ਖ਼ਾਲਸਾ ਹਾਈ ਸਕੂਲ' ਅਤੇ ਇੱਥੋਂ ਤੱਕ ਕਿ ਉੱਚ-ਵਿੱਦਿਆ ਪ੍ਰਦਾਨ ਕਰਨ ਹਿਤ 'ਖ਼ਾਲਸਾ ਕਾਲਜ' ਜਿਹੀਆਂ ਉੱਚ-ਕੋਟੀ ਦੀਆਂ ਵਿਦਿਅਕ ਸੰਸਥਾਵਾਂ ਵੀ ਕਾਇਮ ਕਰ ਦਿੱਤੀਆਂ ਸਨ। ਇੱਥੇ ਸੰਨ 1958 ਵਿੱਚ ਪਹਿਲੇ 'ਖ਼ਾਲਸਾ ਹਾਈ ਸਕੂਲ' ਦੀ ਸਥਾਪਨਾ ਕੀਤੀ ਗਈ ਸੀ, ਤਾਂ ਜੋ ਪੰਜਾਬੀਆਂ ਦੇ ਬੱਚਿਆਂ ਨੂੰ ਪਹਿਲੇ ਦਿਨੋਂ ਹੀ ਗੁਰਮੁਖੀ ਅੱਖਰਾਂ ਵਿੱਚ ਵਿੱਦਿਆ ਦਾਨ ਦਿੱਤਾ ਜਾ ਸਕੇ। ਇਸ ਸਕੂਲ ਵਿਖੇ ਸੰਨ 1972 ਵਿੱਚ 491 ਬੱਚੇ ਪੜ੍ਹਦੇ ਸਨ, ਜਿਨ੍ਹਾਂ ਵਿੱਚੋਂ 124 ਵਿਦਿਆਰਥੀ ਸਿੱਖ ਸਨ। ਇਸਦੇ ਨਾਲ ਹੀ ਆਸ-ਪਾਸ ਦੇ ਇਲਾਕਿਆਂ ਵਿੱਚ 'ਗੁਰੂ ਨਾਨਕ ਖ਼ਾਲਸਾ ਪ੍ਰਾਇਮਰੀ ਸਕੂਲ', 'ਖ਼ਾਲਸਾ ਪ੍ਰਾਇਮਰੀ ਸਕੂਲ ਨਦੌਰੀ' ਆਦਿ ਦੀ ਸਥਾਪਨਾ ਵੀ ਕਰ ਦਿੱਤੀ ਗਈ ਸੀ। ਇੱਥੇ ਵੱਸਦੇ ਸਮੂਹ ਪੰਜਾਬੀ ਆਪਣੀ ਮਾਂ ਬੋਲੀ ਪੰਜਾਬੀ ਨੂੰ ਬੋਲਣ, ਲਿਖਣ ਅਤੇ ਸਾਂਭਣ ਪ੍ਰਤੀ ਜਾਗਰੂਕ ਹਨ ਤੇ ਚੜ੍ਹਦੇ ਪੰਜਾਬ ਦੀ ਪੰਜਾਬੀ ਇੱਥੇ ਖ਼ੂਬ ਬੋਲੀ ਤੇ ਵਰਤੀ ਜਾਂਦੀ ਹੈ। ਇਥੇ ਵੱਸਦੇ ਸਮੂਹ ਪੰਜਾਬੀ ਗੁਰਪੁਰਬਾਂ ਤੋਂ ਇਲਾਵਾ ਦੀਵਾਲੀ ਅਤੇ ਹੋਲੀ ਜਿਹੇ ਭਾਰਤੀ ਤਿਉਹਾਰਾਂ ਨੂੰ ਬੜੇ ਹੀ ਉਤਸ਼ਾਹ ਤੇ ਪ੍ਰੇਮ ਨਾਲ ਮਨਾਉਂਦੇ ਹਨ।

ਫ਼ਿਜੀ ਦੀਆਂ ਨਾਮਵਰ ਪੰਜਾਬੀ ਸ਼ਖ਼ਸੀਅਤਾਂ ਦੀ ਜੇਕਰ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਭਾਈ ਸੰਪੂਰਨ ਸਿੰਘ ਸੰਘਾ ਦਾ ਨਾਂ ਸਾਹਮਣੇ ਆਉਂਦਾ ਹੈ, ਜਿਨ੍ਹਾਂ ਨੂੰ ਕਿ ਇੱਥੋਂ ਦਾ ਪਹਿਲਾ ਸਿੱਖ ਗ੍ਰੰਥੀ ਜਾਂ ਸਿੱਖ ਧਰਮ ਪ੍ਰਚਾਰਕ ਹੋਣ ਦਾ ਮਾਣ ਦਿੱਤਾ ਜਾਂਦਾ ਹੈ। ਸ. ਮਿਹਰ ਸਿੰਘ ਇੱਥੋਂ ਦੀ ਸਭ ਤੋਂ ਪਹਿਲੀ ਗੰਨਾ ਉਤਪਾਦਕ ਯੂਨੀਅਨ ਦੇ ਪ੍ਰਧਾਨ ਸਨ ਤੇ ਉਹ ਇਸ ਅਹੁਦੇ 'ਤੇ ਸੰਨ 1937 ਤੋਂ 1944 ਤੱਕ ਕਾਇਮ ਰਹੇ ਸਨ। ਸ. ਉਜਾਗਰ ਸਿੰਘ ਉਹ ਹਸਤੀ ਸਨ, ਜਿਨ੍ਹਾਂ ਨੇ ਸੰਨ 1968 ਵਿੱਚ ਨਾਸੀਨੂ ਇਲਾਕੇ ਤੋਂ ਵਿਧਾਨ ਪਰਿਸ਼ਦ ਦੀ ਚੋਣ ਜਿੱਤੀ ਸੀ। ਉਨ੍ਹਾਂ ਨੇ ਇਹ ਚੋਣ ਫ਼ਿਜੀ ਦੀ 'ਨੈਸ਼ਨਲ ਫ਼ੈਡਰੇਸ਼ਨ ਪਾਰਟੀ' ਵੱਲੋਂ ਲੜੀ ਸੀ ਤੇ ਉਧਰ ਇਸੇ ਪਾਰਟੀ ਵੱਲੋਂ ਸੰਸਦ ਮੈਂਬਰ ਦੀ ਚੋਣ ਲੜਦਿਆਂ ਸ. ਸਰਵਣ ਸਿੰਘ ਨੇ ਕਾਮਯਾਬੀ ਹਾਸਿਲ ਕੀਤੀ ਸੀ ਤੇ ਉਹ ਸੰਨ 1972 ਤੋਂ 1979 ਤੱਕ ਸੱਤ ਸਾਲ ਲਈ ਉਕਤ ਅਹੁਦੇ 'ਤੇ ਬਿਰਾਜਮਾਨ ਰਹੇ ਸਨ।

ਆਪਣੀ ਜਵਾਨੀ ਵੇਲੇ ਫ਼ੁੱਟਬਾਲ ਦੇ ਉੱਘੇ ਖਿਡਾਰੀ ਰਹੇ ਕੁੰਵਰ ਵਤਨ ਸਿੰਘ ਸੰਨ 1970 ਤੋਂ 1977 ਤੱਕ ਫ਼ਿਜੀ ਦੀ ਸੈਨੇਟ ਦੇ ਮੈਂਬਰ ਰਹੇ ਸਨ। ਫ਼ਿਜੀ ਦੇ ਹੀ 'ਖ਼ਾਲਸਾ ਕਾਲਜ' ਦੇ ਹੋਣਹਾਰ ਵਿਦਿਆਰਥੀ ਰਹੇ ਸ. ਪ੍ਰਦੀਪ ਸਿੰਘ ਨੇ ਬਤੌਰ ਦੇਸੀ ਵੈਦ, ਹਰਬਲ ਦਵਾਈਆਂ ਅਤੇ 'ਆਕਿਊਪੰਕਚਰ ਇਲਾਜ ਵਿਧੀ' ਰਾਹੀਂ ਪ੍ਰੈਕਟਿਸ ਕਰਦਿਆਂ ਚੰਗੀ ਸੋਭਾ ਖੱਟੀ ਸੀ। ਵਰਤਮਾਨ ਸਮੇਂ ਅੰਦਰ ਆਸਟਰੇਲੀਆ ਦੇ ਬ੍ਰਿਸਬੇਨ ਵਿਖੇ ਵੱਸ ਰਹੇ ਸ. ਪ੍ਰਦੀਪ ਸਿੰਘ ਦੀ ਪਿੱਠ ਸੁਣਦੀ ਹੈ ਕਿ ਬਤੌਰ ਵੈਦ ਕੰਮ ਕਰਦਿਆਂ ਉਨ੍ਹਾਂ ਨੇ ਸੈਂਕੜੇ ਲੋੜਵੰਦਾਂ ਦਾ ਮੁਫ਼ਤ ਇਲਾਜ ਵੀ ਕੀਤਾ ਸੀ। ਉਧਰ ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਜ਼ੁਬਾਨਾਂ ਦੇ ਮਾਹਿਰ ਸ. ਜੋਗਿੰਦਰ ਸਿੰਘ ਕੰਵਲ ਨੂੰ ਫ਼ਿਜੀ ਵਿਖੇ ਸਥਿਤ 'ਖ਼ਾਲਸਾ ਕਾਲਜ' ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾਉਣ ਦਾ ਸ਼ਰਫ਼ ਵੀ ਹਾਸਿਲ ਹੋਇਆ ਸੀ। ਉਨ੍ਹਾਂ ਦੀਆਂ ਰਚੀਆਂ 'ਮੇਰਾ ਦੇਸ਼ ਮੇਰੇ ਲੋਕ', 'ਸਵੇਰਾ' ਅਤੇ 'ਧਰਤੀ ਮੇਰੀ ਮਾਂ' ਆਦਿ ਪੁਸਤਕਾਂ ਕਾਫੀ ਪਸੰਦ ਕੀਤੀਆਂ ਗਈਆਂ ਸਨ। ਉਨ੍ਹਾਂ ਨੂੰ 'ਏ ਹੰਡਰਡ ਯੀਅਰਜ਼ ਆਫ਼ ਹਿੰਦੀ ਇਨ ਫ਼ਿਜੀ' ਨਾਮੀ ਚਰਚਿਤ ਪੁਸਤਕ ਰਚਣ ਲਈ ਅੱਜ ਵੀ ਬੜੇ ਆਦਰ ਸਹਿਤ ਯਾਦ ਕੀਤਾ ਜਾਂਦਾ ਹੈ। ਸਿੱਖਿਆ ਸ਼ਾਸਤਰੀ ਸ. ਗੁਰਮੀਤ ਸਿੰਘ ਨੂੰ ਵੀ ਬਤੌਰ ਹਾਈ ਸਕੂਲ ਮੁਖੀ, ਅਧਿਆਪਕ ਸਿਖਲਾਈ ਕਾਲਜ ਦੇ ਮੁਖੀ ਅਤੇ 'ਯੂਨੀਵਰਸਿਟੀ ਆਫ਼ ਸਾਊਥ ਪੈਸੇਫ਼ਿਕ' ਵਿਖੇ ਬਤੌਰ ਲੈਕਚਰਾਰ ਸ਼ਾਨਦਾਰ ਸੇਵਾ ਨਿਭਾਉਣ ਦਾ ਸ਼ਰਫ਼ ਹਾਸਿਲ ਹੋ ਚੁੱਕਾ ਹੈ। ਬਜ਼ੁਰਗ ਸ. ਫ਼ੁੰਮਣ ਸਿੰਘ ਹੁਰਾਂ ਨੂੰ ਜਿੱਥੇ ਪਹਿਲੇ ਵਿਸ਼ਵ ਯੁੱਧ ਵਿੱਚ ਬਤੌਰ ਸੈਨਿਕ ਕੰਮ ਕਰਨ ਦਾ ਮੌਕਾ ਮਿਲਿਆ ਸੀ, ਉੱਥੇ ਹੀ ਸ. ਜੀਵਨ ਸਿੰਘ ਉਹ ਸ਼ਖ਼ਸ ਹਨ, ਜਿਨ੍ਹਾਂ ਨੇ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੌਰਾਨ ਫ਼ਿਜੀ ਦੇ ਪੁਲਿਸ ਵਿਭਾਗ ਵਿੱਚ ਸੇਵਾ ਨਿਭਾਈ ਸੀ ਤੇ ਉਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਲਾਮਿਸਾਲ ਦਲੇਰੀ ਦਾ ਮੁਜ਼ਾਹਰਾ ਕਰਕੇ 'ਡਿਫ਼ੈਂਸ ਮੈਡਲ' ਵੀ ਹਾਸਿਲ ਕੀਤਾ ਸੀ। ਕਿਹਾ ਜਾਂਦਾ ਹੈ ਕਿ ਉਹ ਫ਼ਿਜੀ ਦੇ 'ਸੂਵਾ' ਇਲਾਕੇ ਵਿੱਚ ਸੇਵਾ ਨਿਭਾਉਣ ਵਾਲੇ ਆਖ਼ਰੀ ਪਗੜੀਧਾਰੀ ਪੁਲਿਸ ਅਫ਼ਸਰ ਸਨ।


SAKHI ATTIRE
*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery
*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀੜੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ
Rupi Sidhu
Ph: 630-415-7389
sakhi.attire
rupisidhu30@gmail.com


TASTE OF India
FINE DINING BISTRO
17115 W. Bluemound Rd, Suite D1, Brookfield, WI 53005
We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ
ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ
ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ
ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ
BOLLYWOOD Grill
Restaurant - Bar - Banquet
1038 N. Jackson St, Milwaukee, WI 53202
We Also Provide
Onsite Tandoor Service For Fresh Naan & KABABS and Onsite Fresh DOSA Service.
ਫੋਨ: 262-894-0913
ਜਾਂ 414-588-3325